# ਸਿੱਖ ਇਤਿਹਾਸ

## ਦਸ ਗੁਰੂ ਸਾਹਿਬਾਨ (ਸੰਖੇਪ ਜੀਵਨ)

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਿੱਖ ਧਰਮ ਵਿੱਚ ਦਸ ਗੁਰੂ ਸਾਹਿਬਾਨ ਹੋਏ ਹਨ, ਜਿਨ੍ਹਾਂ ਨੇ ਆਪਣੇ ਜੀਵਨ ਕਾਲ ਦੇ ੨੩੯ ਵਰ੍ਹੇ ਇਲਾਹੀ ਬਾਣੀ ਅਤੇ ਉਪਦੇਸ਼ਾਂ ਰਾਹੀਂ ਲੁਕਾਈ ਨੂੰ ਨਵਾਂ ਮਾਰਗ ਅਤੇ ਰੋਸ਼ਨੀ ਵਿਖਾਈ। ਗੁਰੂ ਸਾਹਿਬਾਨ ਦੁਆਰਾ ਉਚਾਰੀ ਇਹੋ ਬਾਣੀ ਨਿਰੰਕਾਰ ਦਾ ਫ਼ਰਮਾਨ ਹੈ ਅਤੇ ਸਿੱਖ ਦਾ **ਸ਼ਬਦ ਗੁਰੂ** ਹੈ। ਸੰਨ ੧੭੦੮ ਈ: ਵਿੱਚ ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ **ਸ਼ਬਦ-ਗੁਰੂ** ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪ ਕੇ ਪਰਤੱਖ ਕਰ ਦਿੱਤਾ ਕਿ ਦੇਹ ਨਾ ਕਦੇ ਗੁਰੂ ਹੋਈ ਹੈ ਅਤੇ ਨਾ ਹੋਵੇਗੀ। ਇਸ ਲਈ ਸਾਨੂੰ ਦਸਾਂ ਗੁਰੂਆਂ ਨੂੰ ਉਨ੍ਹਾਂ ਦੇ ਨਾਵਾਂ ਕਰਕੇ ਅਲੱਗ-ਅਲੱਗ ਨਾ ਸਮਝ ਕੇ ਇਕੋ ਹੀ ਸਰੂਪ, ਸ਼ਬਦ-ਗੁਰੂ ਸਮਝਣਾ ਚਾਹੀਦਾ ਹੈ।

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੯੬੬)

## ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਦਾ ਅਵਤਾਰ ਸੰਨ ੧੪੬੯ ਈ: ਵਿੱਚ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ, ਪਾਕਿਸਤਾਨ ਵਿਖੇ ਮਹਿਤਾ ਕਲਿਆਣ ਦਾਸ (ਮਹਿਤਾ ਕਾਲੂ) ਜੀ ਤੇ ਮਾਤਾ ਤ੍ਰਿਪਤਾ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੀ ਭੈਣ ਦਾ ਨਾਮ ਬੇਬੇ ਨਾਨਕੀ ਜੀ ਸੀ।

**ਗੁਰੂ ਸਾਹਿਬ ਜੀ ਦੀ ਪੜ੍ਹਾਈ ਲਿਖਾਈ**- ਆਪ ਜੀ ਨੂੰ ਛੋਟੀ ਉਮਰੇ ਹੀ ਪਿਤਾ ਜੀ ਨੇ ਗੋਪਾਲ ਦਾਸ ਪਾਂਧੇ ਕੋਲ ਦੇਵਨਾਗਰੀ ਸਿੱਖਣ ਲਈ ਪੜ੍ਹਨੇ ਪਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਪੱਟੀ ਉੱਤੇ ਅਜਿਹਾ ਆਤਮ ਗਿਆਨ ਲਿਖਿਆ ਕਿ ਪਾਂਧਾ ਉਨ੍ਹਾਂ ਦੀ ਦਿੱਬ-ਦ੍ਰਿਸ਼ਟੀ ਵੇਖ ਉਨ੍ਹਾਂ ਦੇ ਚਰਨਾਂ 'ਤੇ ਡਿੱਗ ਪਿਆ ਅਤੇ ਮਹਿਤਾ ਕਾਲੂ ਜੀ ਨੂੰ ਆਖਣ ਲੱਗਾ ਕਿ ਮੈਂ ਇਨ੍ਹਾਂ ਨੂੰ ਨਹੀਂ ਪੜ੍ਹਾ ਸਕਦਾ। ਇਹ ਤਾਂ ਧੁਰੋਂ ਹੀ ਗਿਆਨ ਲੈ ਕੇ ਆਏ ਹਨ। ਕੁਝ ਚਿਰ ਮਗਰੋਂ ਪਿਤਾ ਜੀ ਨੇ ਆਪ ਜੀ ਨੂੰ ਸੰਸਕ੍ਰਿਤ ਪੜ੍ਹਨ ਲਈ ਪੰਡਤ ਬ੍ਰਿਜ ਲਾਲ ਕੋਲ ਭੇਜਿਆ। ਉਸ ਨੂੰ ਵੀ ਗੁਰੂ ਜੀ ਨੇ ਸੰਸਕ੍ਰਿਤ ਭਾਸ਼ਾ ਵਿੱਚ ਪ੍ਰਭੂ ਦਾ ਇਲਾਹੀ ਗਿਆਨ ਦਿੱਤਾ। ਪੰਡਤ ਜੀ ਦਾ ਕਥਨ ਵੀ ਇਹ ਸੀ ਕਿ ਮੈਂ ਇਨ੍ਹਾਂ ਨੂੰ ਨਹੀਂ ਪੜ੍ਹਾ ਸਕਦਾ, ਇਹ ਤਾਂ ਧੁਰੋਂ ਹੀ ਪੜ੍ਹ ਕੇ ਆਏ ਹਨ। ਉਪਰੰਤ ਪਿਤਾ ਜੀ ਨੇ ਆਪ ਜੀ ਨੂੰ ਮੌਲਵੀ ਕੁਤਬਦੀਨ ਪਾਸ ਫ਼ਾਰਸੀ ਪੜ੍ਹਨ ਪਾਇਆ। ਬਾਲਕ ਗੁਰੂ ਜੀ ਨੇ ਉਸ ਨੂੰ ਵੀ ਉਸ ਦੀ ਭਾਸ਼ਾ ਵਿੱਚ ਹੀ ਪ੍ਰਭੂ ਦਾ ਅਜਿਹਾ ਗਿਆਨ ਬਖਸ਼ਿਆ ਕਿ ਉਹ ਅਸ਼-ਅਸ਼ ਕਰ ਉੱਠਿਆ ਅਤੇ ਕਹਿਣ ਲੱਗਾ ਕਿ ਇਹ ਤਾਂ ਅੱਲਾ ਦਾ ਨੂਰ ਹੈ ਤੇ ਮੈਂ ਇਨ੍ਹਾਂ ਨੂੰ ਕਿਵੇਂ ਪੜ੍ਹਾ ਸਕਦਾ ਹਾਂ। ਇਸ ਤੋਂ ਬਾਅਦ ਗੁਰੂ ਸਾਹਿਬ ਮਦਰੱਸੇ (ਸਕੂਲ) ਜਾਣ ਤੋਂ ਵੀ ਹੱਟ ਗਏ।

**ਮੱਝਾਂ ਚਾਰਨੀਆਂ**- ਮਹਿਤਾ ਕਾਲੂ ਜੀ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਵਿਹਲਾ ਫਿਰਦਾ ਰਹੇ। ਇਸ ਲਈ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਮੱਝਾਂ ਚਾਰਨ ਲਈ ਭੇਜਿਆ। ਗੁਰੂ ਸਾਹਿਬ ਸਮਾਧੀ ਲਾ, ਅਕਾਲ ਪੁਰਖ ਵਿੱਚ ਅੰਤਰ-ਆਤਮੇ ਲੀਨ ਹੋ ਗਏ ਤੇ ਮੱਝਾਂ ਸਾਰਾ ਖੇਤ ਚਰ ਗਈਆਂ। ਖੇਤ ਦੇ ਮਾਲਕ ਦੇ ਸ਼ਿਕਾਇਤ ਕਰਨ 'ਤੇ ਨਵਾਬ ਰਾਇ ਬੁਲਾਰ ਨੇ ਜਦੋਂ ਪੜਤਾਲ ਕੀਤੀ ਤਾਂ ਫ਼ਸਲ ਪਹਿਲਾਂ ਨਾਲੋਂ ਵੀ ਹਰੀ ਭਰੀ ਨਜ਼ਰ ਆਈ। ਇਹ ਕੌਤਕ ਦੇਖ ਕੇ ਨਵਾਬ ਰਾਇ ਬੁਲਾਰ ਗੁਰੂ ਸਾਹਿਬ ਦਾ ਸ਼ਰਧਾਲੂ ਹੋ ਗਿਆ।

**ਸੱਪ ਦੁਆਰਾ ਛਾਂ ਕਰਨੀ**- ਇੱਕ ਦਿਨ ਗੁਰੂ ਜੀ ਮੱਝਾਂ ਚਾਰਦੇ-ਚਾਰਦੇ ਇੱਕ ਦਰੱਖ਼ਤ ਦੀ ਛਾਂਵੇਂ ਸੌਂ ਗਏ। ਸੂਰਜ ਦੇ ਫੇਰ ਨਾਲ ਗੁਰੂ ਜੀ ਦੇ ਚਿਹਰੇ 'ਤੇ ਧੁੱਪ ਆ ਗਈ। ਇਕ ਫਨੀਅਰ ਸੱਪ ਨੇ ਆ ਕੇ ਆਪਣੀ ਫੰਨ੍ਹ ਖਲਾਰ ਕੇ ਗੁਰੂ ਜੀ ਦੇ ਮੁੱਖ 'ਤੇ ਛਾਂ ਕਰ ਦਿੱਤੀ। ਉਸ ਸਮੇਂ ਤਲਵੰਡੀ ਦਾ ਹਾਕਮ ਰਾਇ ਬੁਲਾਰ ਓਧਰੋਂ ਦੀ ਲੰਘ ਰਿਹਾ ਸੀ, ਇਹ ਕੌਤਕ ਦੇਖ ਕੇ ਉਹ ਗੁਰੂ ਜੀ ਨੂੰ ਖ਼ੁਦਾ ਦਾ ਰੂਪ ਸਮਝਣ ਲੱਗ ਪਿਆ।

**ਖਰਾ (ਸੱਚਾ) ਸੌਦਾ**- ਮਹਿਤਾ ਕਾਲੂ ਜੀ ਨੂੰ ਅਜੇ ਵੀ ਵਿਸ਼ਵਾਸ਼ ਨਹੀਂ ਸੀ ਹੋਇਆ ਕਿ ਉਨ੍ਹਾਂ ਦਾ ਲੜਕਾ ਇਲਾਹੀ ਨੂਰ ਹੈ, ਉਹ ਦੁਨਿਆਵੀ ਅੱਖਾਂ ਨਾਲ ਇਹੋ ਸਮਝਦੇ ਰਹੇ ਕਿ ਇਹ ਨਾ ਪੜ੍ਹ ਰਿਹਾ ਹੈ ਤੇ ਨਾ ਹੀ ਕੋਈ ਚੰਗਾ ਕਮਾਈ ਵਾਲਾ ਕੰਮ ਕਰ ਰਿਹਾ ਹੈ, ਜੇ ਮੱਝਾਂ ਚਾਰਨ ਭੇਜਿਆ ਤਾਂ ਖੇਤ ਉਜਾੜ ਆਇਆ ਹੈ, ਉਨ੍ਹਾਂ ਸੋਚਿਆ ਇਸ ਨੂੰ ਵਪਾਰ ਕਰਨ ਵਿੱਚ ਪਾ ਦਈਏ ਤਾਂ ਜੋ ਇਹ ਕੋਈ ਨਾ ਕੋਈ ਰਿਜ਼ਕ ਕਮਾਉਣ ਦਾ ਕੰਮ ਕਰ ਸਕੇ ਅਤੇ ਆਪਣੇ ਪੈਰਾਂ ਤੇ ਖੜਾ ਹੋ ਜਾਏ।

ਇਹ ਸੋਚ ਕੇ ਇਕ ਦਿਨ ਮਹਿਤਾ ਕਾਲੂ ਜੀ ਨੇ ਗੁਰੂ ਸਾਹਿਬ ਨੂੰ ਵੀਹ ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ। ਗੁਰੂ ਸਾਹਿਬ ਨੂੰ ਚੂਹੜਕਾਣੇ (ਪਾਕਿਸਤਾਨ) ਪਾਸ ਇੱਕ ਜੰਗਲ ਵਿੱਚ ਭੁੱਖੇ ਵਿਦਵਾਨ ਸਾਧੂਆਂ ਦੀ ਇੱਕ ਟੋਲੀ ਮਿਲੀ, ਜਿਨ੍ਹਾਂ ਨੇ ਕਈ ਦਿਨਾਂ ਤੋਂ ਕੁਝ ਨਹੀਂ ਸੀ ਛਕਿਆ। ਗੁਰੂ ਸਾਹਿਬ ਨੇ ਵੀਹ ਰੁਪਿਆਂ ਦੀ ਰਸਦ ਖਰੀਦ ਕੇ ਭੁੱਖੇ ਸਾਧੂਆਂ ਨੂੰ ਲੰਗਰ ਛਕਾਇਆ ਅਤੇ ਬਾਕੀ ਦੀ ਰਸਦ ਉਨ੍ਹਾਂ ਦੀ ਝੁੱਗੀ ਵਿੱਚ ਰੱਖ ਦਿੱਤੀ ਤਾਂ ਜੋ ਉਹ ਬਗੈਰ ਭੁੱਖ ਦੀ ਚਿੰਤਾ ਦੇ ਪ੍ਰਭੂ ਵਿੱਚ ਲੀਨ ਹੋਣ ਲਈ ਉਸ ਦੀ ਭਗਤੀ ਕਰਦੇ ਰਹਿਣ। ਇਸ ਤਰ੍ਹਾਂ ਗੁਰੂ ਜੀ ਨੇ ਲੰਗਰ ਦੀ ਮਰਯਾਦਾ ਕਾਇਮ ਕੀਤੀ। ਇਸ ਪਰੰਪਰਾ ਨੂੰ ਨਿਭਾਉਂਦੇ ਹੋਏ ਸਿੱਖ ਜਗਤ ਵਿੱਚ ਅੱਜ ਤਕ ਅਮੀਰ-ਗ਼ਰੀਬ, ਉਚ-ਨੀਚ, ਨਾਸਤਿਕ-ਆਸਤਿਕ, ਇਸਤਰੀ-ਪੁਰਸ਼, ਧਰਮ-ਮਜ਼ੵਬ ਤੋਂ ਰਹਿਤ, ਬਗ਼ੈਰ ਕਿਸੇ ਵਿਤਕਰੇ ਦੇ, ਸਾਰਿਆਂ ਨੂੰ ਗੁਰਦੁਵਾਰਿਆਂ ਵਿੱਚ ਇੱਕ ਬਰਾਬਰ, ਥੱਲੇ ਬਿਠਾ ਕੇ ਲੰਗਰ (ਮੁਫ਼ਤ ਖਾਣਾ) ਛਕਾਇਆ ਜਾਂਦਾ ਹੈ।

**ਮੋਦੀ ਖਾਨੇ ਦੀ ਨੌਕਰੀ**- ਕੁਝ ਦਿਨਾਂ ਬਾਅਦ ਭੈਣ ਬੇਬੇ ਨਾਨਕੀ ਦਾ ਪਤੀ ਦੀਵਾਨ ਜੈ ਰਾਮ ਤਲਵੰਡੀ ਆਇਆ। ਰਾਇ ਬੁਲਾਰ ਨੇ ਸੁਲਤਾਨ ਲੋਧੀ ਦੇ ਨਵਾਬ ਵੱਲ ਭਾਈ ਜੈ ਰਾਮ ਜੀ ਦੇ ਹੱਥ ਗੁਰੂ ਜੀ ਨੂੰ ਨੌਕਰੀ ਦੇਣ ਬਾਰੇ ਇਕ ਚਿੱਠੀ ਦੇ ਕੇ ਗੁਰੂ ਨਾਨਕ ਦੇਵ ਜੀ ਨੂੰ ਉਸ ਨਾਲ ਭੇਜ ਦਿੱਤਾ। ਰਾਇ ਬੁਲਾਰ ਦੀ ਚਿੱਠੀ ਦੇਖ ਕੇ ਹਾਕਮ ਦੌਲਤ ਖਾਂ ਲੋਧੀ ਨੇ ਗੁਰੂ ਜੀ ਨੂੰ ਆਪਣੇ ਮੋਦੀ ਖਾਨੇ ਦਾ ਕਾਰਦਾਰ ਬਣਾ ਦਿੱਤਾ। ਇੱਥੇ ਆਪ ਜੀ ਨੇ ਇਸ ਕਾਰਜ ਨੂੰ ਬੜੀ ਯੋਗਤਾ, ਇਮਾਨਦਾਰੀ ਅਤੇ ਲਗਨ ਨਾਲ ਨਿਭਾਇਆ। ਰੋਜ਼ਾਨਾ ਗੁਰੂ ਸਾਹਿਬ ਜੀ ਦੇ ਹੁਕਮ ਵਿੱਚ ਮੋਦੀਖਾਨੇ ਦੇ ਨੌਕਰ ਸੌਦਾ ਤੋਲ ਕੇ ਸਭ ਨੂੰ ਦੇਂਦੇ। ਇਕ ਦਿਨ ਗੁਰੂ ਜੀ ਪ੍ਰਭੂ ਦੇ ਹੁਕਮ ਵਿੱਚ ਆਪ ਸੌਦਾ ਤੋਲ ਕੇ ਦੇਣ ਲੱਗ ਪਏ ਤੇ ਪ੍ਰਭੂ ਦੀ ਯਾਦ ਵਿੱਚ ਸੌਦਾ ਤੋਲਦੇ-ਤੋਲਦੇ ਗੁਰੂ ਸਾਹਿਬ ੧੩ ਦੀ ਗਿਣਤੀ ’ਤੇ ਪਹੁੰਚ ਕੇ ਤੇਰਾ-ਤੇਰਾ ਕਰਦੇ ਹੋਏ ਪਰਮਾਤਮਾ ਵਿੱਚ ਲੀਨ ਹੋ ਗਏ ਅਤੇ ਸਾਰੇ ਸ਼ਹਿਰ ਦੇ ਗ਼ਰੀਬਾਂ ਦੀਆਂ ਝੋਲੀਆਂ ਰਸਦ ਨਾਲ ਭਰ ਦਿੱਤੀਆਂ। ਕਈ ਈਰਖਾਲੂਆਂ ਨੇ ਨਵਾਬ ਪਾਸ ਜਾ ਸ਼ਿਕਾਇਤਾਂ ਲਾਈਆਂ ਕਿ ਨਾਨਕ ਤਾਂ ਮੋਦੀ ਖਾਨਾ ਲੁਟਾਈ ਜਾਂਦਾ ਹੈ। ਨਵਾਬ ਨੇ ਗੁੱਸੇ ਹੋ ਕੇ ਜਦੋਂ ਮੋਦੀ ਖਾਨੇ ਦੀ ਤਲਾਸ਼ੀ ਕਰਾਈ ਤਾਂ ਗੁਰੂ ਸਾਹਿਬ ਦਾ ਸੱਤ ਸੌ ਰੁਪਿਆ ਨਵਾਬ ਕੋਲੋਂ ਲੈਣਾ ਨਿਕਲਿਆ। ਇਹ ਵੇਖ ਕੇ ਨਵਾਬ ਬਹੁਤ ਹੀ ਸ਼ਰਮਿੰਦਾ ਹੋਇਆ ਅਤੇ ਗੁਰੂ ਸਾਹਿਬ ਦਾ ਸ਼ਰਧਾਲੂ ਹੋ ਗਿਆ।

**ਗੁਰੂ ਸਾਹਿਬ ਜੀ ਦਾ ਵਿਆਹ**- ਸੁਲਤਾਨਪੁਰ ਰਹਿਣ ਸਮੇਂ ਗੁਰੂ ਜੀ ਦਾ ਵਿਆਹ ਬਟਾਲੇ ਨਿਵਾਸੀ ਪੱਖੋਕੇ ਰੰਧਾਵੇ ਸ੍ਰੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਇਆ ਜਿਨ੍ਹਾਂ ਦੀ ਕੁੱਖੋਂ ਸੰਨ ੧੪੯੪ ਈ: ਵਿੱਚ ਬਾਬਾ ਸ੍ਰੀ ਚੰਦ ਜੀ ਅਤੇ ੧੪੯੭ ਈ: ਵਿੱਚ ਬਾਬਾ ਲਖਮੀ ਦਾਸ ਜੀ ਪੈਦਾ ਹੋਏ।

**ਕੰਧ ਵਾਲੀ ਸਾਖੀ**- ਜਦੋਂ ਗੁਰੂ ਸਾਹਿਬ ਜੀ ਦੇ ਮਾਤਾ-ਪਿਤਾ ਉਨ੍ਹਾਂ ਦੀ ਬਰਾਤ ਲੈ ਕੇ ਬਟਾਲੇ ਢੁਕੇ ਤਾਂ ਕਿਸੇ ਨੇ ਗੁਰੂ ਜੀ ਦੇ ਸਹੁਰਾ ਪਰਿਵਾਰ ਨੂੰ ਦੱਸਿਆ ਕਿ ਨਾਨਕ ਤਾਂ ਬੈਰਾਗੀ ਸੁਭਾਅ ਦਾ ਮਾਲਕ ਹੋਣ ਕਰਕੇ ਨਿਖੱਟੂ ਹੈ ਤੇ ਕੋਈ ਕੰਮ-ਕਾਰ ਨਹੀਂ ਕਰਦਾ। ਇਹ ਤਾਂ ਵਿਆਹ ਤੋਂ ਬਾਅਦ ਤੁਹਾਡੀ ਲੜਕੀ ਨੂੰ ਭੁੱਖਿਆਂ ਮਾਰ ਦੇਵੇਗਾ। ਗੁਰੂ ਜੀ ਦੇ ਸਹੁਰਾ ਪਰਿਵਾਰ ਨੇ ਇਸ ਬਾਰੇ ਬ੍ਰਾਹਮਣ ਨਾਲ ਸਾਲਾਹ ਕੀਤੀ ਤਾਂ ਚਲਾਕ ਬ੍ਰਾਹਮਣ ਨੇ ਕਿਹਾ ਕਿ ਹੁਣ ਤਾਂ ਬਰਾਤ ਆ ਚੁੱਕੀ ਹੈ ਤੇ ਵਾਪਸ ਨਹੀਂ ਮੋੜੀ ਜਾ ਸਕਦੀ, ਇਸ ਲਈ ਅਜਿਹਾ ਕੰਮ ਕਰਦੇ ਹਾਂ ਕਿ ਹਿੰਙ ਨਾ ਲੱਗੇ ਫਰਕੜੀ ਰੰਗ ਚੋਖਾ ਆਵੇ। ਅਸੀਂ ਗੁਰੂ ਨਾਨਕ ਨੂੰ ਉਸ ਕੰਧ ਦੇ ਹੇਠਾਂ ਬਿਠਾ ਦੇਂਦੇ ਹਾਂ ਜੋ ਡਿੱਗਣ ਵਾਲੀ ਹੈ ਤੇ ਕਿਸੇ ਕੋਲੋਂ ਹੌਲੀ ਜਿਹੇ ਧੱਕਾ ਦਿਵਾ ਕੇ ਉਸ ਕੰਧ ਨੂੰ ਗੁਰੂ ਨਾਨਕ ਉੱਪਰ ਡੇਗ ਦਿਆਂਗੇ ਤੇ ਉਹ ਇਸ ਕੰਧ ਥੱਲੇ ਆ ਕੇ ਮਰ ਜਾਏਗਾ। ਇਸ ਤਰ੍ਹਾਂ ਸੱਪ ਵੀ ਮਰ ਜਾਏਗਾ ਤੇ ਲਾਠੀ ਵੀ ਨਹੀਂ ਟੁੱਟੇਗੀ।

ਉਨ੍ਹਾਂ ਇਵੇਂ ਹੀ ਕੀਤਾ, ਪਰ ਉਸੇ ਸਮੇਂ ਗੁਰੂ ਜੀ ਦੇ ਕਿਸੇ ਸ਼ਰਧਾਲੂ ਨੇ ਆ ਕੇ ਗੁਰੂ ਜੀ ਨੂੰ ਦੱਸਿਆ ਕਿ ਇਹ ਕੰਧ ਡਿੱਗਣ ਵਾਲੀ ਹੈ, ਇਸ ਲਈ ਇੱਥੋਂ ਉੱਠ ਜਾਉ। ਗੁਰੂ ਜੀ ਨੇ ਇਲਾਹੀ ਰੰਗ ਵਿੱਚ ਮੁਸਕਰਾਉਂਦਿਆਂ ਹੋਇਆਂ ਕਿਹਾ, “ਇਹ ਕੰਧ ਨਹੀਂ ਢਹਿਣ ਵਾਲੀ, ਇਹ ਕੰਧ ਹੈ ਸੈਂਕੜੇ ਸਾਲ ਰਹਿਣ ਵਾਲੀ”। ਸੋ ਉਹ ਆਪਣੀ ਬਦਨੀਤੀ ਵਿੱਚ ਸਫ਼ਲ ਨਾ ਹੋ ਸਕੇ ਤੇ ਗੁਰੂ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋ ਗਿਆ। ਗੁਰੂ ਜੀ ਇਨ੍ਹਾਂ ਬਚਨਾਂ ਅਨੁਸਾਰ ਉਹ ਕੰਧ ਬਟਾਲੇ ਵਿਖੇ ਅੱਜ ਵੀ ਜਿਉਂ ਦੀ ਤਿਉਂ ਖੜੀ ਹੈ।

**ਵੇਈਂ ਨਦੀ ਵਿੱਚ ਅਲੋਪ ਹੋਣਾ**- ਗੁਰੂ ਸਾਹਿਬ ਜੀ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਜਾਇਆ ਕਰਦੇ ਸਨ। ਇੱਕ ਦਿਨ ਗੁਰੂ ਸਾਹਿਬ ਜੀ ਨੇ ਭਾਈ ਮਰਦਾਨਾ ਜੀ ਨੂੰ ਕੱਪੜੇ ਫੜਾ ਕੇ ਵੇਈਂ ਨਦੀਂ ਵਿੱਚ ਚੁੱਭੀ ਮਾਰੀ ਤੇ ਡੂੰਘੇ ਪਾਣੀ ਵਿੱਚ ਆਲਪ ਹੋ ਗਏ। ਕੁਝ ਸਮੇ ਤੱਕ ਜਦੋਂ ਗੁਰੂ ਜੀ ਬਾਹਰ ਨਾ ਨਿਕਲੇ ਤਾਂ ਭਾਈ ਮਰਦਾਨਾ ਜੀ ਨੇ ਰੌਲਾ ਪਾ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਡੁੱਬ ਗਏ ਹਨ। ਨਵਾਬ ਨੇ ਲੱਭਣ ਵਾਸਤੇ ਫੌਜਾਂ ਚਾੜ੍ਹ ਦਿੱਤੀਆਂ। ਫ਼ੌਜਾਂ ਨੇ ਜੰਗਲ ਅਤੇ ਨਦੀ ਦੀ ਪੂਰੀ ਛਾਣ ਬੀਣ ਕੀਤੀ ਪਰ ਕੁਝ ਪਤਾ ਨਾ ਚੱਲਿਆ। ਸਾਰੇ ਸ਼ਹਿਰ ਵਿੱਚ ਸੋਗ ਪੈ ਗਿਆ। ਪਰ ਬੇਬੇ ਨਾਨਕੀ ਜੀ ਨੂੰ ਵਿਸ਼ਵਾਸ ਸੀ ਕਿ ਮੇਰਾ ਵੀਰ ਇਲਾਹੀ ਰੂਪ ਹੈ, ਜੋ ਡੁੱਬਦਿਆਂ ਨੂੰ ਤਾਰਨ ਆਇਆ ਹੈ, ਉਹ ਖੁਦ ਕਿਵੇਂ ਡੁੱਬ ਸਕਦਾ ਹੈ, ਇਹ ਉਨ੍ਹਾਂ ਦਾ ਕੋਈ ਇਲਾਹੀ ਕੌਤਕ ਹੈ।

ਇੱਧਰ ਗੁਰੂ ਸਾਹਿਬ ਨੇ ਇਲਾਹੀ ਮੌਜ ਵਿੱਚ ਆਪਣੇ ਸਰੀਰ ਦੇ ਪੰਜ ਤੱਤਾਂ ਨੂੰ ਪ੍ਰਕਿਰਤੀ ਦੇ ਤੱਤਾਂ ਨਾਲ ਮਿਲਾ ਦਿੱਤਾ ਅਤੇ ਉਹਨਾਂ ਦਾ ਆਤਮਦੇਵ ਸਰਬ-ਵਿਆਪੀ ਪਰਮਾਤਮਦੇਵ ਵਿੱਚ ਲੀਨ ਹੋ ਗਿਆ। ਭਾਈ ਮਰਦਾਨਾ ਜੀ ਉਸ ਜਗ੍ਹਾ ਨਦੀ ਦੇ ਕਿਨਾਰੇ ਆਪਣੇ ਪਿਆਰੇ ਦੀ ਯਾਦ ਵਿੱਚ ਉਨ੍ਹਾਂ ਦੀ ਗੁਰਬਾਣੀ ਦਾ ਕੀਰਤਨ ਕਰਨ ਲੱਗ ਪਏ। ਗੁਰੂ ਸਾਹਿਬ ਤਿੰਨ ਦਿਨ ਬਾਅਦ ਆਪਣੀ ਮੌਜ ਵਿੱਚ ਹੀ ਪੰਜ ਤੱਤਾਂ ਦਾ ਸਰੀਰ ਧਾਰ ਕੇ ਲੁਕਾਈ ਸਾਹਮਣੇ ਪ੍ਰਗਟ ਹੋਏ।

ਇਸੇ ਸਮੇਂ ਹੀ ਗੁਰੂ ਸਾਹਿਬ ਨੇ ਮੂਲ ਮੰਤਰ ਉਚਾਰਨ ਕੀਤਾ ਅਤੇ ਨਾਅਰਾ ਲਾਇਆ 'ਨਾ ਕੋਈ ਹਿੰਦੂ, ਨਾ ਮੁਸਲਮਾਨ, ਅੱਲਾ ਰਾਮ ਕੇ ਪਿੰਡ ਪਰਾਨ'। ਗੁਰੂ ਜੀ ਦੇ ਅਜਿਹੇ ਇਲਾਹੀ ਕੌਤਕ ਦੇਖ ਕੇ ਸਾਰੀ ਲੁਕਾਈ ਉਨ੍ਹਾਂ ਨੂੰ ਰੱਬ ਦਾ ਰੂਪ ਜਾਣਦੀ ਹੋਈ ਉਨ੍ਹਾ ਦੀ ਸ਼ਰਧਾਲੂ ਬਣ ਗਈ ਅਤੇ ਗੁਰੂ ਸਾਹਿਬ ਦੇ ਚਰਨਾਂ ’ਤੇ ਮੱਥਾ ਟੇਕਿਆ।

**ਸੱਚੀ ਨਮਾਜ**- ਗੁਰੂ ਜੀ ਦੁਆਰਾ ਇਹ ਨਾਅਰਾ ਲਾਉਣ ’ਤੇ ਕਿ ‘ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ’ ਸ਼ਹਿਰ ਦਾ ਕਾਜੀ ਤੇ ਕੱਟੜ ਮੁਸਲਮਾਨ ਗੁਰੂ ਜੀ ਨਾਲ ਈਰਖਾ ਕਰਦੇ ਹੋਏ, ਨਵਾਬ ਦੌਲਤ ਖਾਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਜੀ ਨੂੰ ਆਖਣ ਲੱਗੇ ਕਿ ਜੇ ਤੁਸੀਂ ਹਿੰਦੂ ਅਤੇ ਮੁਸਲਮਾਨ ਵਿੱਚ ਕੋਈ ਫਰਕ ਨਹੀਂ ਸਮਝਦੇ ਤਾਂ ਸਾਡੇ ਨਾਲ ਮਸੀਤ ਵਿੱਚ ਜਾ ਕੇ ਨਮਾਜ ਪੜ੍ਹੋ। ਗੁਰੂ ਸਾਹਿਬ ਜੀ ਚਲੇ ਗਏ, ਪਰ ਉਨ੍ਹਾਂ ਨੇ ਨਮਾਜ਼ ਨਾ ਪੜੀ। ਨਵਾਬ ਵੱਲੋਂ ਪੁੱਛਣ ’ਤੇ ਕਿ ਤੁਸੀਂ ਨਿਮਾਜ ਕਿਉਂ ਨਹੀਂ ਪੜੀ? ਗੁਰੂ ਸਾਹਿਬ ਜੀ ਨੇ ਫਰਮਾਇਆ ਕਿ ਨਵਾਬ ਸਾਹਿਬ ਜੀ ਨਮਾਜ ਤਾਂ ਤੁਸੀਂ ਵੀ ਨਹੀਂ ਪੜ੍ਹੀ, ਨਮਾਜ ਪੜ੍ਹਨ ਸਮੇਂ ਤੁਹਾਡਾ ਧਿਆਨ ਤਾਂ ਕਾਬਲ ਵਿੱਚ ਵਧੀਆ ਨਸਲ ਦੇ ਘੋੜੇ ਖਰੀਦਣ ਦੇ ਆਹਰ ਵਿੱਚ ਲੱਗਾ ਹੋਇਆ ਸੀ। ਇਹ ਸੁਣ ਕੇ ਨਵਾਬ ਹੈਰਾਨ ਹੋ ਗਿਆ, ਕਿਉਂਕਿ ਨਮਾਜ ਸਮੇਂ ਵਾਕੇ ਹੀ ਉਸ ਦਾ ਮਨ ਕਾਬਲ ਵਿੱਚ ਜਾ ਕੇ ਵਧੀਆ ਨਸਲ ਦੇ ਘੋੜੇ ਖਰੀਦਣ ਦੇ ਫਿਕਰ ਵਿੱਚ ਪਿਆ ਹੋਇਆ ਸੀ। ਨਵਾਬ ਦੇ ਇਹ ਕਹਿਣ ’ਤੇ ਕਿ ਜੇ ਮੈਂ ਨਮਾਜ ਵਿੱਚ ਹਾਜ਼ਰ ਨਹੀਂ ਸੀ ਤਾਂ ਤੁਸੀਂ ਕਾਜੀ ਜੀ ਨਾਲ ਨਮਾਜ ਪੜ੍ਹ ਲੈਂਦੇ, ਗੁਰੂ ਸਾਹਿਬ ਜੀ ਨੇ ਫਰਮਾਇਆ ਕਿ ਇਸ ਦੀ ਸੁਰਤਿ ਤਾਂ ਆਪ ਉਸ ਸਮੇਂ ਘਰੇ ਪਹੁੰਚੀ ਹੋਈ ਸੀ ਕਿ ਕਿਤੇ ਨਵਾਂ ਜੰਮਿਆ ਵਿਛੇਰਾ ਘਰ ਵਿਚਲੀ ਖੂਹੀ ਵਿੱਚ ਹੀ ਨਾ ਡਿਗ ਪਵੇ। ਕਾਜੀ ਵੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਸ਼ਰਮਿੰਦਾ ਹੋ ਗਿਆ, ਕਿਉਂਕਿ ਵਾਕੇ ਹੀ ਉਸ ਦਾ ਧਿਆਨ ਉਸ ਸਮੇਂ ਵਿਛੇਰੀ ਦੀ ਚਿੰਤਾ ਵਿੱਚ ਘਿਰਿਆ ਹੋਇਆ ਸੀ ਕਿ ਕਿਤੇ ਉਹ ਖੂਹੀ ਵਿੱਚ ਨਾ ਡਿੱਗ ਪਵੇ। ਗੁਰੂ ਜੀ ਦੇ ਇਹ ਬਚਨ ਸੁਣ ਕੇ ਸਭ ਨੂੰ ਗੁਰੂ ਜੀ ਦੀ ਇਲਾਹੀ ਸਮਰਥਾ ਦੀ ਸਮਝ ਪੈ ਗਈ ਅਤੇ ਉਨ੍ਹਾਂ ਨੇ ਗੁਰੂ ਜੀ ਕੋਲੋਂ ਰੱਬ ਦੀ ਸੱਚੀ ਇਬਾਦਤ ਕਰਨ ਦਾ ਸਬਕ ਸਿੱਖਦਿਆਂ ਹੋਇਆਂ ਉਨ੍ਹਾਂ ਅੱਗੇ ਸੀਸ ਝੁਕਾਇਆ।

ਗੁਰੂ ਸਾਹਿਬ ਜੀ ਨੇ ਸੱਚ ਧਰਮ ਦਾ ਪ੍ਰਚਾਰ ਕਰਨ ਲਈ ਲੰਮੀਆਂ ਉਦਾਸੀਆਂ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਦਾ ਦੌਰਾ ਕੀਤਾ। ਉਹ ਸੁਲਤਾਨਪੁਰ ਤੋਂ ਚੱਲ ਕੇ ਲੋਕਾਂ ਨੂੰ ਰਾਹੇ ਪਾਉਂਦੇ ਹੋਏ ਐਮਨਾਬਾਦ ਸ਼ਹਿਰ ਵਿੱਚ ਪਹੁੰਚੇ। ਉਥੇ ਗੁਰੂ ਜੀ ਨੇ ਇੱਕ ਪ੍ਰਭੂ ਦੇ ਪਿਆਰੇ ਗ਼ਰੀਬ ਤਰਖਾਣ ਭਾਈ ਲਾਲੋ ਜੀ ਦੇ ਘਰ ਜਾ ਡੇਰਾ ਕੀਤਾ ਤੇ ਉੱਥੋਂ ਹੀ ਰੁੱਖਾ-ਮਿੱਸਾ ਪ੍ਰਸ਼ਾਦਾ ਪਾਣੀ ਛਕਦੇ ਰਹੇ। ਐਮਨਾਬਾਦ ਵਿੱਚ ਹੀ ਮਲਕ ਭਾਗੋ ਨਾਂ ਦਾ ਇੱਕ ਅਮੀਰ ਹੁਕਮਰਾਨ ਰਹਿੰਦਾ ਸੀ। ਉਹ ਬੜਾ ਪਾਪੀ, ਹੰਕਾਰੀ ਤੇ ਬੇਈਮਾਨ ਸੀ। ਪਰ ਲੋਕਾਂ ਸਾਹਮਣੇ ਧਰਮੀ ਬਣਨ ਲਈ ਉਹ ਹਰ ਸਾਲ ਆਪਣੇ ਘਰ ਸਾਧੂ-ਸੰਤਾਂ ਨੂੰ ਸੱਦ ਕੇ ਬ੍ਰਹਮ-ਭੋਜ (ਜੱਗ ਜਾਂ ਭੰਡਾਰਾ) ਕਰਵਾਇਆ ਕਰਦਾ ਸੀ।

ਮਲਕ ਭਾਗੋ ਨੇ ਉਹਨਾਂ ਦਿਨਾਂ ਵਿੱਚ ਵੀ ਆਪਣੇ ਘਰ ‘ਬ੍ਰਹਮ-ਭੋਜ’ ਕੀਤਾ ਤੇ ਇਲਾਕੇ ਦੇ ਸਭ ਬ੍ਰਾਹਮਣਾ, ਸਾਧੂ ਤੇ ਸੰਤਾਂ ਨੂੰ ਆਪਣੇ ਘਰ ਸੱਦ ਕੇ ਭੋਜਨ ਛਕਾਇਆ। ਉਸ ਨੇ ਗੁਰੂ ਜੀ ਨੂੰ ਵੀ ਸੱਦਾ ਭੇਜਿਆ। ਪਰ ਗੁਰੂ ਜੀ ਨਾ ਗਏ। ਮਲਕ ਭਾਗੋ ਨੇ ਇਸ ਵਿਚ ਆਪਣੀ ਅਤੇ ਆਪਣੇ ਬ੍ਰਹਮ-ਭੋਜ ਦੀ ਬੇਇਜਤੀ ਸਮਝੀ। ਉਸ ਨੇ ਗੁਰੂ ਜੀ ਨੂੰ ਜ਼ਬਰ ਦਸਤੀ ਲੈ ਕੇ ਆਉਣ ਲਈ ਆਪਣੇ ਸਿਪਾਹੀ ਭੇਜੇ। ਗੁਰੂ ਜੀ ਉਸ ਨੂੰ ਸਿੱਧੇ ਰਸਤੇ ਪਾਉਣ ਲਈ ਉਸ ਦੇ ਘਰ ਆ ਪਹੁੰਚੇ।

ਮਲਕ ਭਾਗੋ ਨੇ ਕਰੋਧ ਨਾਲ ਗੁਰੂ ਜੀ ਨੂੰ ਆਖਿਆ, “ਤੁਸੀਂ ਉੱਚੀ ਜਾਤ ਦੇ ਖੱਤਰੀ ਹੋ, ਪਰ ਇੱਕ ਸ਼ੂਦਰ ਦੇ ਘਰ ਰਹਿ ਕੇ ਰੁੱਖੀ-ਸੁੱਕੀ ਕੋਧਰੇ ਦੀ ਰੋਟੀ ਖਾ ਰਹੇ ਹੋ ਤੇ ਮੇਰਾ ਛੱਤੀ ਪ੍ਰਕਾਰ ਦਾ ਬ੍ਰਹਮ-ਭੋਜ ਖਾਣ ਤੋਂ ਇਨਕਾਰ ਕਰਦੇ ਹੋ, ਅਜਿਹਾ ਕਿਉਂ?”

ਗੁਰੂ ਜੀ ਨੇ ਉਸ ਨੂੰ ਆਪਣੇ ਬ੍ਰਹਮ ਭੋਜ ਵਿੱਚੋਂ ਕੁਝ ਭੋਜਨ ਲੈ ਕੇ ਆਉਣ ਲਈ ਕਿਹਾ। ਭੋਜਨ ਦਾ ਪਰੋਸਿਆ ਹੋਇਆ ਥਾਲ ਲਿਆ ਕੇ ਹਾਜ਼ਰ ਕਰ ਦਿੱਤਾ ਗਿਆ। ਗੁਰੂ ਜੀ ਮਲਕ ਭਾਗੋ ਨੂੰ ਆਖਣ ਲੱਗੇ ਭਾਈ ਲਾਲੋ ਧਰਮ ਦੀ ਕਿਰਤ ਕਰਦਾ ਹੈ, ਇਸ ਦੀ ਕਮਾਈ ਦੁੱਧ ਵਰਗੀ ਸਫ਼ੈਦ ਹੈ। ਇਸ ਲਈ ਮੈਨੂੰ ਇਸ ਦੀ ਕੋਧਰੇ ਦੀ ਰੋਟੀ ਵਿੱਚੋਂ ਅੰਮ੍ਰਿਤ ਵਰਗਾ ਸੁਆਦ ਆਉਂਦਾ ਹੈ। ਪਰ ਤੇਰੀ ਕਮਾਈ ਪਾਪ ਦੀ ਹੈ, ਇਸ ਲਈ ਮੈਨੂੰ ਤੇਰੀ ਕਮਾਈ ਵਿੱਚੋਂ ਜ਼ਹਿਰ ਨਜ਼ਰ ਆਉਂਦਾ ਹੈ। ਪਰ ਮਲਕ ਭਾਗੋ 'ਤੇ ਗੁਰੂ ਜੀ ਦੇ ਇਹਨਾਂ ਬਚਨਾਂ ਦਾ ਕੋਈ ਅਸਰ ਨਾ ਹੋਇਆ ਤੇ ਅੱਗੋਂ ਹੰਕਾਰ ਨਾਲ ਆਖਣ ਲੱਗਾ, ਮੈਂ ਤੁਹਾਡੀਆਂ ਇਹਨਾਂ ਗੱਲਾਂ ਨੂੰ ਨਹੀਂ ਮੰਨਦਾ।

ਗੁਰੂ ਜੀ ਨੇ ਉਸ ਨੂੰ ਸਿੱਧੇ ਰਸਤੇ ਪਾਉਣ ਵਾਸਤੇ ਕਿਹਾ, "**ਠੀਕ ਹੈ! ਜੇ ਤੂੰ ਨਹੀਂ ਮੰਨਦਾ ਤਾਂ ਫਿਰ ਦੇਖ ਰੰਗ ਕਰਤਾਰ ਦੇ**" ਗੁਰੂ ਜੀ ਭਾਈ ਲਾਲੋ ਜੀ ਦੇ ਘਰੋਂ ਕੋਧਰੇ ਦੀ ਰੋਟੀ ਪਹਿਲਾਂ ਹੀ ਨਾਲ ਲਿਆਏ ਸਨ। ਗੁਰੂ ਜੀ ਨੇ ਉਹ ਸੱਜੇ ਹੱਥ ਵਿੱਚ ਤੇ ਮਲਕ ਭਾਗੋ ਦੇ ਪੂੜੇ ਖੱਬੇ ਹੱਥ ਵਿੱਚ ਫੜ ਲਏ। ਗੁਰੂ ਜੀ ਨੇ ਦੋਨਾ ਨੂੰ ਘੁੱਟ ਕੇ ਨੱਪਿਆ ਤਾਂ ਭਾਈ ਲਾਲੋ ਜੀ ਦੀ ਰੋਟੀ ਵਿੱਚੋਂ ਦੁੱਧ ਤੇ ਮਲਕ ਭਾਗੋ ਦੇ ਦੇਸੀ ਘਿਉ ਵਿੱਚ ਤਲੇ ਹੋਏ ਮਿੱਠੇ ਪੂੜਿਆਂ ਵਿਚੋਂ ਲਹੂ ਦੀ ਧਾਰ ਵਹਿ ਤੁਰੀ। ਇਹ ਕੌਤਕ ਦੇਖ ਕੇ ਮਲਕ ਭਾਗੋ ਕੰਬ ਉੱਠਿਆ। ਉਸ ਦੇ ਕੀਤੇ ਸਾਰੇ ਪਾਪ ਉਸ ਦੇ ਸਾਹਮਣੇ ਆ ਗਏ। ਉਥੇ ਖੜ੍ਹੇ ਸਾਧੂ-ਸੰਤ, ਪੰਡਤ ਤੇ ਹੋਰ ਸਭ ਲੋਕ ਵੀ ਹੈਰਾਨ ਰਹਿ ਗਏ। ਮਲਕ ਭਾਗੋ ਖੜ੍ਹਾ ਸ਼ਰਮਸਾਰ ਹੋ ਰਿਹਾ ਸੀ। ਹੁਣ ਸਚਾਈ ਬਿਲਕੁਲ ਉਸ ਦੇ ਸਾਹਮਣੇ ਸੀ। ਉਹ ਰੋਂਦਾ ਹੋਇਆ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ।

ਗੁਰੂ ਜੀ ਨੇ ਮਲਕ ਭਾਗੋ ਨੂੰ ਉੱਪਰ ਉਠਾਇਆ ਤੇ ਉਪਦੇਸ਼ ਦਿੱਤਾ ਕਿ ਪਾਪ ਨਾਲ ਕੀਤੀ ਕਮਾਈ ਕਦੀ ਵੀ ਸ਼ਾਂਤੀ ਨਹੀਂ ਦਿੰਦੀ ਅਤੇ ਇਹਨਾਂ ਕੀਤੇ ਪਾਪਾਂ ਦਾ ਲੇਖਾ ਵੀ ਅੰਤ ਸਭ ਨੂੰ ਦੇਣਾ ਪੈਂਦਾ ਹੈ। ਗੁਰੂ ਜੀ ਨੇ ਹੋਰ ਸਮਝਾਇਆ ਕਿ ਜਾਤ-ਪਾਤ ਕਰਕੇ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ ਹੁੰਦਾ ਬਲਕਿ ਉੱਚਾ ਮਨੁੱਖ ਤਾਂ ਉਹ ਹੈ ਜੋ ਚੰਗੇ ਕੰਮ ਕਰਦਾ ਹੈ ਤੇ ਨੀਵਾਂ ਉਹ ਹੈ ਜੋ ਮਾੜੇ ਕੰਮ ਕਰਦਾ ਹੈ। ਗੁਰੂ ਜੀ ਦੇ ਇਹਨਾਂ ਸਭ ਬਚਨਾਂ ਦੇ ਨਾਲ ਮਲਕ ਭਾਗੋ ਦਾ ਹੰਕਾਰ ਬਿਲਕੁਲ ਚੂਰ ਹੋ ਗਿਆ ਤੇ ਉਸ ਨੇ ਅੱਗੇ ਤੋਂ ਧਰਮ ਦੇ ਰਸਤੇ 'ਤੇ ਚੱਲਣ ਦਾ ਪ੍ਰਣ ਕੀਤਾ।

ਮਲਕ ਭਾਗੋ ਨੂੰ ਸੱਚ ਧਰਮ ਦਾ ਉਪਦੇਸ਼ ਦੇਣ ਉਪਰੰਤ ਗੁਰੂ ਸਾਹਿਬ ਜੀ ਸੱਜਣ ਠੱਗ ਦਾ ਉਧਾਰ ਕਰਨ ਲਈ ਉਸ ਕੋਲ ਪੁੱਜੇ। ਸੱਜਣ ਠੱਗ ਤੁਲੰਬੇ ਪਿੰਡ ਦਾ ਰਹਿਣ ਵਾਲਾ ਸੀ। ਉਸ ਨੇ ਪਿੰਡ ਦੇ ਬਾਹਰਵਾਰ ਇੱਕ ਧਰਮਸ਼ਾਲਾ (ਸਰਾਂ) ਬਣਾਈ ਹੋਈ ਸੀ। ਉਹ ਆਪਣਾ ਪਹਿਰਾਵਾ ਵੀ ਪੂਰਾ ਧਰਮੀਆਂ ਵਾਲਾ ਪਾਉਂਦਾ ਸੀ ਤਾਂ ਕਿ ਲੋਕ ਉਸ ਨੂੰ ਧਰਮੀ ਸਮਝਣ ਤੇ ਉਸ ਉੱਤੇ ਪੂਰਾ ਭਰੋਸਾ ਰੱਖਣ। ਉਸ ਨੇ ਧਰਮਸ਼ਾਲਾ ਦੇ ਇੱਕ ਪਾਸੇ ਮੰਦਰ ਤੇ ਦੂਜੇ ਪਾਸੇ ਇੱਕ ਮਸੀਤ ਬਣਾਈ ਹੋਈ ਸੀ ਤਾਂ ਕਿ ਹਿੰਦੂ ਤੇ ਮੁਸਲਮਾਨ ਦੋਨੋਂ ਉਸ ਦੇ ਝਾਂਸੇ ਵਿੱਚ ਆ ਸਕਣ। ਸਾਰੇ ਲੋਕ ਉਸ ਨੂੰ ਬੜਾ ਨੇਕ ਤੇ ਧਰਮੀ ਬੰਦਾ ਸਮਝਦੇ ਸਨ। ਇਸ ਲਈ ਆਉਂਦੇ ਜਾਂਦੇ ਰਾਹੀ ਉਸ ਦੀ ਚੰਗੀ ਸ਼ੋਭਿਤ ਤੇ ਪਹਿਰਾਵਾ ਦੇਖ ਕੇ ਰਾਤ-ਬਰਾਤੇ ਵਿਸ਼ਰਾਮ ਕਰਨ ਲਈ ਉਸ ਦੀ ਸਰਾਂ ਵਿੱਚ ਰੁਕ ਜਾਇਆ ਕਰਦੇ ਸਨ। ਉਹ ਉਹਨਾਂ ਦੀ ਚੰਗੀ ਸੇਵਾ-ਖਾਤਰ ਕਰਦਾ ਤੇ ਚੰਗੇ ਭੋਜਨ ਆਦਿ ਵੀ ਖਾਣ ਲਈ ਦੇਂਦਾ। ਪਰ ਜਦੋਂ ਯਾਤਰੂ ਸੌਂ ਜਾਂਦੇ ਤਾਂ ਸੱਜਣ ਆਪਣੇ ਆਦਮੀਆਂ ਦੀ ਸਹਾਇਤਾ ਨਾਲ ਉਹਨਾਂ ਨੂੰ ਮਾਰ ਕੇ ਸਾਰਾ ਧਨ-ਮਾਲ ਲੁੱਟ ਲੈਂਦਾ ਤੇ ਉਹਨਾਂ ਨੂੰ ਸਰਾਂ ਵਿੱਚ ਗੁਪਤ ਥਾਂ'ਤੇ ਬਣਾਏ ਹੋਏ ਖੂਹ ਵਿੱਚ ਸੁੱਟਵਾ ਦੇਂਦਾ।

ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਦੇ ਨਾਲ ਜਦੋਂ ਉਸ ਦੀ ਸਰਾਂ ਵਿੱਚ ਗਏ ਤਾਂ ਉਸ ਨੇ ਸੋਚਿਆ ਕਿ ਕੋਈ ਤਕੜੇ ਵਪਾਰੀ ਲੱਗਦੇ ਹਨ ਤੇ ਇਹਨਾਂ ਕੋਲ ਚੰਗਾ ਧਨ-ਮਾਲ ਹੋਵੇਗਾ। ਸੱਜਣ ਦੇ ਕਹਿਣ 'ਤੇ ਉਸ ਦੇ ਨੌਕਰਾਂ ਨੇ ਦੋਵਾਂ ਦੀ ਬੜੀ ਸੇਵਾ ਕੀਤੀ। ਗੁਰੂ ਜੀ ਤੇ ਭਾਈ ਮਰਦਾਨਾ ਜੀ ਦੇ ਅੱਗੇ ਚੰਗੇ ਭੋਜਨ ਲਿਆ ਕੇ ਪਰੋਸੇ ਗਏ। ਪਰ ਗੁਰੂ ਜੀ ਨੇ ਉਹ ਨਾ ਛਕੇ ਤੇ ਪ੍ਰਭੂ ਭਗਤੀ ਵਿੱਚ ਲੀਨ ਰਹੇ। ਉਹ ਗੁਰੂ ਜੀ ਕੋਲ ਆਇਆ ਤੇ ਉਹਨਾਂ ਦੇ ਚਿਹਰੇ ਦਾ ਇਲਾਹੀ ਨੂਰ ਦੇਖ ਕੇ ਬੜਾ ਪ੍ਰਭਾਵਿਤ ਹੋਇਆ। ਗੁਰੂ ਜੀ ਨੇ ਉਸ ਨੂੰ ਸਮਝਾਉਣ ਲਈ ਇਹ ਪਾਵਨ ਸ਼ਬਦ ਉਚਾਰਣ ਕੀਤਾ:

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥**
**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੭੨੯)

ਗੁਰੂ ਜੀ ਦਾ ਉਚਾਰਣ ਕੀਤਾ ਇਹ ਪਾਵਨ ਸ਼ਬਦ ਸੁਣ ਕੇ ਸੱਜਣ ਦੇ ਸਾਰੇ ਪਾਪ ਉਸ ਦੇ ਸਾਹਮਣੇ ਆ ਗਏ ਤੇ ਉਹ ਕੰਬ ਉੱਠਿਆ। ਉਸ ਨੂੰ ਇਹ ਸਪੱਸ਼ਟ ਹੋ ਗਿਆ ਕਿ ਇਹ ਮਹਾਂਪੁਰਸ਼ ਕੋਈ ਰੱਬੀ ਅਵਤਾਰ ਜਾਪਦਾ ਹੈ, ਜੋ ਮੇਰੇ ਕੁਕਰਮਾਂ ਬਾਰੇ ਸਭ ਜਾਣਦਾ ਹੈ। ਉਹ ਗੁਰੂ ਜੀ ਦੇ ਚਰਨੀਂ ਢਹਿ ਪਿਆ ਤੇ ਰੋ-ਰੋ ਕੇ ਗੁਰੂ ਜੀ ਨੂੰ ਬੇਨਤੀ ਕਰਨ ਲੱਗਾ, "ਮਹਾਰਾਜ ਜੀ! ਮੈਨੂੰ ਬਖ਼ਸ਼ ਦਿਉ, ਮੈਂ ਬਹੁਤ ਬੇਗੁਨਾਹਾਂ ਦਾ ਕਤਲ ਕੀਤਾ ਹੈ ਤੇ ਬਹੁਤ ਪਾਪ ਕੀਤੇ ਹਨ।" ਉਸ ਦੀ ਸੱਚੇ ਪਛਤਾਵੇ ਦੀ ਦਸ਼ਾ ਨੇ ਉਸ ਦੇ ਪਾਪਾਂ ਦੀ ਲਹਿਰ ਤੋੜ ਕੇ ਪਿਛਲੇ ਜਨਮ ਦੇ ਨਾਮ ਸਿਮਰਨ ਦੀ ਕਮਾਈ ਨੂੰ ਅੱਗੇ ਲੈ ਆਂਦਾ। ਗੁਰੂ ਜੀ ਨੇ ਉਸ ਨੂੰ ਫੜ ਕੇ ਉਠਾਇਆ ਤੇ ਪੁੱਛਣ ਲੱਗੇ, "ਤੇਰਾ ਨਾਮ ਕੀ ਹੈ?" ਉਸ ਨੇ ਕਿਹਾ, "ਜੀ! ਮੇਰਾ ਨਾਮ ਸੱਜਣ ਹੈ।"ਗੁਰੂ ਜੀ ਮੁਸਕਰਾ ਕੇ ਉਸ 'ਤੇ ਆਪਣੀ ਇਲਾਹੀ ਨਿਗਾਹ ਪਾਉਂਦੇ ਹੋਏ ਬੋਲੇ, "ਪਰ ਤੇਰੇ ਕੰਮ ਸੱਜਣਾ ਵਾਲੇ ਨਹੀਂ। ਅੱਜ ਤੋਂ ਇਹ ਕੁਕਰਮ ਕਰਨੇ ਛੱਡ ਦੇ ਤੇ ਸੱਚੇ ਮਨ ਨਾਲ ਰੱਬ ਦੀ ਭਗਤੀ ਕਰ ਅਤੇ ਆਏ-ਗਏ ਯਾਤਰੂਆਂ ਦੀ ਸੇਵਾ ਕਰਿਆ ਕਰ। ਸੱਜਣ 'ਤੇ ਗੁਰੂ ਜੀ ਦੇ ਇਹਨਾਂ ਬਚਨਾਂ ਦਾ ਅਜਿਹਾ ਅਸਰ ਹੋਇਆ ਕਿ ਉਹ ਨਾਮ-ਬਾਣੀ ਸਿਮਰ ਕੇ ਸੱਜਣ ਠੱਗ ਤੋਂ ਪਰਉਪਕਾਰੀ ਜੀਵ ਬਣ ਗਿਆ। ਉਸ ਨੇ ਅੱਗੇ ਤੋਂ ਯਾਤਰੂਆਂ ਦੀ ਸੇਵਾ ਪੂਰਨ ਪ੍ਰੇਮ ਤੇ ਸ਼ਰਧਾ ਨਾਲ ਕਰਨੀ ਸ਼ੁਰੂ ਕਰ ਦਿੱਤੀ।

ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਸੰਨ ੧੪੯੭ ਈ: ਵਿੱਚ ਅਕਾਲ ਪੁਰਖ ਦਾ ਹੁਕਮ ਪੂਰਾ ਕਰਨ ਵਾਸਤੇ ਅਤੇ ਵਿਸ਼ੇ-ਵਿਕਾਰਾਂ ਵਿੱਚ ਸੜਦੀ ਬਲਦੀ ਲੁਕਾਈ ਨੂੰ ਸੱਚ ਦੇ ਮਾਰਗ 'ਤੇ ਪਾਉਣ ਲਈ ਧਰਮ ਪਰਚਾਰ ਦੀਆਂ ਚਾਰ ਉਦਾਸੀਆਂ ਅਰੰਭ ਕਰਨ ਦਾ ਪ੍ਰੋਗਰਾਮ ਬਣਾਇਆ। ਇਸ ਸਮੇਂ ਬੇਬੇ ਨਾਨਕੀ ਜੀ ਆਪਣੇ ਵੀਰ ਦੇ ਮੋਹ ਵਿੱਚ ਆ ਗਏ ਅਤੇ ਗੁਰੂ ਜੀ ਨੂੰ ਰੋਕਣ ਲਈ ਉਨ੍ਹਾਂ ਦੇ ਗੁਰੂ ਜੀ ਦੇ ਛੋਟੇ-ਛੋਟੇ ਪੁੱਤਰਾਂ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਨੂੰ ਚੁੱਕ ਕੇ ਉਨ੍ਹਾਂ ਦੀ ਛਾਤੀ ਨਾਲ ਲਾਉਂਦਿਆਂ ਕਿਹਾ, "ਤੁਹਾਡੇ ਜਾਣ ਤੋਂ ਬਾਅਦ ਇਨ੍ਹਾਂ ਦਾ ਕੀ ਹੋਵੇਗਾ?"। ਗੁਰੂ ਜੀ ਨੇ ਮੁਸਕਰਾ ਕੇ ਬੜੇ ਪ੍ਰੇਮ ਨਾਲ ਉੱਤਰ ਦਿੱਤਾ, "ਬੇਬੇ ਜੀ! ਸਭ ਦਾ ਭਲਾ ਕਰਨ ਵਾਲਾ ਕਰਤਾਰ ਇਨ੍ਹਾਂ ਦਾ ਵੀ ਭਲਾ ਕਰੇਗਾ। ਇਸ ਸਮੇਂ ਸੰਸਾਰ ਦੇ ਕ੍ਰੋੜਾਂ ਹੀ ਬੱਚੇ-ਬੱਚੀਆਂ ਤੇ ਮਰਦ-ਤੀਵੀਆਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀ ਅੱਗ ਵਿੱਚ ਸੜ ਰਹੇ ਹਨ ਤੇ ਉਨ੍ਹਾਂ ਨੂੰ ਇਸ ਤੋਂ ਬਚਾਉਣਾ ਜ਼ਰੂਰੀ ਹੈ।" ਇਹ ਸੁਣ ਕੇ ਬੇਬੇ ਨਾਨਕੀ ਜੀ ਨੂੰ ਵੀ ਇਲਾਹੀ ਰੰਗ ਚੜ੍ਹ ਗਿਆ ਅਤੇ ਫਿਰ ਉਨ੍ਹਾਂ ਨੇ ਬੜੇ ਪ੍ਰੇਮ ਨਾਲ ਗੁਰੂ ਨਾਨਕ ਸਾਹਿਬ ਜੀ ਨੂੰ ਉਦਾਸੀਆਂ 'ਤੇ ਤੋਰਿਆ। ਪਰ ਉਨ੍ਹਾਂ ਨੇ ਕਿਹਾ ਕਿ ਜਦੋਂ ਮੈਨੂੰ ਪ੍ਰੇਮ ਦੀ ਤਾਂਘ ਹੋਵੇ, ਦਰਸ਼ਨ ਜ਼ਰੂਰ ਦੇਣਾ।

ਪਹਿਲੀ ਉਦਾਸੀ: (1497 ਤੋਂ 1510 ਈ: ਤੱਕ) ਪੂਰਬ ਵੱਲ ਦੀ ਇਸ ਉਦਾਸੀ ਦਾ ਮਨੋਰਥ ਹਿੰਦੂ ਤੀਰਥਾਂ 'ਤੇ ਪਹੁੰਚ ਕੇ ਪ੍ਰਚਾਰ ਕਰਨ ਦਾ ਸੀ। ਇਸ ਵਿੱਚ ਭਾਈ ਮਰਦਾਨਾ ਜੀ ਆਪ ਜੀ ਦੇ ਨਾਲ ਸਨ। ਸੁਲਤਾਨਪੁਰ ਤੋਂ ਚੱਲ ਕੇ ਆਪ ਜੀ ਕੁਰੂਕਸ਼ੇਤਰ ਪਹੁੰਚੇ ਜਿੱਥੇ ਕਿ ਸੂਰਜ ਗ੍ਰਹਿਣ ਮੌਕੇ ਤੇ ਗੁਰੂ ਜੀ ਤੋਂ ਆਗਿਆ ਲੈ ਕੇ ਇਕ ਰਾਜਕੁਮਾਰ ਵੱਲੋਂ ਹਿਰਨ ਦਾ ਮਾਸ ਰਿੰਨਣ 'ਤੇ ਪੰਡਿਤਾਂ ਵੱਲੋਂ ਕੀਤੇ ਗਏ ਵਿਰੋਧ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਜੀ ਨੇ ਨਾਨੂੰ ਪੰਡਿਤ ਤੇ ਹੋਰ ਪੰਡਤਾਂ ਨੂੰ ਉਪਦੇਸ਼ ਦਿੰਦਿਆਂ ਕਿਹਾ ਕਿ ਹੇ ਪੰਡਿਤ ਜਨੋ! ਭਾਵੇਂ ਕਿ ਮਾਸ ਨਾ ਖਾਣਾ ਇੱਕ ਸ਼ੁਭ ਗੁਣ ਹੈ, ਪ੍ਰੰਤੂ ਇਹ ਇੱਕ ਗੁਣ ਹੀ ਪ੍ਰਭੂ ਮਾਰਗ 'ਤੇ ਚੱਲਣ ਲਈ ਕਾਫ਼ੀ ਨਹੀਂ ਹੈ ਅਤੇ ਸਾਨੂੰ ਹੋਰ ਸਾਰੇ ਰਸਾਂ-ਕਸਾਂ ਤੇ ਆਪਣੀ ਹਉਮੈ-ਹੰਕਾਰ ਨੂੰ ਵੀ ਛੱਡਣਾ ਚਾਹੀਦਾ ਹੈ। ਸਾਰੇ ਪੰਡਤਾਂ ਨੇ ਗੁਰੂ ਸਾਹਿਬ ਜੀ ਦੇ ਇਸ ਮਹਾਨ ਉਪਦੇਸ਼ ਨੂੰ ਪ੍ਰਵਾਨ ਕੀਤਾ ਤੇ ਉਨ੍ਹਾਂ ਅੱਗੇ ਸੀਸ ਝੁਕਾਇਆ।

**ਹਰਿਦੁਆਰ** - ਕੁਰੂਕਸ਼ੇਤਰ ਤੋਂ ਚੱਲ ਕੇ ਗੁਰੂ ਸਾਹਿਬ ਜੀ ਉੱਤਰ ਪ੍ਰਦੇਸ਼ ਵਿੱਚ ਹਰਿਦੁਆਰ ਗਏ, ਜਿੱਥੇ ਕਿ ਹਰ ਸਾਲ ਵਿਸਾਖੀ ਵਾਲੇ ਦਿਨ ਬਹੁਤ ਭਾਰੀ ਮੇਲਾ ਲੱਗਦਾ ਸੀ। ਉੱਥੇ ਦੂਰੋਂ-ਦੂਰੋਂ ਲੋਕੀਂ ਆਉਂਦੇ ਸਨ ਅਤੇ ਚੜ੍ਹਦੇ ਪਾਸੇ ਵੱਲ ਸੂਰਜ ਨੂੰ ਪਾਣੀ ਸੁੱਟ ਕੇ ਆਪਣੇ ਪਿੱਤਰਾਂ ਤੱਕ ਪਹੁੰਚਾਉਂਦੇ ਸਨ। ਗੁਰੂ ਜੀ ਨੇ ਇਸ ਕਰਮ-ਕਾਂਡ ਨੂੰ ਰੋਕਣ ਲਈ ਚੜ੍ਹਦੇ ਦੀ ਥਾਂ ਲਹਿੰਦੇ ਵੱਲ ਨੂੰ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਜਿਸ 'ਤੇ ਮੁਖੀ ਪੰਡਤਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਉੱਲਟੇ ਪਾਸੇ ਪਾਣੀ ਕਿਉਂ ਦੇ ਰਹੇ ਹੋ? ਗੁਰੂ ਜੀ ਨੇ ਕਿਹਾ ਕਿ ਤਲਵੰਡੀ ਵਿੱਚ ਮੇਰੇ ਖੇਤ ਸੁੱਕ ਰਹੇ ਹਨ, ਮੈਂ ਉਨ੍ਹਾਂ ਨੂੰ ਪਾਣੀ ਦੇ ਰਿਹਾ ਹਾਂ। ਪੰਡਤਾਂ ਨੇ ਅੱਗੋਂ ਹੱਸਦਿਆਂ ਹੋਇਆਂ ਕਿਹਾ ਕਿ ਤੁਹਾਡੇ ਖੇਤ ਤਾਂ ਇੱਥੋਂ ਸੈਂਕੜੇ ਮੀਲ ਦੂਰ ਹਨ ਤੇ ਤੁਹਾਡਾ ਸੁੱਟਿਆ ਪਾਣੀ ਤਾਂ ਇੱਥੇ ਹੀ ਡਿੱਗਦਾ ਜਾ ਰਿਹਾ ਹੈ, ਇਹ ਇੰਨੀ ਦੂਰ ਕਿਵੇਂ ਪਹੁੰਚ ਸਕਦਾ ਹੈ? ਗੁਰੂ ਜੀ ਨੇ ਉਸੇ ਮੂਡ਼੍ਹ ਵਿੱਚ ਜਵਾਬ ਦਿੰਦਿਆਂ ਕਿਹਾ ਕਿ ਜੇਕਰ ਤੁਹਾਡਾ ਪਾਣੀ ਲੱਖਾਂ ਮੀਲ ਦੂਰ ਸੂਰਜ ਤੱਕ ਪਹੁੰਚ ਸਕਦਾ ਹੈ ਤਾਂ ਫਿਰ ਮੇਰਾ ਪਾਣੀ ਤਿੰਨ-ਚਾਰ ਸੌ ਮੀਲ ਦੂਰ ਮੇਰੇ ਖੇਤਾਂ ਤੱਕ ਕਿਉਂ ਨਹੀਂ ਜਾ ਸਕਦਾ? ਗੁਰੂ ਜੀ ਦੇ ਇਹ ਬਚਨ ਸੁਣ ਕੇ ਸਾਰੇ ਪੰਡਤ ਨਿਰੁੱਤਰ ਹੋ ਗਏ ਤੇ ਉਨ੍ਹਾਂ ਨੂੰ ਸਮਝ ਆ ਗਈ ਕਿ ਸਾਡਾ ਪਾਣੀ ਵੀ ਸਾਡੇ ਪਿਤਰਾਂ ਤੱਕ ਨਹੀਂ ਪਹੁੰਚ ਰਿਹਾ ਤੇ ਅਸੀਂ ਕੇਵਲ ਪਾਖੰਡ ਕਰ ਰਹੇ ਹਾਂ। ਸਾਰੇ ਪੰਡਤ ਤੇ ਹੋ ਲੋਕ ਭਰਮ-ਜਾਲ ਵਿੱਚੋਂ ਬਾਹਰ ਨਿਕਲ ਕੇ ਪਰਮਾਤਮਾ ਦੇ ਸੱਚੇ ਮਾਰਗ 'ਤੇ ਚੱਲ ਪਏ।

**ਗੋਰਖਮਤੇ** - ਹਰਿਦੁਆਰ ਤੋਂ ਗੁਰੂ ਸਾਹਿਬ ਜੀ ਗੋਰਖਮਤੇ ਪਹੁੰਚੇ। ਇੱਥੇ ਗੁਰੂ ਸਾਹਿਬ ਜੀ ਦੀ ਸਿੱਧਾਂ ਨਾਲ ਧਰਮ ਬਾਰੇ ਚਰਚਾ ਹੋਈ। ਜੋਗੀਆਂ ਦੇ ਮੁਖੀ ਭੰਗਰਨਾਥ ਨੇ ਸ਼ਰਾਬ ਦਾ ਪਿਆਲਾ ਗੁਰੂ ਜੀ ਦੇ ਅੱਗੇ ਲਿਆ ਰੱਖਿਆ ਤੇ ਕਿਹਾ ਇਸ ਨੂੰ ਪੀਤਿਆਂ ਲਿਵ ਜੁੜਦੀ ਹੈ। ਗੁਰੂ ਜੀ ਨੇ ਨਸ਼ਿਆਂ ਤੋਂ ਵਰਜਦਿਆਂ ਫੁਰਮਾਇਆ ਕਿ ਜੋ ਪੁਰਸ਼ ਨਸ਼ੇ ਨਾਲ ਲਿਵ ਜੋੜਨੀ ਚਾਹੁੰਦਾ ਹੈ, ਸਮਝ ਲੈਣਾ ਕਿ ਉਹ ਬਦੀ ਦੀ ਟ੍ਰੇਨਿੰਗ ਲੈ ਰਿਹਾ ਹੈ। ਇੱਥੇ ਹੀ ਜੋਗੀਆਂ ਦੁਆਰਾ ਧਰਤੀ ਨੂੰ ਪੁੱਛਣ 'ਤੇ ਕਿ ਹੇ ਧਰਤੀ! ਤੂੰ ਜੋਗੀਆਂ ਦੀ ਹੈਂ ਕਿ ਗੁਰੂ ਨਾਨਕ ਦੀ? ਤਦੋਂ ਉਨ੍ਹਾਂ ਦੁਆਰਾ ਹੀ ਧਰਤੀ ਵਿੱਚ ਦੱਬੇ ਹੋਏ ਬਾਲਕ ਨੇ ਜਦੋਂ ਦੋ ਵਾਰ ਸਿੱਧਾਂ ਦੇ ਹੱਕ ਵਿੱਚ ਜਵਾਬ ਦਿੱਤਾ ਤਾਂ ਗੁਰੂ ਜੀ ਬੋਲੇ, "ਓਏ! ਤੂੰ ਅਜੇ ਤਾਈਂ ਝੂਠ ਹੀ ਬੋਲੀ ਜਾ ਰਿਹਾ ਹੈਂ।" ਉਸ ਤੋਂ ਬਾਅਦ ਤੀਜੀ ਵਾਰ ਸਿੱਧਾਂ ਵੱਲੋਂ ਪੁੱਛਣ 'ਤੇ ਬੱਚੇ ਦੀ ਅਵਾਜ਼ ਨਾ ਆਈ ਤੇ ਜੋਗੀਆਂ ਦਾ ਸਾਰਾ ਪਾਜ ਉੱਘੜ ਗਿਆ ਤੇ ਉਹ ਬੜੇ ਸ਼ਰਮਸ਼ਾਰ ਹੋਏ। ਸਾਰੇ ਜੋਗੀ ਗੁਰੂ ਜੀ ਅੱਗੇ ਝੁਕ ਗਏ ਤੇ ਉਸ ਦਿਨ ਤੋਂ ਉਸ ਥਾਂ ਦਾ ਨਾਂ ਗੋਰਖਮਤੇ ਤੋਂ ਬਦਲ ਕੇ ਗੁਰੂ ਜੀ ਦੇ ਨਾਮ 'ਤੇ ਨਾਨਕਮਤਾ ਪ੍ਰਚਲਿਤ ਹੋ ਗਿਆ। ਸਿੱਧਾਂ ਨੇ ਜੋ ਬਾਲਕ ਜ਼ਮੀਨ ਵਿੱਚ ਦੱਬਿਆ ਸੀ, ਉਹ ਮੁਰਦਾ ਨਿਕਲਿਆ, ਪਰ ਗੁਰੂ ਮਿਹਰ ਨਾਲ ਜ਼ਿੰਦਾ ਹੋ ਗਿਆ।

**ਮਿੱਠਾ ਰੀਠਾ ਸਾਹਿਬ (ਜ਼ਿਲ੍ਹਾ ਚੰਪਾਵਤ)** - (sapindus) : ਉਸ ਸਮੇਂ ਇਹ ਅਸਥਾਨ ਸਿੱਧਾਂ ਦਾ ਗੜ੍ਹ ਸੀ, ਗੁਰੂ ਪਾਤਸ਼ਾਹ ਜੀ ਜਦੋਂ ਇਸ ਅਸਥਾਨ 'ਤੇ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਭੁੱਖ ਲੱਗਣ 'ਤੇ ਜਦੋਂ ਉਨ੍ਹਾਂ ਸਿੱਧਾਂ ਪਾਸੋਂ ਕੁਝ ਖਾਣ ਲਈ ਮੰਗਿਆ ਤਾਂ ਉਨ੍ਹਾਂ ਨੇ ਕੌੜੇ ਰੀਠੇ ਦੇ ਦਰੱਖਤ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਜਾਹ ਦਰੱਖਤ ਨੂੰ ਲੱਗੇ ਹੋਏ ਇਹ ਫਲ ਖਾ ਲੈ। ਸਿੱਧਾਂ ਦੀ ਇਸ ਬੇਰੁਖੀ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੂੰ ਸਿੱਧੇ ਰਸਤੇ ਪਾਉਣ ਲਈ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਅੰਮ੍ਰਿਤ ਦ੍ਰਿਸ਼ਟੀ ਨਾਲ ਭਾਈ ਮਰਦਾਨਾ ਜੀ ਲਈ ਕੌੜੇ ਰੀਠਿਆਂ ਨੂੰ ਮਿੱਠੇ ਕਰ ਦਿੱਤਾ। ਇਹ ਕੌਤਕ ਦੇਖ ਕੇ ਸਾਰੇ ਸਿੱਧ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ। ਸੰਗਤਾਂ ਦੁਆਰਾ ਉਸ ਮਿੱਠੇ ਰੀਠੇ ਦੀਆਂ ਗਿਟਕਾਂ ਨੂੰ ਬੀਜਿਆ ਗਿਆ, ਜਿਸ ਦੇ ਸਦਕਾ ਅੱਜ ਉੱਥੇ ਅਨੇਕਾਂ ਮਿੱਠੇ ਰੀਠਿਆਂ ਦੇ ਦਰੱਖਤ ਹਨ, ਜਿਸ ਨੂੰ ਕਿ ਸੰਗਤਾਂ ਪ੍ਰਸ਼ਾਦ ਦੇ ਰੂਪ ਵਿੱਚ ਲੈਂਦੀਆਂ ਹਨ। ਅੱਗੇ ਗੁਰੂ ਜੀ ਮਥੁਰਾ ਤੋਂ ਕਾਸ਼ੀ (ਬਨਾਰਸ) ਪਹੁੰਚੇ ਜਿੱਥੇ ਪੰਡਤ ਚਤੁਰਦਾਸ ਨੂੰ ਬੁੱਤ ਪੂਜਾ ਤੋਂ ਵਰਜ ਕੇ ਪ੍ਰਭੂ-ਨਾਮ ਨਾਲ ਜੋੜਿਆ।

**ਗਯਾ** - ਇੱਥੇ ਗੁਰੂ ਸਾਹਿਬ ਜੀ ਨੇ ਲੋਕਾਂ ਨੂੰ ਮ੍ਰਿਤਕ ਪ੍ਰਾਣੀ ਸਬੰਧੀ ਪਿੰਡ ਭਰਾਉਣ ਤੇ ਦੀਵਾ-ਵੱਟੀ ਕਰਨ ਦੇ ਭਰਮ ਵਿੱਚੋਂ ਕੱਢ ਕੇ ਇੱਕ ਪਰਮਾਤਮਾ ਦੇ ਨਾਮ ਨਾਲ ਜੋੜਿਆ ਅਤੇ ਸੰਗਤ ਦੀ ਮਹਿਮਾ ਦ੍ਰਿੜ ਕਰਵਾਉਂਦੇ ਹੋਏ ਕਿਹਾ ਕਿ ਪਰਮਾਤਮਾ ਦਾ ਨਾਮ ਹੀ ਪਿੰਡ-ਪੱਤਲ ਤੇ ਦੀਵਾ-ਵੱਟੀ ਹੈ ਜੋ ਜੀਵ ਦੀ ਲੋਕ-ਪਰਲੋਕ ਵਿੱਚ ਸਹਾਇਤਾ ਕਰਦਾ ਹੈ।

**ਪਟਨਾ ਸਾਹਿਬ** - ਗਯਾ ਤੋਂ ਗੁਰੂ ਸਾਹਿਬ ਜੀ ਪਟਨੇ ਆਏ। ਇੱਥੇ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇਕ ਕੀਮਤੀ ਹੀਰਾ ਦੇ ਕੇ ਇਸ ਦਾ ਮੁੱਲ ਪਵਾਉਣ ਲਈ ਬਾਜ਼ਾਰ ਭੇਜਿਆ। ਇਕ ਲੱਕੜਹਾਰੇ ਤੇ ਦੁਕਾਨਦਾਰ ਨੇ ਇਸ ਨੂੰ ਚਮਕਦਾ ਪੱਥਰ ਸਮਝ ਕੇ ਇਸ ਦਾ ਕੋਈ ਮੁੱਲ ਨਾ ਪਾਇਆ। ਇਕ ਸੁਨਿਆਰੇ ਨੇ ਇਸ ਦਾ ਥੋੜਾ ਜਿਹਾ ਮੁੱਲ ਪਾਇਆ। ਜਦੋਂ ਭਾਈ ਮਰਦਾਨਾ ਜੀ ਇਹ ਹੀਰਾ ਲੈ ਕੇ ਸਾਲਸ ਰਾਇ ਜੌਹਰੀ ਕੋਲ ਗਏ ਤਾਂ ਉਸ ਨੇ ਇਸ ਹੀਰੇ ਨੂੰ ਅਮੁੱਲ ਆਖ ਕੇ 500 ਰੁ: ਦਰਸ਼ਨੀ ਭੇਟਾ ਦਿੱਤੀ। ਭਾਈ ਮਰਦਾਨਾ ਜੀ ਤੋਂ ਗੁਰੂ ਨਾਨਕ ਪਾਤਸ਼ਾਹ ਜੀ ਬਾਰੇ ਸੁਣ ਕੇ ਉਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਗੁਰੂ ਜੀ ਨੇ ਸਾਲਸ ਰਾਇ ਜੌਹਰੀ ਨੂੰ ਸਮਝਾਇਆ ਕਿ ਜਿੰਦਗੀ ਵੀ ਇੱਕ ਅਮੋਲਕ ਹੀਰੇ ਦੀ ਤਰ੍ਹਾਂ ਹੈ, ਪਰ ਬਹੁਤੇ ਲੋਕ ਦੁਕਾਨਦਾਰ ਤੇ ਲੱਕੜਹਾਰੇ ਦੀ ਤਰ੍ਹਾਂ ਇਸ ਦੀ ਕੀਮਤ ਨਹੀਂ ਜਾਣ ਪਾਉਂਦੇ ਤੇ ਇਸ ਨੂੰ ਅਜਾਂਈ ਹੀ ਗਵਾ ਜਾਂਦੇ ਹਨ। ਗੁਰੂ ਜੀ ਨੇ ਸਾਲਸ ਰਾਇ ਨੂੰ ਉਪਦੇਸ਼ ਦੇ ਕੇ ਪ੍ਰਚਾਰਕ ਥਾਪਿਆ। ਇਹ ਗੱਲ ਵੀ ਕਾਬਲ-ਏ-ਗੌਰ ਹੈ ਕਿ ਸਾਲਸ ਜੌਹਰੀ ਦੀ ਔਲਾਦ ਵਿੱਚੋਂ ਰਤਨ ਚੰਦ ਖੱਤਰੀ ਦਸਵੇਂ ਪਾਤਸ਼ਾਹ ਦਾ ਪਰਮ ਭਗਤ ਹੋਇਆ ਹੈ।

**ਗੁਰੂ ਜੀ ਦੇ ਅਨੋਖੇ ਬਚਨ** - ਪਟਨੇ ਤੋਂ ਕਲਕੱਤੇ ਤੇ ਕਲਕੱਤੇ ਤੋਂ ਗੁਰੂ ਜੀ ਬੰਗਾਲ (ਢਾਕੇ) ਪਹੁੰਚੇ। ਇਸ ਸਫ਼ਰ ਦੌਰਾਨ ਗੁਰੂ ਜੀ ਢਾਕੇ ਦੇ ਲਾਗੇ ਇੱਕ ਪਿੰਡ ਵਿੱਚ ਗਏ। ਉੱਥੋਂ ਦੇ ਲੋਕ ਬੜੇ ਭੈੜੇ ਤੇ ਅਕਿਰਤਘਣ ਸਨ। ਜਦੋਂ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਉੱਥੇ ਗਏ ਤਾਂ ਉਹਨਾਂ ਆਪਣੇ ਸੁਭਾਅ ਮੁਤਾਬਕ ਗੁਰੂ ਜੀ ਤੇ ਭਾਈ ਮਰਦਾਨਾ ਜੀ ਦਾ ਕੋਈ ਆਦਰ ਸਤਿਕਾਰ ਤੇ ਸੇਵਾ ਨਾ ਕੀਤੀ। ਗੁਰੂ ਜੀ ਨੇ ਇੱਕ ਰਾਤ ਉੱਥੇ ਬਤੀਤ ਕੀਤੀ। ਅਗਲੇ ਦਿਨ ਜਦੋਂ ਗੁਰੂ ਜੀ ਉੱਥੋਂ ਤੁਰਨ ਲੱਗੇ ਤਾਂ ਉਹਨਾਂ ਨੇ ਪਿੰਡ ਵਾਲਿਆਂ ਨੂੰ ਕਿਹਾ, 'ਵੱਸਦੇ ਰਹੋ'। ਉੱਥੋਂ ਚੱਲ ਕੇ ਗੁਰੂ ਜੀ ਤੇ ਭਾਈ ਮਰਦਾਨਾ ਜੀ ਇੱਕ ਹੋਰ ਪਿੰਡ ਵਿਚ ਜਾ ਪਹੁੰਚੇ। ਉਸ ਪਿੰਡ ਦੇ ਲੋਕ ਪਹਿਲੇ ਪਿੰਡ ਵਾਲਿਆਂ ਦੇ ਉਲਟ ਬਹੁਤ ਹੀ ਚੰਗੇ ਸਨ। ਉਹਨਾਂ ਨੇ ਗੁਰੂ ਜੀ ਤੇ ਭਾਈ ਮਰਦਾਨਾ ਜੀ ਦੀ ਸੇਵਾ ਬੜੇ ਪ੍ਰੇਮ ਤੇ ਭਾਵਨਾ ਨਾਲ ਕੀਤੀ। ਗੁਰੂ ਜੀ ਨੇ ਉੱਥੇ ਇੱਕ ਰਾਤ ਗੁਜ਼ਾਰੀ ਤੇ ਅਗਲੇ ਦਿਨ ਉੱਥੋਂ ਤੁਰਨ ਲੱਗਿਆਂ ਪਿੰਡ ਵਾਲਿਆਂ ਨੂੰ ਕਿਹਾ, 'ਉੱਜੜ ਜਾਓ'।

ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਭਾਈ ਮਰਦਾਨਾ ਜੀ ਬੜੇ ਹੈਰਾਨ ਹੋਏ। ਉਹ ਗੁਰੂ ਜੀ ਨੂੰ ਪੁੱਛਣ ਲੱਗੇ, "ਗੁਰੂ ਜੀ! ਆਪ ਜੀ ਨੇ ਇਹ ਕੈਸੇ ਅਨੋਖੇ ਬਚਨ ਕਹੇ ਹਨ। ਜਿਹੜੇ ਪਿੰਡ ਵਾਲੇ ਬੁਰੇ ਸਨ, ਉਹਨਾਂ ਨੂੰ ਤੁਸੀਂ ਕਿਹਾ, 'ਵਸਦੇ ਰਹੋ'। ਪਰ ਇਸ ਪਿੰਡ ਵਾਲੇ ਲੋਕ ਜੋ ਕਿ ਚੰਗੇ ਇਨਸਾਨ ਤੇ ਸਭ ਦਾ ਭਲਾ ਕਰਨ ਵਾਲੇ ਹਨ ਤੇ ਜਿਨ੍ਹਾਂ ਨੇ ਸਾਡੀ ਵੀ ਬੜੇ ਪ੍ਰੇਮ ਨਾਲ ਸੇਵਾ ਕੀਤੀ ਹੈ, ਉਹਨਾਂ ਨੂੰ ਤੁਸਾਂ ਅਸੀਸ ਦੇਣ ਦੀ ਬਜਾਏ ਬਦ-ਅਸੀਸ ਦੇ ਦਿੱਤੀ ਹੈ ਕਿ 'ਉੱਜੜ ਜਾਉ'। ਆਪ ਜੀ ਦੇ ਇਹ ਅਨੋਖੇ ਬਚਨ ਮੇਰੀ ਸਮਝ ਵਿੱਚ ਨਹੀਂ ਆਏ। ਗੁਰੂ ਜੀ ਮੁਸਕਰਾਅ ਕੇ ਭਾਈ ਮਰਦਾਨਾ ਜੀ ਨੂੰ ਆਖਣ ਲੱਗੇ, "ਭਾਈ ਮਰਦਾਨਾ ਜੀ! ਅਸੀਂ ਜੋ ਕੁਝ ਕਿਹਾ ਹੈ, ਉਹ ਸਭ ਦੇ ਭਲੇ ਲਈ ਹੀ ਕਿਹਾ ਹੈ। ਪਹਿਲੇ ਪਿੰਡ ਵਾਲੇ ਲੋਕ ਬੁਰੇ ਸਨ, ਉਹ ਜਿੱਥੇ ਵੀ ਜਾਣਗੇ ਉੱਥੇ ਦੂਸਰਿਆਂ ਨੂੰ ਵੀ ਆਪਣੇ ਵਾਂਗ ਬੁਰੇ ਕੰਮ ਹੀ ਸਿਖਾਉਣਗੇ ਤੇ ਬੁਰਾਈ ਨੂੰ ਹੋਰ ਵਧਾਉਣਗੇ। ਇਸ ਲਈ ਅਸੀਂ ਉਹਨਾਂ ਨੂੰ ਕਿਹਾ ਕਿ ਉਹ ਉੱਥੇ ਹੀ ਵੱਸਦੇ ਰਹਿਣ ਤਾਂ ਕਿ ਉਹਨਾਂ ਦੁਆਰਾ ਬੁਰਾਈ ਹੋਰ ਅੱਗੇ ਨਾ ਵਧੇ। ਪਰ ਦੂਜੇ ਪਿੰਡ ਦੇ ਲੋਕ ਭਲੇ ਸਨ। ਅਸੀਂ ਉਹਨਾਂ ਨੂੰ ਕਿਹਾ ਕਿ 'ਉੱਜੜ ਜਾਉ'। ਜਿਸ ਦਾ ਭਾਵ ਸੀ ਕਿ ਉਹਨਾਂ ਦੇ ਕਾਰੋਬਾਰ ਵਿੱਚ ਵਾਧਾ ਹੋਵੇ ਤੇ ਉਹ ਆਪਣੇ ਕਾਰੋਬਾਰ ਲਈ ਦੂਰ-ਦੁਰਾਡੇ ਜਾਣ ਤਾਂ ਕਿ ਜਿੱਥੇ ਵੀ ਉਹ ਜਾਣ, ਉੱਥੇ ਜਾ ਕੇ ਆਪਣੇ ਵਾਲੇ ਸ਼ੁਭ ਗੁਣਾਂ ਦਾ ਪ੍ਰਚਾਰ ਕਰਨ। ਇਸ ਵਿੱਚ ਹੀ ਸਭ ਦਾ ਭਲਾ ਹੈ।" ਗੁਰੂ ਜੀ ਦੇ ਇਹ ਅਨੋਖੇ ਬਚਨ ਸੁਣ ਕੇ ਭਾਈ ਮਰਦਾਨਾ ਜੀ ਬੜੇ ਹੈਰਾਨ ਤੇ ਪ੍ਰਸੰਨ ਹੋਏ ਅਤੇ ਗੁਰੂ ਜੀ ਦੇ ਗੁਣ ਗਾਇਣ ਕਰਨ ਲੱਗੇ।

**ਨੂਰ ਸ਼ਾਹ** – ਇੱਥੋਂ ਅੱਗੇ ਪ੍ਰਚਾਰ ਕਰਦੇ ਹੋਏ ਗੁਰੂ ਜੀ ਆਸਾਮ ਪਹੁੰਚੇ, ਜਿੱਥੇ ਨੂਰ ਸ਼ਾਹ ਟੂਣੇਹਾਰ ਜਾਦੂਗਰਨੀ ਨੇ ਸਾਰੇ ਆਸਾਮ ਵਿੱਚ ਆਪਣਾ ਮਾਇਆ ਜਾਲ ਪਸਾਰਿਆ ਹੋਇਆ ਸੀ। ਜਦੋਂ ਭਾਈ ਮਰਦਾਨਾ ਜੀ ਨੂੰ ਭੁੱਖ ਲੱਗੀ ਤਾਂ ਉਹ ਕੁਝ ਖਾਣ ਲਈ ਨਗਰ ਵਿੱਚ ਗਏ। ਉੱਥੇ ਨੂਰ ਸ਼ਾਹ ਜਾਦੂਗਰਨੀ ਨੇ ਉਨ੍ਹਾਂ ਨੂੰ ਭੋਜਨ ਛਕਾ ਕੇ ਆਪਣੇ ਮਾਇਆ ਜਾਲ ਵਿੱਚ ਫਸਾ ਕੇ ਆਪਣਾ ਗੁਲਾਮ ਬਣਾ ਲਿਆ। ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਮਰਦਾਨਾ ਜੀ ਦੀ ਸਹਾਇਤਾ ਲਈ ਉੱਥੇ ਪਹੁੰਚੇ ਤਾਂ ਉਸ ਨੇ ਗੁਰੂ ਸਾਹਿਬ ਜੀ ਨੂੰ ਵੀ ਆਪਣੇ ਵੱਸ ਵਿੱਚ ਕਰਨ ਦੀ ਕੋਸ਼ਿਸ਼ ਕੀਤੀ, ਪਰ ਗੁਰੂ ਸਾਹਿਬ ਜੀ ਦੇ ਇਲਾਹੀ ਨੂਰ ਅੱਗੇ ਉਸ ਦੀਆਂ ਸਾਰੀਆਂ ਤਾਕਤਾਂ ਖਤਮ ਹੋ ਗਈਆਂ ਤੇ ਉਹ ਬਿਹਬਲ ਹੋ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਈ। ਗੁਰੂ ਜੀ ਦੇ ਉਪਦੇਸ਼ ਸਦਕਾ ਉਹ ਪ੍ਰਭੂ ਨਾਮ ਨਾਲ ਜੁੜ ਗਈ ਤੇ ਉਸ ਨੇ ਸਾਰੇ ਅਸਾਮ ਵਿੱਚ ਸੱਚ ਦਾ ਪ੍ਰਚਾਰ ਕੀਤਾ।

**ਜਗਨਨਾਥ ਪੁਰੀ** – ਆਸਾਮ ਤੋਂ ਵਾਪਸ ਆਉਂਦੇ ਹੋਏ ਗੁਰੂ ਸਾਹਿਬ ਜੀ ਹਿੰਦੂ ਧਰਮ ਦੇ ਬਹੁਤ ਵੱਡੇ ਤੀਰਥ ਅਸਥਾਨ ਜਗਨਨਾਥ ਪੁਰੀ ਵਿਖੇ ਪਹੁੰਚੇ। ਇੱਥੇ ਪਾਂਡਿਆਂ ਦੁਆਰਾ ਪੱਥਰ ਦੀ ਮੂਰਤੀ ਦੀ ਉਸ ਨੂੰ ਜਗਤ ਦਾ ਮਾਲਕ ਸਮਝ ਕੇ ਥਾਲੀ ਵਿੱਚ ਦੀਵੇ ਜਗਾ ਕੇ ਆਰਤੀ ਕੀਤੀ ਜਾਂਦੀ ਸੀ। ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਵੀ ਉਸ ਆਰਤੀ ਵਿੱਚ ਸ਼ਾਮਿਲ ਹੋਣ ਲਈ ਕਿਹਾ ਤਾਂ ਗੁਰੂ ਸਾਹਿਬ ਜੀ ਨੇ ਕਰਤੇ ਦੀ ਕੁਦਰਤ ਦੁਆਰਾ ਹੀ ਕਰਤੇ ਦੀ ਹੋ ਰਹੀ ਮਹਾਨ ਆਰਤੀ ਦਾ ਵਰਣਨ ਕਰਦਿਆਂ ਹੋਇਆਂ ਉਨ੍ਹਾਂ ਨੂੰ ਸਮਝਾਇਆ ਕਿ ਜਗਨਨਾਥ (ਜਗਤ ਦਾ ਮਾਲਕ) ਇੱਕ ਵਾਹਿਗੁਰੂ ਹੈ, ਜੋ ਰੂਪ-ਰੰਗ ਤੋਂ ਨਿਆਰਾ ਹੈ, ਇਸ ਲਈ ਉਸ ਦੀ ਆਰਤੀ ਥਾਲ ਵਿਚ ਦੀਵੇ ਜਗਾ ਕੇ, ਹੀਰੇ-ਮੋਤੀ ਸਜਾ ਕੇ ਤੇ ਧੂਫਾਂ ਧੁਖਾ ਕੇ ਨਹੀਂ ਉਤਾਰੀ ਜਾ ਸਕਦੀ, ਸਗੋਂ ਪ੍ਰਭੂ ਦੇ ਹੁਕਮ ਨੂੰ ਸਮਝ ਕੇ ਨਾਮ-ਬਾਣੀ ਦਾ ਸਿਮਰਨ ਕਰਨਾ ਹੀ ਉਸ ਦੀ ਸੱਚੀ ਆਰਤੀ ਹੈ। ਸਤਿਗੁਰੂ ਜੀ ਮਹਾਰਾਜ ਨੇ ਇਥੇ ਪਰਮਾਤਮਾ ਦੀ ਸੱਚੀ ਆਰਤੀ ਦੇ ਸੰਬੰਧ ਵਿੱਚ ਧਨਾਸਰੀ ਰਾਗ ਵਿੱਚ ਇਹ ਸ਼ਬਦ ਉਚਾਰਿਆ

**ਗਗਨ ਮਹਿ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ॥...**

ਇੱਥੇ ਹੀ ਕਲਯੁਗ ਨਾਮ ਦਾ ਇੱਕ ਪੰਡਤ ਰਹਿੰਦਾ ਸੀ। ਉਹ ਪਾਖੰਡ ਕਰਦਾ ਹੋਇਆ ਅੱਖਾਂ ਬੰਦ ਕਰਕੇ ਲੋਕਾਂ ਨੂੰ ਆਖ ਰਿਹਾ ਸੀ ਕਿ ਮੈਨੂੰ ਸ਼ਿਵ-ਲੋਕ, ਬ੍ਰਹਮ-ਲੋਕ ਤੇ ਇੰਦ੍ਰ ਲੋਕ ਦੇ ਦਰਸ਼ਨ ਹੋ ਰਹੇ ਹਨ। ਲੋਕ ਉਸ ਨੂੰ ਮੱਥਾ ਟੇਕਦੇ ਹੋਏ ਪੈਸੇ ਭੇਟ ਕਰ ਰਹੇ ਸਨ। ਗੁਰੂ ਜੀ ਨੇ ਚੁਪੀਤੇ ਜਿਹੇ ਉਸ ਦਾ ਲੋਟਾ ਚੁੱਕ ਕੇ ਉਸ ਦੇ ਪਿੱਛੇ ਲੁਕਾ ਦਿੱਤਾ। ਅੱਖਾਂ ਖੋਲ੍ਹਣ 'ਤੇ ਜਦੋਂ ਉਸ ਨੂੰ ਲੋਟਾ ਨਾ ਦਿੱਸਿਆ ਤਾਂ ਉਸ ਨੇ ਬੜਾ ਰੌਲਾ ਪਾਇਆ। ਗੁਰੂ ਜੀ ਆਖਣ ਲੱਗੇ ਪੰਡਤ ਜੀ ਹੁਣੇ ਤਾਂ ਤੁਹਾਨੂੰ ਤਿੰਨਾਂ ਲੋਕਾਂ ਦੇ ਦਰਸ਼ਨ ਹੋ ਰਹੇ ਸਨ, ਹੁਣ ਤਹਾਨੂੰ ਆਪਣੇ ਲੋਟੇ ਦਾ ਵੀ ਪਤਾ ਨਹੀਂ **ਲੱਗਾ** ਰਿਹਾ। ਗੁਰੂ ਜੀ ਦੇ ਇਹ ਬਚਨ ਸੁਣ ਕੇ ਸਭ ਨੂੰ ਪਤਾ ਚੱਲ ਗਿਆ ਕਿ ਇਹ ਪੰਡਤ ਪੈਸੇ ਲੁੱਟਣ ਲਈ ਕੇਵਲ ਪਾਖੰਡ ਕਰ ਰਿਹਾ ਹੈ। ਪੰਡਤ ਨੇ ਵੀ ਗੁਰੂ ਜੀ ਨੂੰ ਪ੍ਰਭੂ ਦਾ ਰੂਪ ਸਮਝਦਿਆਂ ਹੋਇਆਂ, ਆਪਣੇ ਪਾਖੰਡ ਨੂੰ ਕਬੂਲ ਕਰ ਲਿਆ ਅਤੇ ਉਨ੍ਹਾਂ ਦੇ ਚਰਨਾਂ 'ਤੇ ਢਹਿ ਕੇ ਮਾਫ਼ੀ ਮੰਗੀ ਅਤੇ ਅੱਗੇ ਤੋਂ ਸੱਚ ਦੇ ਮਾਰਗ 'ਤੇ ਚੱਲਣ ਦਾ ਪ੍ਰਣ ਕੀਤਾ।

**ਰੁਹੇਲ ਖੰਡ ਦੇ ਕੌਤਕ** – ਜਗਨਨਾਥ ਪੁਰੀ ਤੋਂ ਚੱਲ ਕੇ ਗੁਰੂ ਜੀ ਰੁਹੇਲ ਖੰਡ ਪਹੁੰਚੇ, ਜਿੱਥੇ ਲੋਕਾਂ ਨੂੰ ਗੁਲਾਮ ਬਣਾ ਕੇ ਖ਼੍ਰੀਦਿਆ ਤੇ ਵੇਚਿਆ ਜਾਂਦਾ ਸੀ। ਜਦੋਂ ਗੁਰੂ ਜੀ ਭਾਈ ਮਰਦਾਨਾ ਜੀ ਦੇ ਨਾਲ ਇੱਥੇ ਪਹੁੰਚੇ ਤਾਂ ਉਨ੍ਹਾਂ ਨੂੰ ਸਾਰੀ ਰਾਤ ਨੀਂਦ ਨਾ ਆਈ ਤੇ ਲੋਕਾਂ ਦੇ ਰੌਣ-ਕਰਲਾਉਣ ਦੀ ਆਵਾਜ਼ ਸੁਣਾਈ ਦਿੰਦੀ ਰਹੀ। ਸਵੇਰੇ ਉਨ੍ਹਾਂ ਭਾਈ ਮਰਦਾਨਾ ਜੀ ਨੂੰ ਕਿਹਾ, ਭਾਈ ਮਰਦਾਨਾ ਜੀ! ਤੁਸੀਂ ਕੁਝ ਦਿਨਾਂ ਲਈ ਮੇਰੇ ਤੋਂ ਦੂਰ ਚਲੇ ਜਾਉ ਕਿਉਂਕਿ ਅਸੀਂ ਹੁਣ ਜੋ ਕਰਨ ਜਾ ਰਹੇ ਹਾਂ, ਉਹ ਤੁਹਾਡੇ ਤੋਂ ਦੇਖਿਆ ਨਹੀਂ ਜਾਣਾ। ਭਾਈ

ਮਰਦਾਨਾ ਜੀ ਨਾ ਚਾਹੁੰਦੇ ਹੋਏ ਵੀ ਗੁਰੂ ਜੀ ਦਾ ਹੁਕਮ ਮੰਨ ਕੇ ਵਿਛੋੜੇ ਦੇ ਬੈਰਾਗ ਵਿੱਚ ਅੱਥਰੂ ਕੇਰਦੇ ਹੋਏ ਉੱਥੋਂ ਚਲੇ ਗਏ। ਭਾਈ ਮਰਦਾਨਾ ਜੀ ਦੇ ਇਹ ਪੁੱਛਣ 'ਤੇ ਕਿ ਫਿਰ ਮੇਲ ਕਿੱਥੇ ਹੋਵੇਗਾ, ਗੁਰੂ ਜੀ ਨੇ ਕਿਹਾ ਹਫ਼ਤੇ ਬਾਅਦ ਜਿੱਧਰ ਜਾਣ ਦੀ ਇੱਛਾ ਪੈਦਾ ਹੋਵੇ, ਉਧਰ ਆ ਜਾਣਾ, ਅਸੀਂ ਤੁਹਾਨੂੰ ਮਿਲ ਜਾਵਾਂਗੇ। ਗੁਰੂ ਪਿਤਾ ਜੀ ਸਮਾਧੀ ਸਥਿਤ ਇੱਕ ਪੱਥਰ 'ਤੇ ਬੈਠੇ ਹੋਏ ਸਨ ਕਿ ਇੱਕ ਰੁਹੇਲੇ ਨੇ ਆ ਕੇ ਗੁਰੂ ਜੀ ਦੀ ਬਾਂਹ ਫੜ੍ਹ ਲਈ ਤੇ ਆਪਣਾ ਗੁਲਾਮ ਬਣਾ ਕੇ ਘਰੇ ਲਿਜਾ ਕੇ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ। ਉਸ ਦੀ ਘਰਵਾਲੀ ਨੇ ਦੇਖਿਆ ਕਿ ਉਹ ਸਾਰਾ ਕਮਰਾ ਨੂਰ ਨਾਲ ਭਰਿਆ ਹੋਇਆ ਹੈ ਤੇ ਉਹ ਗੁਰੂ ਜੀ ਦਾ ਇਲਾਹੀ ਨੂਰ ਦੇਖ ਕੇ ਬੜੀ ਪ੍ਰਭਾਵਿਤ ਹੋਈ ਤੇ ਆਪਣੇ ਘਰਵਾਲੇ ਨੂੰ ਆਖਣ ਲੱਗੀ ਕਿ ਇਹ ਤਾਂ ਅੱਲਾ ਦਾ ਨੂਰ ਜਾਪਦਾ ਹੈ, ਇਸ ਲਈ ਇਸ ਨੂੰ ਵੇਚੋ ਨਾ, ਛੱਡ ਦਿਉ। ਪਰ ਉਹ ਇਸ ਗੱਲ ਲਈ ਬਜ਼ਿਦ ਸੀ ਕਿ ਮੈਂ ਇਸ ਅਨੋਖੇ ਗੁਲਾਮ ਨੂੰ ਦੋ ਅਰਬੀ ਘੋੜਿਆਂ ਬਦਲੇ ਵੇਚਾਂਗਾ। ਉਸ ਨੇ ਅਗਲੇ ਦਿਨ ਗੁਰੂ ਜੀ ਨੂੰ ਦੋ ਅਰਬੀ ਘੋੜਿਆ ਬਦਲੇ ਉਥੋਂ ਦੇ ਨਵਾਬ ਨੂੰ ਵੇਚ ਦਿੱਤਾ।

ਨਵਾਬ ਵੱਲੋਂ ਗੁਰੂ ਜੀ ਨੂੰ ਕੰਮ ਤੇ ਲਾਉਂਦੇ ਹੋਏ ਗਾਗਰ ਦੇ ਕੇ ਖੂਹ ਤੋਂ ਪਾਣੀ ਲਿਆਉਣ ਲਈ ਭੇਜਿਆ ਗਿਆ। ਪਰ ਉੱਥੇ ਪਾਣੀ ਨਹੀਂ ਸੀ ਤੇ ਸਾਰੇ ਖੂਹਾਂ ਵਿੱਚੋਂ ਪਾਣੀ ਸੁੱਕ ਚੁੱਕਾ ਸੀ। ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਗੁਰੂ ਸਾਹਿਬ ਜੀ ਜਦੋਂ ਵਾਪਸ ਆ ਰਹੇ ਸਨ ਤਾਂ ਨਵਾਬ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਦੁਆਲੇ ਇੱਕ ਅਨੋਖੇ ਪ੍ਰਕਾਸ਼ ਦਾ ਚੱਕਰ ਬਣਿਆ ਹੋਇਆ ਸੀ ਤੇ ਗਾਗਰ ਗੁਰੂ ਸਾਹਿਬ ਜੀ ਦੇ ਸਿਰ ਤੋਂ ਉਪਰ ਹਵਾ ਵਿੱਚ ਚੁੱਕੀ ਹੋਈ ਸੀ। ਨਵਾਬ ਇਹ ਕੌਤਕ ਦੇਖ ਕੇ ਬੜਾ ਭੈਭੀਤ ਹੋਇਆ ਤੇ ਉਸ ਨੂੰ ਸਮਝ ਆ ਗਈ ਕਿ ਇਹ ਤਾਂ ਅੱਲਾ-ਤਾਲਾ ਦਾ ਨੂਰ ਹੈ।

ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਮਾਫ਼ੀ ਮੰਗਣ ਲੱਗਾ। ਸਾਰੇ ਸ਼ਹਿਰ ਦੇ ਲੋਕ ਨਵਾਬ ਕੋਲ ਆ ਗਏ ਕਿ ਉਹ ਸ਼ਹਿਰ ਦਾ ਨਵਾਬ ਹੋਣ ਦੇ ਨਾਤੇ ਪਾਣੀ ਦਾ ਕੋਈ ਹੱਲ ਕਰੇ। ਨਵਾਬ ਗੁਰੂ ਜੀ ਨੂੰ ਬੇਨਤੀ ਕਰਨ ਲੱਗਾ ਕਿ ਤੁਸੀਂ ਅੱਲਾ-ਤਾਲਾ ਦੇ ਨੂਰ ਹੋ ਕਿਰਪਾ ਕਰੋ ਕਿ ਸੁੱਕੇ ਹੋਏ ਖੂਹਾਂ ਵਿੱਚ ਪਾਣੀ ਵਾਪਸ ਆ ਜਾਵੇ। ਗੁਰੂ ਸਾਹਿਬ ਜੀ ਉਸ ਨੂੰ ਆਖਣ ਲੱਗੇ ਕਿ ਤੂੰ ਨਵਾਬ ਹੈਂ, ਸਭ ਥਾਵਾਂ 'ਤੇ ਤੇਰਾ ਹੁਕਮ ਚੱਲਦਾ ਹੈ, ਪਾਣੀ ਨੂੰ ਵੀ ਹੁਕਮ ਕਰ ਕਿ ਉਹ ਵਾਪਸ ਆ ਜਾਵੇ। ਨਵਾਬ ਆਪਣੀਆਂ ਗਲਤੀਆਂ ਦਾ ਪਛਤਾਵਾ ਕਰਦਾ ਹੋਇਆ ਆਖਣ ਲੱਗਾ ਕਿ ਪਾਤਸ਼ਾਹ ਜੀ! ਮੇਰਾ ਹੁਕਮ ਤਾਂ ਇਥੇ ਦੋ ਚਾਰ ਲੋਕਾਂ 'ਤੇ ਹੀ ਚੱਲਦਾ ਹੈ, ਉਸ ਤੋਂ ਅੱਗੇ ਨਹੀਂ। ਪਰ ਆਪ ਜੀ ਦਾ ਹੁਕਮ ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚ ਚੱਲਦਾ ਹੈ, ਇਸ ਲਈ ਆਪ ਜੀ ਹੀ ਕਿਰਪਾ ਕਰਕੇ ਖੂਹਾਂ ਵਿੱਚ ਪਾਣੀ ਪੈਦਾ ਕਰ ਸਕਦੇ ਹੋ।

ਗੁਰੂ ਸਾਹਿਬ ਜੀ ਆਖਣ ਲੱਗੇ ਇਸ ਲਈ ਤੁਹਾਨੂੰ ਪਹਿਲਾਂ ਬੁਰੇ ਕੰਮ ਕਰਨੇ ਛੱਡ ਕੇ ਪ੍ਰਭੂ ਦੇ ਨਾਮ ਨਾਲ ਜੁੜਨਾ ਪਵੇਗਾ ਤੇ ਜਿੰਨੇ ਤੁਸੀਂ ਗੁਲਾਮ ਬਣਾਏ ਹੋਏ ਹਨ, ਉਨ੍ਹਾਂ ਸਾਰਿਆਂ ਨੂੰ ਰਿਹਾਅ ਕਰਕੇ, ਇੱਥੇ ਧਰਮਸ਼ਾਲਾ ਬਣਾਉ ਤੇ ਹਰੇਕ ਆਏ-ਗਏ ਦੀ ਸੇਵਾ ਕਰਨੀ ਪਵੇਗੀ। ਸਾਰੇ ਸ਼ਹਿਰ ਵਾਸੀਆਂ ਨੇ ਗੁਰੂ ਜੀ ਦਾ ਹੁਕਮ ਮੰਨਦੇ ਹੋਏ ਸਾਰੇ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਤੇ ਉੱਥੇ ਧਰਮਸ਼ਾਲਾ ਬਣਾਈ। ਉਸੇ ਸਮੇਂ ਸਾਰੇ ਖੂਹਾਂ ਵਿੱਚ ਪਾਣੀ ਆ ਗਿਆ ਤੇ ਚਾਰੇ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ। ਇੱਥੋਂ ਚੱਲ ਕੇ ਰਸਤੇ ਵਿੱਚ ਸੱਚ-ਧਰਮ ਦਾ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ ਜੀ ੧੫੧● ਈ: ਨੂੰ ਸੁਲਤਾਨਪੁਰ ਆ ਗਏ। ਇਸੇ ਸਮੇਂ ਹੀ ਗੁਰੂ ਸਾਹਿਬ ਜੀ ਨੇ ਅਜਿੱਤੇ ਰੰਧਾਵੇ ਵੱਲੋਂ ਦਿੱਤੀ ਗਈ ਜਗ੍ਹਾ 'ਤੇ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਨਾਂ ਦਾ ਨਗਰ ਵਸਾਇਆ।

**ਦੂਜੀ ਉਦਾਸੀ** : (੧੫੧● ਈ: ਤੋਂ ੧੫੧੬ ਈ: ਤੱਕ) ਕਰਤਾਰਪੁਰ ਵਿਖੇ ਕੁਝ ਸਮਾਂ ਰੁਕਣ ਤੋਂ ਬਾਅਦ ਗੁਰੂ ਜੀ ਨੇ ਦੱਖਣ ਪਾਸੇ ਵੱਲ ਦੀ ਦੂਜੀ ਉਦਾਸੀ ਆਰੰਭ ਕੀਤੀ। ਇਸ ਉਦਾਸੀ ਵਿੱਚ ਭਾਈ ਮਰਦਾਨਾ ਜੀ, ਸੈਦੋ ਅਤੇ ਸ਼ੀਹਾ ਆਪ ਜੀ ਦੇ ਨਾਲ ਸਨ। ਕਰਤਾਰਪੁਰ ਤੋਂ ਮਾਲਵੇ ਦੇਸ਼ ਵਿੱਚੋਂ ਦੀ ਹੁੰਦੇ ਹੋਏ, ਸਤਿਗੁਰੂ ਨਾਨਕ ਦੇਵ ਜੀ ਸਿਰਸਾ ਵਿਖੇ ਪਹੁੰਚੇ, ਜੋ ਕਿ ਮੁਸਲਮਾਨ ਸੂਫੀ ਫਕੀਰਾਂ ਦੇ ਪ੍ਰਚਾਰ ਦਾ ਅੱਡਾ ਸੀ। ਇਹ ਫਕੀਰ ਕਠਨ ਤਪ ਸਾਧ ਕੇ ਕਰਮਾਤਾਂ ਵਿਖਾ ਕੇ ਲੋਕਾਂ ਨੂੰ ਆਪਣੇ ਮਗਰ ਲਾਉਂਦੇ ਸਨ। ਉਨ੍ਹਾਂ ਗੁਰੂ ਸਾਹਿਬ ਜੀ ਨੂੰ ਵੀ ਕਿਹਾ ਜੇ ਤੁਸੀਂ ਵਲੀ-ਅਵਤਾਰ ਹੋ ਤਾਂ ਸਾਡੇ ਵਾਂਗ ਇੱਕ ਜੌਂ ਦੇ ਦਾਣੇ ਅਤੇ ਪਾਣੀ ਦੇ ਲੋਟੇ 'ਤੇ ਚਾਲੀਹਾ ਕੱਟ ਕੇ ਵਿਖਾਉ। ਗੁਰੂ ਸਾਹਿਬ ਜੀ ਨੇ ਕਿਹਾ ਤਪ ਤੇ ਹੱਠ ਕਰਨ ਦੀ ਬਜਾਏ ਮਨ ਨੂੰ ਪ੍ਰਭੂ ਦੀ ਪ੍ਰੇਮਾ ਭਗਤੀ ਵਿੱਚ ਲਾਉਣਾ ਚਾਹੀਦਾ ਹੈ। ਪਰ ਜਦੋਂ ਸੂਫੀ ਫਕੀਰ ਆਪਣੀ ਜਿਦ 'ਤੇ ਅੜੇ ਰਹੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸਿੱਧੇ ਰਾਹ ਪਾਉਣ ਲਈ ਪਰਮਾਤਮਾ ਦਾ ਨਾਮ ਜਪਦਿਆਂ ਹੋਇਆਂ ਚਾਲੀ ਦਿਨ ਬਿਨਾਂ ਕੁਝ ਖਾਧੇ-ਪੀਤੇ ਰਹਿ ਕੇ ਉਨ੍ਹਾਂ ਦਾ ਹੰਕਾਰ ਤੋੜਿਆ। ਜਿੱਥੇ ਕਿ ਅੱਜ-ਕੱਲ੍ਹ ਗੁਰਦੁਆਰਾ ਚਿਲ੍ਹਾ ਸਾਹਿਬ ਸੁਸ਼ੋਭਿਤ ਹੈ।

**ਬੀਕਾਨੇਰ** - ਸੂਫੀ ਫਕੀਰਾਂ ਨੂੰ ਸੱਚ ਦੇ ਰਸਤੇ ਪਾ ਗੁਰੂ ਸਾਹਿਬ ਜੀ ਬੀਕਾਨੇਰ ਪਹੁੰਚੇ। ਉਸ ਸਮੇਂ ਇਸ ਇਲਾਕੇ ਵਿੱਚ ਜੈਨੀਆਂ ਦਾ ਬੜਾ ਪ੍ਰਭਾਵ ਸੀ। ਇਹ ਲੋਕ ਆਪਣੇ ਨੇਮਾਂ ਅਨੁਸਾਰ ਏਨੇ ਵਹਿਮਾਂ-ਭਰਮਾਂ ਦੇ ਸ਼ਿਕਾਰ ਹੋ ਗਏ ਸਨ ਕਿ ਇਸ਼ਨਾਨ ਨਾ ਕਰਨਾ, ਮੈਲੇ ਰਹਿਣਾ, ਜੂਆਂ ਨਾ ਮਾਰਨੀਆਂ, ਮੂੰਹ 'ਤੇ ਪੱਟੀ ਬੰਨ੍ਹ ਕੇ ਰੱਖਣੀ ਆਦਿ ਨੂੰ ਹੀ ਆਪਣਾ ਧਰਮ ਤੇ ਪ੍ਰਭੂ ਪ੍ਰਾਪਤੀ ਦਾ ਰਸਤਾ ਸਮਝਦੇ

ਸਨ। ਗੁਰੂ ਸਾਹਿਬ ਜੀ ਨੇ ਇਨ੍ਹਾਂ ਦੇ ਸਾਰੇ ਭਰਮ ਨਿਰਵਰਤ ਕਰਕੇ ਸੱਚ ਦੇ ਮਾਰਗ 'ਤੇ ਪਾਇਆ। ਗੁਰੂ ਸਾਹਿਬ ਜੀ ਦੀ ਯਾਦ ਵਿੱਚ ਅੱਜ-ਕੱਲ੍ਹ ਉੱਥੇ ਗੁਰਦੁਆਰਾ ਕੁਲਾਇਤ ਸਾਹਿਬ ਸੁਸ਼ੋਭਿਤ ਹੈ।

**ਅਜਮੇਰ** – ਇਹ ਵੀ ਜੋਗੀਆਂ ਅਤੇ ਮੁਸਲਮਾਨ ਫਕੀਰਾਂ ਦਾ ਗੜ੍ਹ ਸੀ। ਗੁਰੂ ਜੀ ਨੇ ਦੋਹਾਂ ਨਾਲ ਧਾਰਮਿਕ ਵਿਚਾਰ ਕੀਤੀ ਅਤੇ ਦੋਹਾਂ ਨੂੰ ਸੱਚੇ ਧਰਮ ਦੇ ਰਾਹੇ ਪਾਇਆ। ਗੁਰੂ ਪਿਤਾ ਜੀ ਨੇ ਦੱਸਿਆ ਕਿ ਸਾਰੀ ਮਨੁੱਖਤਾ ਨਾਲ ਪਿਆਰ ਤੇ ਹਮਦਰਦੀ ਕਰਨੀ, ਹੱਕ ਹਲਾਲ ਦੀ ਕਮਾਈ ਕਰਨੀ ਅਤੇ ਵੰਡ ਕੇ ਛਕਣਾ ਮਨੁੱਖ ਮਾਤਰ ਦਾ ਸਭ ਤੋਂ ਉੱਤਮ ਧਰਮ ਹੈ।

**ਓਅੰਕਾਰੇਸ਼ਵਰ** – ਅਜਮੇਰ ਤੋਂ ਅੱਗੇ ਜਾ ਕੇ ਸਤਿਗੁਰੂ ਜੀ ਨੇ ਓਅੰਕਾਰੇਸ਼ਵਰ ਜ਼ਿਲ੍ਹਾ ਖੰਡਵਾ (ਮੱਧ ਪ੍ਰਦੇਸ਼) ਵਿਖੇ ਹਿੰਦੂ ਧਰਮ ਦੇ ਪ੍ਰਸਿੱਧ ਮੰਦਰ ਦੇ ਮੁਖੀ ਪੰਡਿਤਾਂ ਨਾਲ ਧਰਮ ਬਾਰੇ ਵਿਚਾਰ-ਚਰਚਾ ਕੀਤੀ ਅਤੇ ਸੱਚ ਧਰਮ ਦਾ ਉਪਦੇਸ਼ ਦਿੱਤਾ। ਇਤਿਹਾਸ ਮੁਤਾਬਿਕ ਇੱਥੇ ਹੀ ਗੁਰੂ ਸਾਹਿਬ ਜੀ ਨੇ 'ਓਅੰਕਾਰ' ਬਾਣੀ ਦੀ ਰਚਨਾ ਕੀਤੀ।

**ਇੰਦੌਰ** – ਅਜ਼ਮੇਰ ਤੋਂ ਗੁਰੂ ਸਾਹਿਬ ਜੀ ਇੰਦੌਰ ਦੇ ਨਗਰ ਬੇਟਮਾ ਵਿਖੇ ਪਹੁੰਚੇ, ਜਿੱਥੇ ਕਿ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਚਰਨ ਪਾਦੁਕਾ ਸਾਹਿਬ ਸੁਸ਼ੋਭਿਤ ਹੈ।

**ਕੌਡਾ ਭੀਲ** – ਮਾਲਾਤਾਲ ਜੱਬਲਪੁਰ, ਮੱਧਭਾਰਤ ਦੇ ਜੰਗਲਾਂ-ਪਹਾੜਾਂ ਵਿੱਚ ਦੀ ਹੁੰਦੇ ਹੋਏ ਗੁਰੂ ਪਿਤਾ ਜੀ ਭਾਈ ਮਰਦਾਨਾ ਜੀ ਅਤੇ ਸਾਥੀ ਸੈਦੋ ਤੇ ਸ਼ੀਹਾ ਛੀਂਬਾ ਸਮੇਤ ਇੱਕ ਘਣੇ ਜੰਗਲ ਵਿੱਚ ਪਹੁੰਚੇ, ਜਿੱਥੇ ਕਿ ਕੁਝ ਖਾਣ ਦੀ ਭਾਲ ਵਿੱਚ ਭਾਈ ਮਰਦਾਨਾ ਜੀ, ਰਾਖਸ਼ਿਸ਼ ਬਿਰਤੀ ਵਾਲੇ ਇਨਸਾਨ ਕੌਡੇ ਭੀਲ ਦੇ ਚੁੰਗਲ ਵਿੱਚ ਫਸ ਗਏ। ਕੌਡਾ ਮੈਦਾਨੀ ਇਲਾਕੇ ਦੇ ਲੋਕਾਂ ਪ੍ਰਤੀ ਗਹਿਰੀ ਨਫਰਤ ਰੱਖਦਾ ਸੀ, ਜਿਸ ਕਰਕੇ ਉਹ ਮਾਨਸ ਖਾਣਾ ਬਣ ਗਿਆ ਸੀ। ਜਦੋਂ ਇਹ ਭਾਈ ਮਰਦਾਨਾ ਜੀ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੋਇਆ ਤੇਲ ਦੇ ਕੜਾਹੇ ਵਿੱਚ ਸੁੱਟਣ ਲੱਗਾ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਉੱਥੇ ਪਹੁੰਚ ਕੇ ਕੌਡੇ ਦੀ ਬਾਂਹ ਫੜ੍ਹਕੇ ਉਸ ਨੂੰ ਹਲੂਣਿਆ ਤਾਂ ਉਸ ਨੂੰ ਇਕ ਦਮ ਬਿਜਲੀ ਦਾ ਕਰੰਟ ਲੱਗਣ ਦੀ ਤਰ੍ਹਾਂ ਅਨੁਭਵ ਹੋਇਆ ਤੇ ਉਸ ਨੇ ਸੋਚਿਆ ਕਿ ਇਹ ਕੋਈ ਆਮ ਇਨਸਾਨ ਨਹੀਂ ਬਲਕਿ ਕੋਈ ਅਵਤਾਰੀ ਪੁਰਸ਼ ਜਾਪਦਾ ਹੈ। ਉਹ ਗੁਰੂ ਨਾਨਕ ਦੇਵ ਜੀ ਦਾ ਜਾਹੋ-ਜ਼ਲਾਲ ਨਾ ਝੱਲਦਾ ਹੋਇਆ ਗੁਰੂ ਪਿਤਾ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਪਿਛਲੇ ਕੀਤੇ ਹੋਏ ਗੁਨਾਹਾਂ ਦੀ ਮਾਫ਼ੀ ਮੰਗਣ ਲੱਗਾ। ਮਹਾਰਾਜ ਨੇ ਉਸ ਨੂੰ ਸੱਚ ਧਰਮ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਕੌਡਾ ਗੁਰੂ ਜੀ ਦਾ ਉਪਦੇਸ਼ ਧਾਰਨ ਕਰਕੇ ਸੱਚ ਧਰਮ ਦਾ ਪ੍ਰਚਾਰਕ ਬਣ ਗਿਆ।

**ਰਾਜਾ ਸ਼ਿਵਨਾਭ** – ਕੌਡੇ ਨੂੰ ਸੱਚ-ਧਰਮ ਦਾ ਉਪਦੇਸ਼ ਦੇਣ ਤੋਂ ਬਾਅਦ ਹੈਦਰਾਬਾਦ, ਗੋਲਕੰਡਾ, ਪੁੰਡੀਚੇਰੀ ਆਦਿ ਥਾਵਾਂ 'ਤੇ ਸੱਚ ਧਰਮ ਦਾ ਉਪਦੇਸ਼ ਦਿੰਦੇ ਹੋਏ ਗੁਰੂ ਸਾਹਿਬ ਜੀ ਸੰਗਲਾਦੀਪ ਪਹੁੰਚੇ। ਇਥੋਂ ਦਾ ਰਾਜਾ ਸ਼ਿਵਨਾਭ ਪਹਿਲਾਂ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਸਿੱਖ ਭਾਈ ਮਨਸੁੱਖ ਜੀ ਦੀ ਸੰਗਤ ਸਦਕਾ ਉਨ੍ਹਾਂ ਦਾ ਸਿੱਖ ਬਣਿਆ ਹੋਇਆ ਸੀ ਤੇ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ ਸੀ। ਅਨੇਕਾਂ ਪਾਖੰਡੀ ਸੰਤ ਆਪਣੇ-ਆਪ ਨੂੰ ਗੁਰੂ ਨਾਨਕ ਅਖਵਾ ਕੇ ਰਾਜੇ ਨੂੰ ਆਪਣਾ ਚੇਲਾ ਬਣਾਉਂਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਉਸ ਨੂੰ ਉਨ੍ਹਾਂ ਵਿੱਚ ਭਾਈ ਮਨਸੁੱਖ ਦੁਆਰਾ ਦੱਸੇ ਗੁਰੂ ਨਾਨਕ ਵਾਲੇ ਇਲਾਹੀ ਗੁਣ ਨਜ਼ਰ ਨਾ ਆਉਂਦੇ ਤਾਂ ਉਹ ਉਨ੍ਹਾਂ ਦੇ ਪਾਖੰਡ ਨੂੰ ਜਾਣ ਜਾਂਦਾ। ਇਸ ਲਈ ਰਾਜੇ ਨੇ ਪਾਖੰਡੀ ਸਾਧੂ-ਸੰਤਾਂ ਦੀ ਲੁੱਟ ਤੋਂ ਬਚਣ ਲਈ ਆਉਣ ਵਾਲੇ ਹਰੇਕ ਸਾਧੂ-ਸੰਤ ਦੀ ਪਰੀਖਿਆ ਲੈਣੀ ਸ਼ੁਰੂ ਕਰ ਦਿੱਤੀ। ਜਦੋਂ ਗੁਰੂ ਸਾਹਿਬ ਜੀ ਉਸ ਦੇ ਬਾਗ ਵਿਚ ਪਹੁੰਚੇ ਤਾਂ ਚਿਰਾਂ ਤੋਂ ਸੁੱਕਿਆ ਹੋਇਆ ਉਸ ਦਾ ਬਾਗ ਹਰਿਆ-ਭਰਿਆ ਹੋ ਗਿਆ। ਉਸ ਨੇ ਪਰਖ ਲਈ ਸੁੰਦਰ ਇਸਤਰੀਆਂ ਭੇਜੀਆਂ, ਜਦੋਂ ਉਹ ਗੁਰੂ ਜੀ ਨੂੰ ਭਰਮਾਉਣ ਲਈ ਹਾਵ-ਭਾਵ ਕਰਨ ਲੱਗੀਆਂ ਤਾਂ ਗੁਰੂ ਪਿਤਾ ਜੀ ਨੇ ਫਰਮਾਇਆ : **'ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮ ਭਣਹੁ ਸਚੁ ਦੋਤੁ ਸੁਆਰਿ'**॥ ਮੋਹਨ ਆਈਆਂ ਖੁਦ ਮੋਹੀਆਂ ਗਈਆਂ। ਜਦੋਂ ਗੁਰੂ ਜੀ ਨੇ ਉਨ੍ਹਾਂ ਨੂੰ ਪੁਤਰੀਆਂ ਆਖ ਕੇ ਸੰਬੋਧਨ ਕੀਤਾ ਤਾਂ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਗੁਰੂ ਸਾਹਿਬ ਜੀ ਦੇ ਪ੍ਰੇਮ ਰੰਗ ਵਿਚ ਰੰਗੀਆਂ ਉਨ੍ਹਾਂ ਇਸਤਰੀਆਂ ਨੇ ਜਾ ਕੇ ਰਾਜੇ ਨੂੰ ਕਿਹਾ, "ਹੇ ਰਾਜਨ! ਜਿਸ ਨਾਨਕ ਗੁਰੂ ਦੀ ਤੈਨੂੰ ਉਡੀਕ ਸੀ, ਉਹ ਆ ਗਿਆ ਹੈ ਤੇ ਉਸ ਦੀ ਚਰਨ ਛੋਹ ਨਾਲ ਤੇਰਾ ਸੁੱਕਾ ਬਾਗ ਵੀ ਹਰਿਆ-ਭਰਿਆ ਹੋ ਗਿਆ ਹੈ।"ਇਹ ਸੁਣ ਕੇ ਪ੍ਰੇਮ ਦਾ ਮਾਰਿਆ ਰਾਜਾ ਉੱਠ ਭੱਜਿਆ, ਨਾ ਘੋੜਾ, ਨਾ ਪਾਲਕੀ, ਨਾ ਰਾਜ ਦਾ ਖਿਆਲ, ਬਸ ਵਾਹੋ-ਦਾਹੀ ਨੱਸਿਆ ਜਾ ਰਿਹਾ ਸੀ। ਉਸ ਨੇ ਪ੍ਰੇਮ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਬੈਰਾਗ ਵਿੱਚ ਆ ਕੇ ਹੰਝੂਆਂ ਨਾਲ ਗੁਰੂ ਪਾਤਸ਼ਾਹ ਜੀ ਦੇ ਚਰਨ ਧੋ ਦਿੱਤੇ। ਬੜੇ ਪ੍ਰੇਮ ਤੇ ਸਤਿਕਾਰ ਨਾਲ ਗੁਰੂ ਸਾਹਿਬ ਜੀ ਦਾ ਉਤਾਰਾ ਆਪਣੇ ਮਹਿਲਾਂ ਵਿਚ ਕਰਵਾਇਆ ਤੇ ਬੜੇ ਹੀ ਉਤਸ਼ਾਹ ਨਾਲ ਆਪਣੇ ਹੱਥੀਂ ਉਨ੍ਹਾਂ ਦੀ ਸੇਵਾ ਕਰਦਾ ਰਿਹਾ। ਗੁਰੂ ਜੀ ਨੇ ਉਸ ਨੂੰ ਚੰਗਾ ਰਾਜ ਕਮਾਉਣ ਅਤੇ ਮਨੁੱਖਤਾ ਦੀ ਸੇਵਾ ਕਰਨ ਦਾ ਉਪਦੇਸ਼ ਦੇ ਕੇ ਸੱਚ ਦੇ ਮਾਰਗ 'ਤੇ ਤੋਰਿਆ। ਰਾਜੇ ਸ਼ਿਵਨਾਭ ਨੂੰ ਸਿੱਖੀ ਦੇ ਪ੍ਰਚਾਰ ਦਾ ਕੰਮ ਸੌਂਪ ਕੇ ਗੁਰੂ ਜੀ ਉਥੋਂ ਵਿਦਾ ਹੋਏ।

**ਰਾਮੇਸ਼੍ਵਰਮ** – ਵਾਪਸ ਮੁੜ ਕੇ ਗੁਰੂ ਸਾਹਿਬ ਜੀ ਰਮੇਸ਼੍ਵਰਮ ਪਹੁੰਚੇ, ਜੋ ਕਿ ਹਿੰਦੂ ਧਰਮ ਦਾ ਮਹਾਨ ਧਰਮ ਅਸਥਾਨ ਹੈ। ਸ੍ਰੀ ਰਾਮ ਚੰਦ੍ਰ ਜੀ ਨੇ ਲੰਕਾ ਨੂੰ ਜਾਣ ਸਮੇਂ ਸਮੁੰਦਰ ’ਤੇ ਪੁਲ ਬਣਾ ਕੇ ਇਥੇ ਸ਼ਿਵਲਿੰਗ ਸਥਾਪਿਤ ਕੀਤਾ ਸੀ। ਇਤਿਹਾਸ ਮੁਤਾਬਿਕ ਇਥੇ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਪੰਡਤ ਹਰਦਾਸ ਜੀ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ, ਜੋ ਕਿ ਕਾਫੀ ਸਮੇਂ ਤੋਂ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ ਸੀ। ਇਥੇ ਗੁਰੂ ਸਾਹਿਬ ਜੀ ਨੇ ੧੯ ਦਿਨ ਦਾ ਟਿਕਾਣਾ ਕੀਤਾ।

**ਕਜਲੀਬਨ** – ਰਾਮੇਸ਼ਵਰਮ ਤੋਂ ਵਾਪਸੀ ’ਤੇ ਗੁਰੂ ਸਾਹਿਬ ਜੀ ਗੁਰਸਿੱਖੀ ਦੇ ਪ੍ਰਚਾਰ ਕੇਂਦਰ ਕਰਦੇ-ਕਰਦੇ ਕਜਲੀਬਨ ਨਾਮਕ ਥਾਂ ’ਤੇ ਪੁੱਜੇ। ਇਸ ਥਾਂ ’ਤੇ ਸਿੱਧਾਂ, ਜੋਗੀਆਂ ਦਾ ਵੱਡਾ ਡੇਰਾ ਸੀ, ਜੋ ਕਿ ਲੋਕਾਂ ਨੂੰ ਰਿਧੀਆਂ-ਸਿੱਧੀਆਂ ਤੇ ਕਾਰਮਾਤਾਂ ਦਿਖਾ ਕੇ ਪ੍ਰਭੂ ਨਾਲ ਜੋੜਨ ਦੀ ਬਜਾਏ ਆਪਣੇ ਨਾਲ ਜੋੜਦੇ ਸਨ। ਗੁਰੂ ਜੀ ਨੇ ਇਨ੍ਹਾਂ ਨੂੰ ਸਮਝਾਇਆ ਕਿ ਅਸਲ ਯੋਗ ਇਹ ਨਹੀਂ ਜੋ ਤੁਸੀਂ ਘਰ-ਬਾਹਰ ਤਿਆਗ ਕੇ ਤੇ ਸ਼ਰਾਬਾਂ ਪੀ ਕੇ ਕਮਾਉਂਦੇ ਹੋ, ਅਸਲ ਯੋਗ ਇਹ ਹੈ ਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਰਹਿ ਕੇ ਪ੍ਰਭੂ ਦਾ ਨਾਮ ਜਪਿਆ ਜਾਏ। ਇਸ ਬਾਬਤ ਗੁਰੂ ਸਾਹਿਬ ਜੀ ਦੇ ਬਚਨ ਇਸ ਪ੍ਰਕਾਰ ਹਨ :

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥**
**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥**
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥**
**ਗਲੀ ਜੋਗੁ ਨ ਹੋਈ ॥**
**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੭੩●)

ਸਾਰੇ ਸਿੱਧਾਂ ਨੇ ਗੁਰੂ ਜੀ ਦੇ ਅੱਗੇ ਸਿਰ ਨਿਵਾਇਆ ਅਤੇ ਉਨ੍ਹਾਂ ਦੇ ਦੱਸੇ ਰਾਹ ’ਤੇ ਤੁਰਨ ਦਾ ਪ੍ਰਣ ਕੀਤਾ। ਕਜਲੀਬਨ ਤੋਂ ਚੱਲ ਕੇ ਰਸਤੇ ਵਿਚ ਸੱਚੇ ਧਰਮ ਦਾ ਪ੍ਰਚਾਰ ਕਰਦੇ ਹੋਏ ੧੫੧੫ ਈ: ਨੂੰ ਕਰਤਾਰਪੁਰ ਆਣ ਪਹੁੰਚੇ। ਇਸ ਤਰ੍ਹਾਂ ਗੁਰੂ ਸਾਹਿਬ ਜੀ ਦੀ ਇਹ ਦੂਜੀ ਪ੍ਰਚਾਰ ਫੇਰੀ ਸੰਪੂਰਨ ਹੋਈ।

**ਤੀਜੀ ਉਦਾਸੀ** : (ਸੰਨ ੧੫੧੬ ਤੋਂ ੧੫੧੮ ਈ: ਤੱਕ) ਤੀਜੀ ਉਦਾਸੀ ਗੁਰੂ ਨਨਾਕ ਸਾਹਿਬ ਜੀ ਨੇ ਉਤਰਾਖੰਡ ਦੀ ਆਰੰਭੀ। ਭਾਈ ਮਰਦਾਨਾ ਜੀ, ਹੱਸੂ ਲੋਹਾਰ ਅਤੇ ਸ਼ੀਹਾ ਛੀਂਬਾ ਆਪ ਜੀ ਦੇ ਨਾਲ ਸਨ। ਗੁਰੂ ਸਾਹਿਬ ਜੀ ਕਰਤਾਰਪੁਰ ਤੋਂ ਚੱਲ ਕੇ ਕਸ਼ਮੀਰ ਪਹੁੰਚੇ। ਇੱਥੇ ਮਟਨ ਵਿਖੇ ਬ੍ਰਹਮ ਦਾਸ ਨਾਂ ਦਾ ਵਿਦਵਾਨ ਪੰਡਤ ਸੀ, ਜਿਸ ਨੂੰ ਸਾਧੂਆਂ-ਸੰਤਾਂ, ਪੰਡਤਾਂ ਤੇ ਵਿਦਵਾਨਾਂ ਨਾਲ ਚਰਚਾ ਕਰਨ ਦਾ ਬਹੁਤ ਰਸ ਸੀ, ਉਹ ਆਪ ਜੀ ਨੂੰ ਮਿਲਿਆ। ਇਹ ਹਰ ਸਮੇਂ ਆਪਣੇ ਨਾਲ ਗ੍ਰੰਥਾਂ ਦੇ ਗੱਡੇ ਲੱਦ ਕੇ ਚਲਦਾ ਸੀ। ਚਰਚਾ ਵਿੱਚ ਦੂਜਿਆਂ ਨੂੰ ਹਰਾਉਣਾ ਹੀ ਇਸ ਨੇ ਆਪਣਾ ਵੱਡਾ ਧਰਮ ਸਮਝਿਆ ਹੋਇਆ ਸੀ। ਉਸ ਨੇ ਗੁਰੂ ਜੀ ਨਾਲ ਵੀ ਆਪਣੀ ਵਿਦਵਤਾ ਦੀ ਚਰਚਾ ਛੇੜੀ। ਸਤਿਗੁਰਾਂ ਨੇ ਇਸ ਮਾਨ-ਮਤੇ ਪੰਡਤ ਨੂੰ ਚਰਚਾ ਵਿੱਚ ਹਰਾ ਕੇ ਉਸ ਦਾ ਹੰਕਾਰ ਤੋੜਿਆ ਤੇ ਉਸ ਨੂੰ ਸਮਝਾਇਆ ਕਿ ਵਿਖਾਵੇ ਮਾਤਰ ਧਾਰਮਿਕ ਪੁਸਤਕਾਂ ਦੇ ਪਾਠ-ਪਠਣ ਤੇ ਹਉਮੈ ਉਪਜਾਉਣ ਵਾਲੀ ਧਰਮ ਚਰਚਾ ਨਾਲ ਪ੍ਰਭੂ ਨਹੀਂ ਪਤੀਜਦਾ, ਸਗੋਂ ਉਹ ਤਾਂ ਪ੍ਰੇਮਾ ਭਗਤੀ ਨਾਲ ਹੀ ’ਤੇ ਹੀ ਪਤੀਜਦਾ ਹੈ। ਇਤਿਹਾਸਕਾਰਾਂ ਮੁਤਾਬਿਕ ਸਤਿਗੁਰੂ ਜੀ ਨੇ ਉਸ ਨੂੰ ਹੇਠ ਲਿਖਿਆ ਉਪਦੇਸ਼ ਦਿੱਤਾ :

**ਸਲੋਕੁ ਮਃ ੧ ॥**
**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥**
**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥**
**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥**
**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥**
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੪੬੭)

ਗੁਰੂ ਜੀ ਦੇ ਇਸ ਉਪਦੇਸ਼ ਸਦਕਾ ਪੰਡਤ ਬ੍ਰਹਮ ਦਾਸ ਤੇ ਉਸ ਦੇ ਚੇਲੇ ਕਮਾਲ ਨੇ ਸਿੱਖੀ ਧਾਰਨ ਕੀਤੀ ਤੇ ਦੋਵੇਂ ਕਸ਼ਮੀਰ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਇੱਥੋਂ ਆਪ ਜੀ ਸ਼ਿਵਾਲਿਕ ਦੀਆਂ ਪਹਾੜੀਆਂ ਵੱਲ ਨੂੰ ਹੋਏ ਤੇ ਮਾਖੋਵਾਲ (ਆਨੰਦਪੁਰ ਸਾਹਿਬ) ਹੁੰਦੇ ਹੋਏ ਜਿੱਥੇ ਅੱਜ-ਕੱਲ੍ਹ ਕੀਰਤਪੁਰ ਸਾਹਿਬ ਵਸਿਆ ਹੋਇਆ ਹੈ, ਉੱਥੇ ਪੀਰ ਬੁੱਢਣ ਸ਼ਾਹ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ। ਉਸ ਨੇ ਗੁਰੂ ਜੀ ਨੂੰ ਬੱਕਰੀਆਂ ਦੇ ਦੁੱਧ ਦਾ ਗਲਾਸ ਪੇਸ਼ ਕੀਤਾ ਤਾਂ ਗੁਰੂ ਪਿਤਾ ਜੀ ਨੇ ਕਿਹਾ, "ਸਾਈਂ ਜੀ ! ਇਹ ਦੁੱਧ ਅਸੀਂ ਛੇਵੇਂ ਜਾਮੇ ਵਿੱਚ ਛਕਾਂਗੇ।" ਇੱਥੋਂ ਗੁਰੂ ਜੀ ਸ਼ਿਵਾਲਿਕ ਦੀਆਂ ਪਹਾੜੀਆਂ ਰਾਹੀਂ ਹਰੀਪੁਰ ਤੋਂ ਹੁੰਦੇ ਹੋਏ ਸਿਰਮੌਰ ਪਹੁੰਚੇ ਤੇ ਇੱਥੋਂ ਬੜੂ ਸਾਹਿਬ ਦੇ ਅਸਥਾਨ ਰਾਹੀਂ ਪ੍ਰਚਾਰ ਕਰਦੇ ਹੋਏ ਟੀਰੀ-ਗੜਵਾਲ ਤੋਂ ਹੁੰਦੇ ਹੋਏ ਬਦਰੀ ਨਾਥ ਪਹੁੰਚੇ ਤੇ ਉੱਥੇ ਪੰਡਿਤਾਂ ਦੇ ਕਹਿਣ ਤੇ ਕਿ ਇੱਥੇ ਪਾਣੀ ਬਹੁਤ ਠੰਢਾ ਹੈ ਤੇ ਯਾਤਰੂਆਂ ਨੂੰ ਇਸ਼ਨਾਨ ਕਰਨ ਵਿੱਚ ਦਿਕਤ ਆਉਂਦੀ ਹੈ। ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਸਵੀਕਾਰਦੇ ਹੋਏ ਉੱਥੋਂ ਇਕ ਪੱਥਰ ਚੁੱਕ ਕੇ ਗਰਮ ਜਲ ਦਾ ਚਸ਼ਮਾ ਪ੍ਰਗਟ ਕੀਤਾ, ਜਿੱਥੇ ਸਾਰੇ ਯਾਤਰੂ ਇਸ਼ਨਾਨ ਕਰਦੇ ਹਨ। ਇੱਥੋਂ ਅੱਗੇ ਆਪ ਜੀ ਹੇਮਕੁੰਟ ਤੋਂ ਹੁੰਦੇ ਹੋਏ ਨੇਪਾਲ, ਸਿੱਕਮ, ਭੂਟਾਨ ਤੋਂ ਹੁੰਦੇ ਹੋਏ ਚੀਨ ਪਹੁੰਚੇ, ਜਿੱਥੇ ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦੇ ਨਾਂ 'ਤੇ ਨਾਨਕਿੰਗ ਨਾਮ ਦਾ ਸ਼ਹਿਰ ਵਸਿਆ ਹੋਇਆ ਹੈ। ਉੱਥੇ ਉਪਦੇਸ਼ ਦੇਣ ਤੋਂ ਬਾਅਦ ਗੁਰੂ ਜੀ ਤਿੱਬਤ ਆਏ ਅਤੇ ਸ਼ੁਮੇਰ ਪਰਬਤ (ਕੈਲਾਸ਼ ਪਰਬਤ) 'ਤੇ ਜਾ ਚੜ੍ਹੇ, ਜੋ ਮਾਨ ਸੋਰਵਰ ਦੇ ਕੰਢੇ 'ਤੇ ਹੈ। ਇੱਥੇ ਪਹਾੜਾਂ ਦੀਆਂ ਗੁਫਾਵਾਂ ਵਿੱਚ ਸਿੱਧ ਤੇ ਜੋਗੀ ਨਿਵਾਸ ਕਰਦੇ ਸਨ। ਉਹ ਸਤਿਗੁਰਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਦੇਖ ਕੇ ਬੜੇ ਹੈਰਾਨ ਹੋਏ ਤੇ ਆਖਣ ਲੱਗੇ :

**ਸਿਧ ਪੁਛਣਿ ਸੁਣਿ ਬਾਲਿਆ ਕਉਣ ਸਕਤਿ ਤੁਹਿ ਏਥੇ ਲਿਆਈ॥**

ਗੁਰੂ ਪਾਤਸ਼ਾਹ ਜੀ ਨੇ ਉਪਦੇਸ਼ ਦਿੰਦੇ ਹੋਏ ਕਿਹਾ, "ਘਰ-ਬਾਹਰ ਤਿਆਗਣਾ, ਪਿੰਡੇ ਤੇ ਸਵਾਹ ਮਲਣਾ, ਕੰਨਾ ਵਿੱਚ ਮੁੰਦਰਾ ਪਾਉਣੀਆਂ ਆਦਿ ਸਾਧਨਾ ਰਾਹੀਂ ਪ੍ਰਭੂ ਨਾਲ ਮਿਲਾਪ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਸਗੋਂ ਪ੍ਰਭੂ ਤਾਂ ਪ੍ਰੇਮ ਤੇ ਸਿਫ਼ਤ-ਸਾਲਾਹ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਵਿਚਾਰ-ਚਰਚਾ ਵਿੱਚ ਜੋਗੀ ਗੁਰੂ ਜੀ ਦੀ ਝਾਲ ਨਾ ਝੱਲ ਸਕੇ ਤੇ ਕਰਾਂਮਾਤਾਂ ਦਿਖਾਉਣ ਲੱਗੇ। ਉਨ੍ਹਾਂ ਨੇ ਗੁਰੂ ਜੀ ਨੂੰ ਰਿਧੀਆਂ-ਸਿੱਧੀਆਂ ਦਿਖਾ ਕੇ ਭਰਮਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਇਹ ਚਿੱਪੀ (ਖੱਪਰ) ਲੈ ਜਾਉ ਤੇ ਸਾਹਮਣੇ ਬਉਲੀ ਵਿੱਚੋਂ ਪਾਣੀ ਲਿਆਉ। ਉਨ੍ਹਾਂ ਨੇ ਆਪਣੀਆਂ ਕਰਾਂਮਾਤਾਂ ਨਾਲ ਹੀਰੇ-ਜ਼ਵਾਹਰਾਤ ਤੇ ਸੋਨੇ-ਚਾਂਦੀ ਨਾਲ ਬਉਲੀ ਭਰ ਦਿੱਤੀ ਤਾਂ ਜੋ ਉਹ ਉਨ੍ਹਾਂ ਦੇ ਮੋਹ ਵਿੱਚ ਪੈ ਕੇ ਸਾਡਾ ਚੇਲਾ ਬਣ ਜਾਏ। ਗੁਰੂ ਸਾਹਿਬ ਜੀ ਜਦੋਂ ਖਾਲੀ ਚਿੱਪੀ ਲੈ ਕੇ ਮੁੜ ਆਏ ਤੇ ਕਹਿਣ ਲੱਗੇ, "ਸਿੱਧ ਜੀ ! ਉਥੇ ਪਾਣੀ ਨਹੀਂ, ਸਗੋਂ ਅਜਿਹੀਆਂ ਵਸਤੂਆਂ ਸਨ, ਜੋ ਸਾਡੇ ਕਿਸੇ ਕੰਮ ਦੀਆਂ ਨਹੀਂ ਸਨ। "ਇਹ ਸੁਣ ਕੇ ਸਿੱਧ ਬੜੇ ਹੈਰਾਨ ਹੋਏ ਕਿ ਇਹ ਤਾਂ ਕੋਈ ਅਵਤਾਰੀ ਪੁਰਸ਼ ਹੈ, ਜੋ ਸੰਸਾਰੀ ਪਦਾਰਥਾਂ ਦੇ ਮੋਹ-ਮਾਇਆ ਤੋਂ ਉੱਪਰ ਉੱਠਿਆ ਹੋਇਆ ਹੈ। ਇਸ ਤਰ੍ਹਾਂ ਜਦੋਂ ਗੁਰੂ ਜੀ ਉਨ੍ਹਾਂ ਦੇ ਮਾਇਆ ਜਾਲ ਵਿੱਚ ਨਾ ਫਸੇ ਤਾਂ ਸਿੱਧਾਂ ਨੇ ਹੋਰ ਕਈ ਪ੍ਰਕਾਰ ਦੀਆਂ ਕਰਾਮਾਤਾਂ ਰਾਹੀਂ ਗੁਰੂ ਜੀ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਸਫਲ ਨਾ ਹੋਏ ਤਾਂ ਗੁਰੂ ਜੀ ਨੂੰ ਪੁੱਛਣ ਲੱਗੇ ਕਿ ਜਗਤ ਵਿੱਚ ਲੋਕਾਈ ਦਾ ਕੀ ਹਾਲ ਹੈ? ਸਤਿਗੁਰਾਂ ਆਖਿਆ ਕਿ ਹਰ ਥਾਂ ਕੂੜ ਦਾ ਵਰਤਾਰਾ ਹੈ, ਧਰਮ ਖੰਭ ਲਾ ਕੇ ਉੱਡ-ਪੁੱਡ ਗਿਆ ਹੈ ਤੇ ਉਸ ਤੋਂ ਵੀ ਭੈੜੀ ਗੱਲ ਹੈ ਕਿ ਤੁਹਾਡੇ ਵਰਗੇ ਸਿੱਧ ਲੋਕ ਜਿਨ੍ਹਾਂ ਸੜਦੀ-ਬਲਦੀ ਲੋਕਾਈ ਨੂੰ ਸੱਚ ਦਾ ਉਪਦੇਸ਼ ਦੇ ਕੇ ਪਰਮਾਤਮਾ ਦੇ ਨਾਲ ਜੋੜਨਾ ਸੀ, ਇੱਥੇ ਪਰਬਤਾਂ ਉੱਤੇ ਆ ਬੈਠੇ ਹੋ ਤੇ ਰਿਧੀਆਂ-ਸਿੱਧੀਆਂ ਦੇ ਚੱਕਰਾਂ ਵਿੱਚ ਜੀਵਨ ਅਜਾਂਈਂ ਗਵਾ ਰਹੇ ਹੋ। ਸਿੱਧਾਂ ਉੱਤੇ ਗੁਰੂ ਸਾਹਿਬ ਜੀ ਦੀਆਂ ਵਿਚਾਰਾਂ ਦਾ ਇੰਨਾਂ ਪ੍ਰਭਾਵ ਪਿਆ ਕਿ ਉਹ ਪੁੱਛਣ ਲੱਗੇ ਕਿ ਹੇ ਸ਼ਕਤੀਮਾਨ ਬਾਲੇ! ਤੂੰ ਇਨਾਂ ਗਿਆਨਵਾਨ ਹੈਂ, ਦੱਸ ਤੇਰਾ ਗੁਰੂ ਕੌਣ ਹੈ?

**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੯੪੨)

ਸਤਿਗੁਰਾਂ ਨੇ ਜਵਾਬ ਦਿੱਤਾ ਕਿ ਮੇਰਾ ਗੁਰੂ ਸ਼ਬਦ ਹੈ ਤੇ ਮੇਰੀ ਸੁਰਤਿ ਉਸ ਦੀ ਚੇਲੀ ਹੈ :

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੯੪੩)

ਅੰਤ ਵਿੱਚ ਉਨ੍ਹਾਂ ਨੂੰ ਇਹ ਯਕੀਨ ਹੋ ਗਿਆ ਕਿ ਇਸ ਮਹਾਂਪੁਰਖ ਨੂੰ ਅਸੀਂ ਜਿੱਤ ਨਹੀਂ ਸਕਦੇਜ, ਸਗੋਂ ਇਹ ਤਾਂ ਸਾਨੂੰ ਸਿੱਧੇ ਰਸਤੇ ਪਾਉਣ ਆਇਆ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਸੱਚ ਦਾ ਉਪਦੇਸ਼ ਦਿੱਤਾ।

ਇੱਥੋਂ ਚੱਲ ਕੇ ਗੁਰੂ ਜੀ ਤਿੱਬਤ ਵਿੱਚ ਲਾਸਾ ਤੱਕ ਗਏ। ਤਿੱਬਤ ਵਿੱਚ ਆਪ ਜੀ ਦੇ ਪ੍ਰਚਾਰ ਸਦਕਾ ਜੋ ਤਿੱਬਤੀ ਲੋਕ ਉਨ੍ਹਾਂ ਦੇ ਸ਼ਰਧਾਲੂ ਬਣੇ। ਉਨ੍ਹਾਂ ਲੋਕਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਪਦਮ ਸੰਭਵੇ ਦੇ ਰੂਪ ਵਿੱਚ ਪੂਜਿਆ, ਜਿਸ ਦੇ ਪ੍ਰਚਾਰ ਸਦਕਾ ਤਿੱਬਤ ਵਿੱਚ ਬੁੱਧ ਧਰਮ ਦਾ ਫੈਲਾਅ ਹੋਇਆ ਸੀ। ਗੁਰੂ ਨਾਨਕ ਸਾਹਿਬ ਜੀ ਦੇ ਸ਼ਰਧਾਲੂਆਂ ਦੇ ਉੱਥੇ ਦੋ ਫਿਰਕੇ ਬਣੇ ਹੋਏ ਹਨ, ਇੱਕ

ਫਿਰਕਾ ਅਜਿਹਾ ਹੈ ਜੋ ਸਿਰ ’ਤੇ ਜੜਾਵਾਂ ਰੱਖਦੇ ਹਨ। ਉਹ ਜਦੋਂ ਹਰਿਮੰਦਰ ਸਾਹਿਬ ਆਉਂਦੇ ਹਨ ਤਾਂ ਡੰਡਉਤਵਤ ਹੋ ਕੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੇ ਹਨ। ਤਿੱਬਤ ਤੋਂ ਆਪ ਜੀ ਕਿਨੌਰ ਆਏ, ਜਿੱਥੇ ਉਨ੍ਹਾਂ ਦੀ ਯਾਦ ਵਿੱਚ ਇੱਕ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇੱਥੋਂ ਗੁਰੂ ਜੀ ਸਪਿੱਤੀ ਅਤੇ ਲਾਹੌਲ ਦੇ ਪਹਾੜੀ ਰਸਤੇ ਹੁੰਦੇ ਹੋਏ ਲੇਦਾਖ ਪਹੁੰਚੇ, ਜਿੱਥੇ ਆਪ ਜੀ ਨੇ ਲੇਦਾਖ ਸ਼ਹਿਰ ਦੇ ਬਚਾਅ ਲਈ ਬਹੁਤ ਵੱਡੇ ਪੱਥਰ ਨੂੰ ਆਪਣੀ ਪਿੱਠ ਨਾਲ ਰੋਕ ਲਿਆ ਤੇ ਉਨ੍ਹਾਂ ਦੀ ਪਿੱਠ ਉਸ ਪੱਥਰ ਵਿੱਚ ਛਪ ਗਈ। ਮੌਜੂਦਾ ਸਮੇਂ ਭਾਰਤੀ ਫੌਜ ਨੇ ਉੱਥੇ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿੱਚ ਇੱਕ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ, ਜਿਸ ਵਿੱਚ ਉਹ ਪੱਥਰ ਮੌਜੂਦ ਹੈ।

ਅੱਗੇ ਆਪ ਜੀ ਸ੍ਰੀ ਨਗਰ ਤੇ ਜੰਮੂ ਦੇ ਰਸਤੇ ਸਿਆਲਕੋਟ ਆ ਪਹੁੰਚੇ। ਇੱਥੇ ਹਮਜਾ ਗੌਂਸ ਨਾਂ ਦਾ ਇੱਕ ਫਕੀਰ ਰਹਿੰਦਾ ਸੀ, ਜੋ ਸਾਰੇ ਸ਼ਹਿਰ ਨੂੰ ਗਰਕ ਕਰਨ ਲਈ ਇੱਕ ਗੁੰਬਦ ਵਿੱਚ ਬੈਠਾ ਚਾਲੀਹਾ ਕੱਟ ਰਿਹਾ ਸੀ। ਜਦੋਂ ਗੁਰੂ ਸਾਹਿਬ ਜੀ ਨੇ ਉਸ ਦੇ ਗੁੰਬਦ ਤੇ ਨਿਗਾਹ ਪਾਈ ਤਾਂ ਉਸ ਦਾ ਗੁੰਬਦ ਫਟ ਗਿਆ ਤੇ ਉਸ ਦਾ ਚਾਲੀਹਾ ਭੰਗ ਹੋ ਗਿਆ। ਉਹ ਗੁੱਸੇ ਦਾ ਮਾਰਿਆ ਬਾਹਰ ਆਇਆ। ਪਰ ਇਲਾਹੀ ਨੂਰ ਗੁਰੂ ਜੀ ਦੇ ਦਰਸ਼ਨ ਕਰਕੇ ਸ਼ਾਂਤ ਹੋ ਗਿਆ ਤੇ ਗੁਰੂ ਜੀ ਨੂੰ ਆਖਣ ਲੱਗਾ ਇਹ ਸਾਰਾ ਸ਼ਹਿਰ ਕਾਫਰਾਂ ਦਾ ਹੈ, ਜੋ ਝੂਠ ਹੀ ਬੋਲਦੇ ਹਨ ਤੇ ਸੱਚ ਦੀ ਪਹਿਚਾਣ ਨਹੀਂ ਕਰਦੇ, ਇਸ ਲਈ ਮੈਂ ਇਸ ਸ਼ਹਿਰ ਨੂੰ ਨਾਸ਼ ਕਰ ਦਿਆਂਗਾ। ਗੁਰੂ ਸਾਹਿਬ ਜੀ ਉਸ ਨੂੰ ਆਖਣ ਲੱਗੇ, “ਫਕੀਰਾਂ ਦਾ ਕੰਮ ਵਰ-ਸ਼ਰਾਫ ਦੇ ਕੇ ਕਿਸੇ ਨੂੰ ਵਸਾਉਣਾ ਜਾਂ ਉਜਾੜਨਾ ਨਹੀਂ ਹੁੰਦਾ, ਸਗੋਂ ਭੁੱਲਿਆਂ-ਭਟਕਿਆਂ ਨੂੰ ਪ੍ਰਭੂ ਦੇ ਲੜ ਲਾਉਣਾ ਚਾਹੀਦਾ ਹੈ। ਨਾਲੇ ਇਸ ਸ਼ਹਿਰ ਵਿੱਚ ਸਾਰੇ ਹੀ ਬੁਰੇ ਲੋਕ ਨਹੀਂ ਹਨ, ਬਲਕਿ ਕਈ ਸੱਚੇ ਆਦਮੀ ਵੀ ਵੱਸਦੇ ਹਨ।” ਉਸ ਨੇ ਕਿਹਾ ਕਿ ਜੇ ਹਨ ਤਾਂ ਮੈਨੂੰ ਉਨ੍ਹਾਂ ਦੇ ਦਰਸ਼ਨ ਕਰਵਾਉ। ਗੁਰੂ ਸਾਹਿਬ ਜੀ ਨੇ ਹਮਜਾ ਗੌਂਸ ਨੂੰ ਸੱਚ ਦਾ ਉਪਦੇਸ਼ ਦੇਣ ਲਈ ਭਾਈ ਮਰਦਾਨਾ ਜੀ ਨੂੰ ਦੋ ਪੈਸੇ ਦੇ ਕੇ ਇੱਕ ਪੈਸੇ ਦਾ ਸੱਚ ਤੇ ਇੱਕ ਪੈਸੇ ਦਾ ਝੂਠ ਖਰੀਦਣ ਲਈ ਭੇਜਿਆ। ਭਾਈ ਮਰਦਾਨਾ ਜੀ ਜਿੱਥੇ ਵੀ ਜਾਣ ਲੋਕ ਮਖੌਲ ਕਰਨ ਕਿ ਸੱਚ ਤੇ ਝੂਠ ਵੀ ਕੋਈ ਸੌਦਾ ਹੈ। ਪਰ ਜਦੋਂ ਉਨ੍ਹਾਂ ਨੇ ਮੂਲੇ ਖੱਤਰੀ ਦੀ ਦੁਕਾਨ ’ਤੇ ਜਾ ਕੇ ਉਸ ਤੋਂ ਇਹ ਸੌਦਾ ਮੰਗਿਆ ਤਾਂ ਉਸ ਨੇ ਦੋ ਪੈਸੇ ਲੈ ਲਏ ਅਤੇ ਇਕ ਕਾਗਜ ’ਤੇ ਲਿਖ ਕੇ ਦੇ ਦਿੱਤਾ ਕਿ ‘ਮਰਨਾ ਸੱਚ’ ਤੇ ‘ਜੀਉਣਾ ਝੂਠ’। ਭਾਈ ਮਰਦਾਨਾ ਜੀ ਇਹ ਸੌਦਾ ਲੈ ਕੇ ਗੁਰੂ ਜੀ ਕੋਲ ਆ ਗਏ ਤੇ ਉਨ੍ਹਾਂ ਨੇ ਹਮਜਾ ਗੌਂਸ ਤੇ ਹੋਰ ਸਾਰਿਆਂ ਨੂੰ ਮੂਲੇ ਖੱਤਰੀ ਦੇ ਲਿਖੇ ਸ਼ਬਦ ਪੜ੍ਹ ਕੇ ਸੁਣਾਏ। ਪੀਰ ਹਮਜਾ ਗੌਂਸ ਇਹ ਸੁਣ ਕੇ ਬੜਾ ਪ੍ਰਭਾਵਿਤ ਹੋਇਆ ਤੇ ਉਸ ਨੂੰ ਸਮਝ ਆ ਗਈ ਕਿ ਗੁਰੂ ਸਾਹਿਬ ਜੀ ਤਾਂ ਅੱਲਾ-ਤਾਲਾ ਦੇ ਨੂਰ ਹਨ, ਉਹ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ ਤੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਸੱਚ ਦੇ ਮਾਰਗ ’ਤੇ ਚੱਲ ਪਿਆ। ਮੂਲਾ ਖੱਤਰੀ ਵੀ ਗੁਰੂ ਜੀ ਦੇ ਉਪਦੇਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਨਾਲ ਹੀ ਚੱਲ ਪਿਆ। ਪਰ ਕੁਝ ਕੁ ਸਮੇਂ ਬਾਅਦ ਹੀ ਉਸ ਦੇ ਅੰਦਰ ਘਰ ਦਾ ਮੋਹ ਜਾਗ ਪਿਆ ਤੇ ਉਹ ਗੁਰੂ ਜੀ ਤੋਂ ਘਰੇ ਵਾਪਸ ਜਾਣ ਲਈ ਆਗਿਆ ਮੰਗਣ ਲੱਗਾ। ਗੁਰੂ ਜੀ ਨੇ ਉਸ ਨੂੰ ਕੁਝ ਸਮਾਂ ਹੋਰ ਨਾਲ ਰਹਿਣ ਲਈ ਕਿਹਾ, ਪਰ ਉਹ ਨਾ ਮੰਨਿਆ ਤੇ ਘਰੇ ਵਾਪਸ ਆ ਗਿਆ।

ਭਾਈ ਮੂਲਾ ਜੀ ਦਾ ਭਲਾ ਕਰਨ ਲਈ ਕੁਝ ਸਮੇਂ ਬਾਅਦ ਗੁਰੂ ਸਾਹਿਬ ਜੀ ਫਿਰ ਉਸ ਨੂੰ ਲੈਣ ਲਈ ਉਸ ਦੇ ਘਰ ਗਏ। ਪਰ ਕੋਠੇ ’ਤੇ ਚੜ੍ਹੀ ਉਸ ਦੀ ਘਰ-ਵਾਲੀ ਨੇ ਦੂਰੋਂ ਹੀ ਗੁਰੂ ਜੀ ਨੂੰ ਆਉਂਦਿਆਂ ਨੂੰ ਦੇਖ ਲਿਆ ਤੇ ਇਸ ਡਰ ਤੋਂ ਕਿ ਕਿਤੇ ਉਹ ਫਿਰ ਉਸ ਦੇ ਪਤੀ ਨੂੰ ਨਾਲ ਨਾ ਲੈਣ ਜਾਣ, ਜਲਦੀ-ਜਲਦੀ ਥੱਲੇ ਆ ਕੇ ਭਾਈ ਮੂਲਾ ਜੀ ਨੂੰ ਪਾਥੀਆਂ ਵਾਲੇ ਆਲੇ ਵਿੱਚ ਲੁਕਣ ਲਈ ਕਿਹਾ। ਭਾਈ ਮੂਲਾ ਘਰ-ਵਾਲੀ ਦੇ ਮੋਹ ਵਿੱਚ ਆ ਕੇ ਪਾਥੀਆਂ (ਗਾਈਆਂ-ਮੱਝਾਂ ਦਾ ਸੁਕਾਇਆ ਹੋਇਆ ਗੋਬਰ, ਜੋ ਬਾਲਣ ਦੇ ਕੰਮ ਆਉਂਦਾ ਹੈ) ਵਾਲੇ ਆਲੇ ਵਿੱਚ ਜਾ ਕੇ ਲੁਕ ਗਿਆ। ਗੁਰੂ ਜੀ ਨੇ ਮੂਲੇ ਨੂੰ ਆਵਾਜ਼ ਮਾਰੀ ਤਾਂ ਉਸ ਦੀ ਘਰਵਾਲੀ ਨੇ ਕਿਹਾ, “ਮੂਲਾ ਜੀ, ਘਰ ਨਹੀਂ ਹਨ।" ਗੁਰੂ ਜੀ ਨੇ ਫਿਰ ਆਵਾਜ਼ ਦਿੱਤੀ ਤਾਂ ਉਸ ਨੇ ਫਿਰ ਉਹੀ ਜਵਾਬ ਦਿੱਤਾ। ਗੁਰੂ ਜੀ ਵਲੋਂ ਤੀਜੀ ਵਾਰ ਆਵਾਜ਼ ਮਾਰਨ ’ਤੇ ਉਹ ਫਿਰ ਆਖਣ ਲੱਗੀ, “ਮੂਲਾ! ਹੈ ਨਹੀਂ।” ਗੁਰੂ ਜੀ ਨੇ ਕਿਹਾ, “ਹੱਛਾ! ਨਹੀਂ ਹੈ ਤਾਂ ਫਿਰ ਨਹੀਂ ਹੈ।” ਇਧਰ ਗੁਰੂ ਜੀ ਨੇ ਇਹ ਬਚਨ ਆਖੇ ਤੇ ਉਧਰ ਪਾਥੀਆਂ ਵਾਲੇ ਆਲੇ ਵਿੱਚ ਮੂਲੇ ਨੂੰ ਸੱਪ ਨੇ ਆ ਡੰਗਿਆ ਤੇ ਗੁਰੂ ਜੀ ਦੇ ਬਚਨਾਂ ‘ਨਹੀਂ ਹੈ ਤਾਂ ਫਿਰ ਨਹੀਂ ਹੈ’ ਅਨੁਸਾਰ ਉਹ ਸੱਚ-ਮੁੱਚ ਹੀ ਨਾ ਰਿਹਾ ਅਥਵਾ ਮਰ ਗਿਆ।

**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ – ਅੰਗ ੧੩੫)

ਭਾਈ ਮੂਲਾ ਜੀ ਦੇ ਮ੍ਰਿਤਕ ਸਰੀਰ ਨੂੰ ਦੇਖ ਕੇ ਉਸ ਦੀ ਪਤਨੀ ਰੋਂਦੀ-ਕਰਲਾਉਂਦੀ ਹੋਈ, ਗੁਰੂ ਸਾਹਿਬ ਜੀ ਕੋਲ ਆ ਕੇ ਬੇਨਤੀ ਕਰਨ ਲੱਗੀ ਕਿ ਹੇ ਪਾਤਸ਼ਾਹ ਜੀ ! ਇਹ ਆਪ ਜੀ ਦਾ ਸਿੱਖ ਹੈ, ਮੈਂ ਹੀ ਇਸ ਨੂੰ ਝੂਠ ਬੋਲਣ ਲਈ ਮਜ਼ਬੂਰ ਕੀਤਾ ਸੀ, ਆਪ ਜੀ ਇਸ ਨੂੰ ਬਖਸ਼ ਦਿਉ। ਮਿਹਰ ਦੇ ਘਰ ਵਿੱਚ ਆ ਕੇ ਗੁਰੂ ਜੀ ਨੇ ਕਿਹਾ, “ਸਭ ਕੁਝ ਕਰਤਾਰ ਦੇ ਹੁਕਮ ਵਿੱਚ ਹੈ, ਹੁਣ ਅਸੀਂ ਆਪਣੇ ਦਸਵੇਂ ਜਾਮੇ ਵਿੱਚ ਇਸ ਦਾ ਉਧਾਰ ਕਰਾਂਗੇ।”

ਇਤਿਹਾਸ ਮੁਤਾਬਿਕ ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਜ਼ੂਰ ਸਾਹਿਬ ਦੀ ਧਰਤੀ 'ਤੇ ਸਹੇ (ਖਰਗੋਸ਼) ਦੀ ਜੂਨ ਵਿੱਚ ਪਏ ਹੋਏ ਭਾਈ ਮੂਲਾ ਜੀ ਨੂੰ ਆਪਣੇ ਤੀਰ ਨਾਲ ਸ਼ਿਕਾਰ ਕਰਕੇ ਉਸ ਨੂੰ ਜਨਮ-ਮਰਨ ਦੇ ਚੱਕਰ ਵਿੱਚੋਂ ਕੱਢ ਕੇ ਮੁਕਤੀ ਦੀ ਦਾਤ ਬਖ਼ਸ਼ੀ ਅਤੇ ਚਿਖਾ ਚਿਣ ਕੇ ਉਸ ਦਾ ਸਸ਼ਕਾਰ ਕੀਤਾ।

ਸਿਆਲਕੋਟ ਤੋਂ ਚੱਲ ਕੇ ਗੁਰੂ ਸਾਹਿਬ ਜੀ ਕਰਤਾਰਪੁਰ ਆ ਗਏ, ਇਸ ਤਰ੍ਹਾਂ ਗੁਰੂ ਜੀ ਨੇ ਇਸ ਤੀਜੀ ਉਦਾਸੀ ਦੀ ਸਮਾਪਤੀ ਕੀਤੀ।

**ਚੌਥੀ ਉਦਾਸੀ** : (੧੫੧੮ ਤੋਂ ੧੫੨੨ ਈ: ਤੱਕ) ਇਹ ਉਦਾਸੀ ਪੱਛਮ ਦਿਸ਼ਾ ਵੱਲ ਦੀ ਇਸਲਾਮ ਮਤ ਦੇ ਧਰਮ ਅਸਥਾਨਾਂ ਵੱਲ ਦੀ ਸੀ। ਇਸ ਉਦਾਸੀ ਵਿੱਚ ਭਾਈ ਮਰਦਾਨਾ ਜੀ ਆਪ ਜੀ ਦੇ ਨਾਲ ਸਨ। ਸਤਿਗੁਰੂ ਜੀ ਕਰਤਾਰਪੁਰ ਤੋਂ ਚੱਲ ਕੇ ਪਾਕਪਟਨ ਪੁੱਜੇ। ਜਿੱਥੇ ਬਾਬਾ ਫਰੀਦ ਜੀ ਦੀ ਗੱਦੀ ਦੇ ਗਿਆਰਵੇਂ ਉਤਰਾਧਿਕਾਰੀ ਸ਼ੇਖ ਬ੍ਰਹਮ ਨੂੰ ਮਿਲੇ। ਸੇਖ ਬ੍ਰਹਮ ਤੋਂ ਗੁਰੂ ਜੀ ਨੇ ਬਾਬਾ ਫਰੀਦ ਜੀ ਦੀ ਬਾਣੀ ਪ੍ਰਾਪਤ ਕੀਤੀ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਸਲੋਕ ਸ਼ੇਖ ਫਰੀਦ ਜੀ ਕੇ' ਦੇ ਸਿਰਲੇਖ ਹੇਠ ਦਰਜ਼ ਹਨ।

ਪਾਕਪਟਨ ਤੋਂ ਮੁਲਤਾਨ, ਬਿਹਾਵਲਪੁਰ ਤੇ ਸਿੰਧ ਦੇ ਇਲਾਕੇ ਰਾਹੀਂ ਹੁੰਦੇ ਹੋਏ ਈਰਾਨ ਦੇ ਮੁੱਲਕ ਵਿੱਚ ਪਹੁੰਚੇ, ਉੱਥੋਂ ਸਮੁੰਦਰ ਦਾ ਟਾਪੂ ਟੱਪ ਕੇ ਮੱਕੇ ਪਹੁੰਚੇ, ਜੋ ਸਾਊਦੀ ਅਰੇਬੀਆ ਦੇ ਮੁਲਕ ਵਿੱਚ ਹੈ। ਮੱਕਾ ਅਰਬ ਦੇਸ਼ ਦਾ ਸ਼ਹਿਰ ਹੈ, ਇੱਥੇ ਮੁਸਲਮਾਨਾ ਦਾ ਧਰਮ ਮੰਦਰ 'ਕਾਅਬਾ' ਸਥਿਤ ਹੈ। ਇਸ ਮੱਕੇ ਦੀ ਯਾਤਰਾ ਕਰਨ ਵਾਲਿਆਂ ਨੂੰ ਹਾਜੀ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਤੇ ਹੋਰ ਹਾਜੀਆਂ ਨਾਲ ਹਾਜੀਆਂ ਵਾਲਾ ਪਹਿਰਾਵਾ ਧਾਰਨ ਕਰਕੇ ਮੱਕੇ ਪੁੱਜੇ। ਮੁਸਲਮਾਨ ਲੋਕ ਕਾਅਬੇ ਨੂੰ ਖ਼ੁਦਾ ਦਾ ਘਰ ਸਮਝਦੇ ਤੇ ਆਖਦੇ ਸਨ ਕਿ ਇਸ ਵਿੱਚ ਖ਼ੁਦਾ ਦਾ ਵਾਸਾ ਹੈ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਇਹ ਸਮਝਾਉਣ ਲਈ ਕਿ ਅੱਲਾ-ਤਾਲਾ ਕੇਵਲ ਇੱਕ ਥਾਂ 'ਤੇ ਹੀ ਨਹੀਂ ਬਲਕਿ ਹਰ ਸਮੇਂ ਹਰ ਥਾਂ 'ਤੇ ਮੌਜੂਦ ਹੈ, ਇੱਕ ਅਜੀਬ ਕੌਤਕ ਵਰਤਾਇਆ। ਗੁਰੂ ਸਾਹਿਬ ਜੀ ਰਾਤ ਨੂੰ ਕਾਅਬੇ ਵੱਲ ਨੂੰ ਪੈਰ ਕਰਕੇ ਸੌਂ ਗਏ। ਇਕ ਹਾਜੀ ਨੇ ਵੇਖਿਆ ਤਾਂ ਸ਼ੋਰ ਪਾ ਦਿੱਤਾ ਕਿ ਕਿਹੜਾ ਕਾਫਰ ਰੱਬ ਦੇ ਘਰ ਵੱਲ ਨੂੰ ਪੈਰ ਕਰਕੇ ਸੁੱਤਾ ਹੋਇਆ ਹੈ। ਉੱਥੇ ਹਾਜੀਆਂ ਦੀ ਭੀੜ ਲੱਗ ਗਈ। ਜੀਵਨ ਨਾਮ ਦੇ ਇੱਕ ਮੁਖੀ ਹਾਜੀ ਨੇ ਗੁਰੂ ਜੀ ਨੂੰ ਲੱਤ ਕੱਢ ਮਾਰੀ। ਗੁਰੂ ਜੀ ਨੇ ਕਾਜੀ ਨੂੰ ਪੁੱਛਿਆ ਕਿ ਕੀ ਮੇਰੇ ਕੋਲੋਂ ਕੋਈ ਭੁੱਲ ਹੋ ਗਈ ਹੈ? ਕਾਜੀ ਨੇ ਗੁੱਸੇ ਵਿੱਚ ਕਿਹਾ, "ਰੱਬ ਦੇ ਘਰ ਵੱਲ ਪੈਰ ਕਰਕੇ ਸੁੱਤਾ ਏਂ, ਇਸ ਤੋਂ ਵੱਡਾ ਪਾਪ ਕਿਹੜਾ ਹੋ ਸਕਦਾ ਏ?" ਗੁਰੂ ਜੀ ਨੇ ਕਿਹਾ, "ਅੱਛਾ ਭਾਈ ! ਖਫਾ ਕਿਉਂ ਹੁੰਦਾ ਏਂ ਜਿੱਧਰ ਖ਼ੁਦਾ ਦਾ ਘਰ ਨਹੀਂ, ਮੇਰੇ ਪੈਰ ਓਧਰ ਕਰ ਦੇ।" ਕਾਜੀ ਜੀਵਨ ਨੇ ਕ੍ਰੋਧ ਵਿੱਚ ਆ ਕੇ ਗੁਰੂ ਜੀ ਦੀਆਂ ਲੱਤਾਂ ਫੜ੍ਹ ਕੇ ਘਸੀਟ ਦੂਜੇ ਪਾਸੇ ਕਰ ਦਿੱਤੀਆਂ। ਪਰ ਉਹ ਇਹ ਦੇਖ ਕੇ ਬੜਾ ਹੈਰਾਨ ਹੋਇਆ ਕਿ ਉਹ ਇਸ ਹੀ ਪਾਸੇ ਨੂੰ ਗੁਰੂ ਜੀ ਦੇ ਪੈਰ ਕਰੇ, ਉਧਰ ਹੀ ਉਸ ਨੂੰ ਕਾਅਬਾ ਨਜ਼ਰ ਆਵੇ। ਉਸ ਨੇ ਗੁਰੂ ਜੀ ਨੂੰ ਲੱਤੋਂ ਫੜ੍ਹ ਕੇ ਬਥੇਰਾ ਘੁਮਾਇਆ, ਪਰ ਮੱਕਾ ਉਸ ਨੂੰ ਓਧਰ ਹੀ ਦਿੱਸੇ ਜਿੱਧਰ ਗੁਰੂ ਜੀ ਦੇ ਪੈਰ ਹੋਣ। ਜੀਵਨ ਤੇ ਹੋਰ ਸਭ ਹਾਜੀ ਬੜੇ ਹੈਰਾਨ ਹੋਏ, ਸਭ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਉਨ੍ਹਾਂ ਨੂੰ ਸਾਰੇ ਪਾਸੇ ਖ਼ੁਦਾ ਦਾ ਵਾਸਾ ਦਿੱਸਣ ਲੱਗ ਪਿਆ। ਉਨ੍ਹਾਂ ਸਭਨਾਂ ਨੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਕੇ ਮਾਫ਼ੀ ਮੰਗੀ।

ਅਗਲੀ ਸਵੇਰ ਗੁਰੂ ਜੀ ਨਾਲ ਚਰਚਾ ਕਰਨ ਲਈ ਬਹੁਤ ਸਾਰੇ ਹਾਜੀ ਉਨ੍ਹਾਂ ਦੇ ਦੁਆਲੇ ਆ ਜੁੜੇ। ਕਾਜੀ ਰੁਕਨ ਦੀਨ ਓਨ੍ਹਾਂ ਦਾ ਆਗੂ ਸੀ। ਓਨ੍ਹਾਂ ਗੁਰੂ ਜੀ ਤੋਂ ਪੁੱਛਿਆ ਕਿ ਆਪ ਜੀ ਦੇ ਮਤ ਅਨੁਸਾਰ ਹਿੰਦੂ ਵੱਡਾ ਹੈ ਕਿ ਮੁਸਲਮਾਨ? ਗੁਰੂ ਸਾਹਿਬ ਜੀ ਨੇ ਜਵਾਬ ਦਿੱਤਾ ਕਿ ਨਿਰਾ ਹਿੰਦੂ ਜਾਂ ਮੁਸਲਮਾਨ ਹੋਣ ਨਾਲ ਇਨਸਾਨ ਖ਼ੁਦਾ ਦੀਆਂ ਨਜ਼ਰਾਂ ਵਿੱਚ ਕਬੂਲ ਨਹੀਂ ਹੁੰਦਾ, ਬਲਕਿ ਇਸ ਲਈ ਉੱਚਾ ਆਚਰਨ ਤੇ ਨੇਕ ਅਮਲ ਹੋਣੇ ਚਾਹੀਦੇ ਹਨ :

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।**

**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।**

ਭਾਈ ਗੁਰਦਾਸ ਜੀ (ਵਾਰ ੧ ਪਉੜੀ ੩੩)

ਇਸ ਤਰ੍ਹਾਂ ਕਾਜੀ ਰੁਕਨ ਦੀਨ ਹੁਰੀਂ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ ਤੇ ਕਹਿਣ ਲੱਗੇ ਕਿ ਤੁਸਾਂ ਸਾਡੇ ਮਨ ਦਾ ਹਨੇਰ ਦੂਰ ਕੀਤਾ ਹੈ, ਅਸੀਂ ਤੁਹਾਨੂੰ ਆਪਣਾ ਰਹਿਬਰ ਮੰਨਦੇ ਹਾਂ। ਇਸ ਮੁਲਾਕਾਤ ਦੀ ਸਾਨੂੰ ਕੋਈ ਨਿਸ਼ਾਨੀ ਬਖ਼ਸ਼ੋ। ਗੁਰੂ ਜੀ ਨੇ ਉਸ ਨੂੰ ਆਪਣੀ ਖੜਾਂ ਬਖ਼ਸ਼ੀ। ਜੋ ਕਾਜੀ ਰੁਕਨ ਦੀਨ ਨੇ ਬੜੇ ਆਦਰ-ਸਤਿਕਾਰ ਨਾਲ ਮੱਕੇ ਅੰਦਰ ਟਿਕਾਈ। ਭਾਈ ਗੁਰਦਾਸ ਜੀ ਲਿਖਦੇ ਹਨ:

**ਧਰੀ ਨੀਸਾਣੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ।**

ਭਾਈ ਗੁਰਦਾਸ ਜੀ (ਵਾਰ ੧ ਪਉੜੀ ੩੪)

**ਬਗਦਾਦ** - ਮੱਕੇ ਤੋਂ ਗੁਰੂ ਜੀ ਮਦੀਨੇ ਗਏ, ਉੱਥੇ ਵੀ ਗੁਰੂ ਜੀ ਨੇ ਸੱਚ ਧਰਮ ਦਾ ਉਪਦੇਸ਼ ਦਿੱਤਾ। ਇੱਥੋਂ ਅੱਗੇ ਚੱਲ ਕੇ ਗੁਰੂ ਸਾਹਿਬ ਜੀ ਈਰਾਕ ਦੇ ਸ਼ਹਿਰ ਬਗਦਾਦ ਵਿੱਚ ਜਾ ਪਹੁੰਚੇ। ਇੱਥੇ ਆ ਕੇ ਮੁਸਲਮਾਨਾਂ ਦਾ ਰਾਗ ਨੂੰ ਹਰਾਮ ਸਮਝਣ ਦਾ ਭਰਮ ਦੂਰ ਕੀਤਾ। ਗੁਰੂ ਜੀ ਨਗਰੋਂ ਬਾਹਰ ਇੱਕ ਇਕਾਂਤ ਥਾਂ 'ਤੇ ਜਾ ਟਿਕੇ। ਗੁਰੂ ਜੀ ਨੇ ਉੱਚੀ, ਮਿੱਠੀ ਤੇ ਸੁਰੀਲੀ ਆਵਾਜ਼ ਵਿੱਚ ਸਤਿ ਕਰਤਾਰ ਕਹਿਣਾ ਸ਼ੁਰੂ ਕਰ ਦਿੱਤਾ। ਇਹ ਅਨੋਖੀ ਅਵਾਜ਼ ਸੁਣ ਕੇ ਸਭ ਲੋਕ ਹੈਰਾਨ ਹੋ ਗਏ। ਫਿਰ ਭਾਈ ਮਰਦਾਨਾ ਜੀ ਰਬਾਬ ਵਜਾਉਣ ਅਤੇ ਗੁਰੂ ਜੀ ਕੀਰਤਨ ਕਰਨ ਲੱਗ ਪਏ। ਸਭ ਬੜੇ ਹੈਰਾਨ ਸਨ ਕਿ ਇਸਲਾਮ ਦੇ ਇਸ ਗੜ੍ਹ ਵਿੱਚ ਇਸਲਾਮੀ ਸ਼ਰ੍ਹਾ ਦੀ ਉਲੰਘਣਾ ਕਰਨ ਵਾਲਾ ਇਹ ਕੌਣ ਹੈ? ਥੋੜੇ ਸਮੇਂ ਵਿੱਚ ਹੀ ਇਹ ਬਖਰ ਪੀਰ ਦਸਤਗੀਰ ਤੇ ਹੋਰ ਮੁਲਾਂ-ਮੁਲਾਂਣਿਆਂ ਤੱਕ ਪੁੱਜ ਗਈ। ਫਿਰ ਕੀ ਸੀ ਲੋਕ ਪੱਥਰ-ਵੱਟੇ ਚੁੱਕ ਕੇ ਗੁਰੂ ਜੀ ਨੂੰ ਮਾਰਨ ਲਈ ਤੁਰ ਪਏ। ਪਰ ਗੁਰੂ ਜੀ ਦੇ ਰੱਬੀ ਨੂਰ ਭਰੇ ਚਿਹਰੇ ਨੂੰ ਦੇਖ ਕੇ ਪੱਥਰ ਹੱਥਾਂ ਵਿੱਚ ਹੀ ਫੜ੍ਹੇ ਰਹਿ ਗਏ। ਉਨ੍ਹਾਂ ਦਾ ਕਰੋਧ ਦੂਰ ਹੋ ਗਿਆ ਤੇ ਪ੍ਰੇਮ ਭਾਵ ਨਾਲ ਸਤਿਗੁਰੂ ਜੀ ਦੇ ਬਚਨ ਸੁਣਨ ਲੱਗ ਪਏ। ਸਤਿਗੁਰਾਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਰਾਗ ਆਪਣੇ-ਆਪ ਵਿੱਚ ਮਾੜਾ ਨਹੀਂ, ਸਗੋਂ ਮਾੜੀ ਜਾਂ ਚੰਗੀ ਤਾਂ ਇਸ ਦੀ ਵਰਤੋਂ ਹੈ। ਜੇ ਇਸ ਦੀ ਵਰਤੋਂ ਅੱਲ੍ਹਾ-ਤਾਲਾ ਦੀ ਸਿਫ਼ਤ-ਸਾਲਾਹ ਲਈ ਕੀਤੀ ਜਾਵੇ ਤਾਂ ਇਹ ਸਰਵੋਤਮ ਵਸਤੂ ਹੋ ਨਿਬੜਦਾ ਹੈ।

ਇੱਥੇ ਸਤਿਗੁਰਾਂ ਦੀ ਪੀਰ ਦਸਤਗੀਰ ਤੇ ਸ਼ੇਖ ਬਹਿਲੋਲ ਨਾਲ ਵੀ ਧਰਮ ਚਰਚਾ ਹੋਈ। ਇਸ ਵਿੱਚ ਸਤਿਗੁਰਾਂ ਨੇ ਲੋਕਾਂ ਨੂੰ ਸਮਝਾਇਆ ਕਿ ਖੁਦਾ ਸਰਬ ਵਿਆਪਕ ਹੈ, ਉਹ ਕਿਸੇ ਸੱਤਵੇਂ ਅਕਾਸ਼ ਉਪਰ ਨਹੀਂ ਰਹਿੰਦਾ। ਉਨ੍ਹਾਂ ਇਹ ਵੀ ਦੱਸਿਆ ਕਿ ਅਕਾਲ ਪੁਰਖ ਦੀ ਰਚਨਾ ਵਿੱਚ ਅਨੇਕਾਂ ਹੀ ਪਾਤਾਲ ਅਤੇ ਅਕਾਸ਼ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ।। ਭਾਈ ਗੁਰਦਾਸ ਜੀ ਅਨੁਸਾਰ ਪੀਰ ਦਸਤਗੀਰ ਨੇ ਪੁੱਛਿਆ ਕਿ ਸਾਨੂੰ ਇਹ ਕਿਵੇਂ ਪਤਾ ਲੱਗੇ ਕਿ ਲੱਖਾਂ ਹੀ ਪਾਤਾਲ ਤੇ ਲੱਖਾਂ ਹੀ ਆਕਾਸ਼ ਹਨ। ਇਸ ਤੇ ਗੁਰੂ ਜੀ ਨੇ ਦਸਤਗੀਰ ਦੇ ਪੁੱਤਰ ਨੂੰ ਆਪਣੇ ਨਾਲ ਲੈ ਕੇ ਇੱਕ ਅੱਖ ਫਰਕਣ ਜਿੰਨੇ ਸਮੇਂ ਵਿੱਚ ਉਸ ਨੂੰ ਲੱਖਾਂ ਹੀ ਆਕਾਸ਼ਾਂ ਤੇ ਪਾਤਾਲਾਂ ਦੀ ਸੈਰ ਕਰਵਾ ਦਿੱਤੀ ਤੇ ਉੱਥੋਂ ਸਾਧ-ਸੰਗਤ ਦੇ ਜੋੜ-ਮੇਲੇ ਵਿੱਚੋਂ ਕੜਾਹ ਪ੍ਰਸ਼ਾਦ ਦੀ ਚਿੱਪੀ ਵੀ ਭਰ ਕੇ ਲਿਆਂਦੀ। ਇਸ ਬਾਬਤ ਭਾਈ ਗੁਰਦਾਸ ਜੀ ਦੇ ਬਚਨ ਇਸ ਪ੍ਰਕਾਰ ਹਨ :

**ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।**

**ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ।**

**ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।**

**ਜਾਹਰ ਕਲਾ ਨ ਛਪੈ ਛਪਾਈ ॥੩੬॥**

ਭਾਈ ਗੁਰਦਾਸ ਜੀ (ਵਾਰ ੧ ਪਉੜੀ ੩੬)

ਇਹ ਕੌਤਕ ਦੇਖ ਕੇ ਉਹ ਸਭ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਇੱਥੇ ਉਪਦੇਸ਼ ਦੇ ਕੇ ਗੁਰੂ ਜੀ ਤੁਰਕੀ ਗਏ। ਤੁਰਕੀ ਦਾ ਬਾਦਸ਼ਾਹ ਬੜਾ ਜ਼ਾਲਮ ਸੀ। ਗੁਰੂ ਜੀ ਉਸ ਨੂੰ ਮਿਲੇ ਤੇ ਬੜੀ ਨਿਰਭੈਤਾ ਨਾਲ ਉਸ ਨੂੰ ਪਰਜਾ ਉੱਪਰ ਜ਼ਬਰ ਤੇ ਜ਼ੁਲਮ ਕਰਨਾ ਛੱਡ ਕੇ ਧਰਮ ਦਾ ਰਾਜ ਕਰਨ ਦਾ ਉਪਦੇਸ਼ ਦਿੱਤਾ। ਇੱਥੋਂ ਚੱਲ ਕੇ ਗੁਰੂ ਸਾਹਿਬ ਜੀ ਰੋਮ, ਫਰਾਂਸ ਤੇ ਰਸ਼ੀਆ ਦੇ ਰਸਤੇ ਅਫਗਨਸਤਾਨ (ਕਾਬਲ-ਕੰਧਾਰ) ਪਹੁੰਚੇ, ਜਿੱਥੇ ਕਿ ਭਾਈ ਮਰਦਾਨਾ ਜੀ ਦੀ ਪੁਰਾਣੀ ਰਬਾਬ ਖਰਾਬ ਹੋ ਗਈ ਤਾਂ ਉਨ੍ਹਾਂ ਨੇ ਉੱਥੋਂ ਅਫਗਾਨੀ ਰਬਾਬ ਖਰੀਦੀ, ਇਸ ਨੂੰ ਅੱਜ-ਕੱਲ੍ਹ ਅਫਗਾਨੀ ਰਬਾਬ ਕਿਹਾ ਜਾਂਦਾ ਹੈ, ਜੋ ਕਸ਼ਮੀਰ ਵਿੱਚ ਵੀ ਬੜੀ ਮਸ਼ਹੂਰ ਹੈ।

**ਵਲੀ ਕੰਧਾਰੀ** - ਇੱਥੋਂ ਤੋਂ ਵਾਪਸ ਆਉਂਦੇ ਹੋਏ ਆਪ ਜੀ ਦਰਾ-ਖੈਬਰ ਦੇ ਰਸਤੇ ਹਸਨ ਅਬਦਾਲ ਪੁੱਜੇ। ਇੱਥੇ ਪਹਾੜੀ ਉੱਪਰ ਵਲੀ ਕੰਧਾਰੀ ਨਾਂ ਦਾ ਇੱਕ ਫਕੀਰ ਰਹਿੰਦਾ ਸੀ, ਉੱਥੇ ਪਾਣੀ ਦਾ ਬਹੁਤ ਵੱਡਾ ਚਸ਼ਮਾ ਸੀ। ਇਹ ਫਕੀਰ ਕਰਾਮਾਤਾਂ ਦੇ ਆਸਰੇ ਲੋਕਾਂ ਉੱਪਰ ਆਪਣਾ ਪ੍ਰਭਾਵ ਪਾਈ ਰੱਖਦਾ ਸੀ। ਭਾਈ ਮਰਦਾਨਾ ਜੀ ਨੂੰ ਪਿਆਸ ਲੱਗੀ ਤਾਂ ਵਲੀ ਕੰਧਾਰੀ ਕੋਲ ਪਾਣੀ ਲੈਣ ਲਈ ਗਏ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਆਮਦ ਬਾਰੇ ਵੀ ਉਸ ਨੂੰ ਦੱਸਿਆ। ਗੁਰੂ ਜੀ ਨੂੰ ਕਾਫਰ ਸਮਝਦਿਆਂ ਹੋਇਆਂ, ਉਸ ਨੇ ਪਾਣੀ ਦੇਣ ਦੀ ਥਾਂ ਉੱਲਟਾ ਗੁੱਸੇ ਵਿੱਚ ਕਿਹਾ, "ਜੇ ਤੇਰਾ ਗੁਰੂ ਏਨੀ ਅਜਜ਼ਮਤ ਵਾਲਾ ਹੈ ਤਾਂ ਆਪਣੀ ਸ਼ਕਤੀ ਨਾਲ ਪਾਣੀ ਕਿਉਂ ਨਹੀਂ ਪੈਦਾ ਕਰ ਲੈਂਦਾ।" ਭਾਈ ਮਰਦਾਨਾ ਜੀ ਨੇ ਸਾਰੀ ਗੱਲ ਸਤਿਗੁਰੂ ਜੀ ਨੂੰ ਦੱਸੀ। ਗੁਰੂ ਜੀ ਦੇ ਕਹਿਣ ਉੱਤੇ ਭਾਈ ਮਰਦਾਨਾ ਜੀ ਦੋ-ਤਿੰਨ ਵਾਰੀ ਵਲੀ ਕੰਧਾਰੀ ਕੋਲ ਪਾਣੀ ਲੈਣ ਲਈ ਗਏ, ਪਰ ਹਰ ਵਾਰ ਨਿਰਾਸਤਾ ਹੀ ਪੱਲੇ ਪਈ। ਅੰਤ ਸਤਿਗੁਰਾਂ ਨੇ ਪਹਾੜੀ ਥੱਲਿਓਂ ਇਕ ਪੱਥਰ ਚੁੱਕਿਆ ਤਾਂ ਉੱਥੇ ਠੰਢੇ-ਮਿੱਠੇ ਪਾਣੀ ਦਾ ਇੱਕ ਝਰਨਾ ਵਹਿ ਤੁਰਿਆ। ਉਸੇ ਵੇਲੇ ਉੱਧਰੋਂ ਵਲੀ ਕੰਧਾਰੀ ਦਾ ਪਾਣੀ ਵਾਲਾ ਚਸ਼ਮਾ ਸੁੱਕ ਗਿਆ। ਉਸ ਨੇ ਕ੍ਰੋਧ ਵਿੱਚ ਆ ਕੇ ਗੁਰੂ ਜੀ ਨੂੰ ਮਾਰਨ ਦੇ ਇਰਾਏ ਨਾਲ ਇੱਕ ਵੱਡਾ ਸਾਰਾ ਪੱਥਰ ਹੇਠਾਂ ਗੁਰੂ ਜੀ ਵੱਲ ਨੂੰ ਰੇੜ੍ਹਿਆ। ਸਤਿਗੁਰਾਂ ਨੇ ਉਸ ਰਿੜਦੇ ਆਉਂਦੇ ਪੱਥਰ ਨੂੰ ਹੱਥ ਨਾਲ ਰੋਕ ਦਿੱਤਾ। ਸਤਿਗੁਰਾਂ ਦਾ ਪੰਜਾ ਉਸ ਪੱਥਰ ਉੱਤੇ ਛਪ ਗਿਆ।

ਇਹ ਦੇਖ ਕੇ ਵਲੀ ਕੰਧਾਰੀ ਪਹਾੜ ਤੋਂ ਹੇਠਾਂ ਆਇਆ ਤੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਪ੍ਰਭੂ ਦੇ ਬੰਦਿਆਂ ਦਾ ਕੰਮ ਕਰਾਮਾਤਾਂ ਵਿਖਾਉਣੀਆਂ ਜਾਂ ਹਉਮੈ ਵਿੱਚ ਕਿਸੇ ਦਾ ਨੁਕਸਾਨ ਕਰਨਾ ਨਹੀਂ ਹੁੰਦਾ, ਸਗੋਂ ਖੁਦਾ ਦੀ ਬੰਦਗੀ ਕਰਨਾ ਅਤੇ ਮਨੁੱਖ ਜਾਤੀ ਦੀ ਸੇਵਾ ਕਰਨਾ ਹੈ। ਸਤਿਗੁਰਾਂ ਦਾ ਪੰਜਾ ਅਜੇ ਤੱਕ ਉਸ ਪੱਥਰ ਵਿੱਚ ਮੌਜੂਦ ਹੈ ਤੇ ਉੱਥੇ ਹੁਣ ਗੁਰਦੁਆਰਾ ਪੰਜਾ ਸਾਹਿਬ ਸੁਸ਼ੋਭਿਤ ਹੈ।

ਇਵੇਂ ਵਲੀ ਕੰਧਾਰ ਨੂੰ ਧਰਮ ਦੇ ਰਸਤੇ ਪਾ ਕੇ ਗੁਰੂ ਸਾਹਿਬ ਜੀ ਸੈਦਪੁਰ (ਐਮਨਾਬਾਦ) ਵਿਖੇ ਭਾਈ ਲਾਲੋ ਜੀ ਕੋਲ ਆ ਪਹੁੰਚੇ। ਇੱਥੇ ਗੁਰੂ ਜੀ ਨੇ ਦੇਖਿਆ ਕਿ ਸਾਰੇ ਸ਼ਹਿਰ ਵਾਸੀ ਪ੍ਰਭੂ ਨੂੰ ਭੁਲਾ ਕੇ ਬੜੀ ਐਸ਼-ਪ੍ਰਸਤੀ ਵਿੱਚ ਪਏ ਹੋਏ ਸਨ। ਸ਼ਹਿਰ ਵਾਸੀਆਂ ਦੀ ਅਜਿਹੀ ਦਸ਼ਾ ਦੇਖ ਕੇ ਗੁਰੂ ਸਾਹਿਬ ਜੀ ਨੇ ਭਵਿੱਖ ਬਾਣੀ ਕਰਦਿਆਂ ਹੋਇਆਂ ਸ਼ਹਿਰ ਵਾਸੀਆਂ ਦੀ ਹੋਣ ਵਾਲੀ ਦੁਰਦਸ਼ਾ ਦੇ ਸਬੰਧ ਵਿੱਚ ਇਹ ਚਾਰ ਸ਼ਬਦ ਉਚਾਰਨ ਕੀਤੇ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**

(ਗੁਰੂ ਗ੍ਰੰਥ ਸਾਹਿਬ ਜੀ, ਅੰਗ-੩੬●)

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**

(ਗੁਰੂ ਗ੍ਰੰਥ ਸਾਹਿਬ ਜੀ, ਅੰਗ-੪੧੭)

**ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥**

(ਗੁਰੂ ਗ੍ਰੰਥ ਸਾਹਿਬ ਜੀ, ਅੰਗ-੪੧੭)

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

(ਗੁਰੂ ਗ੍ਰੰਥ ਸਾਹਿਬ ਜੀ, ਅੰਗ-੭੨੨)

ਇਨ੍ਹਾਂ ਸ਼ਬਦਾਂ ਵਿੱਚ ਜਿੱਥੇ ਸਤਿਗੁਰਾਂ ਨੇ ਬਾਬਰ ਨੂੰ ਪਾਪ ਦੀ ਜੰਞ ਲਿਆ ਕੇ ਲੋਕਾਂ ਤੇ ਜ਼ੁਲਮ ਕਰਕੇ ਦਾਨ ਖੋਹਣ ਵਾਲਾ ਲੁਟੇਰਾ ਆਖਿਆ ਹੈ, ਉੱਥੇ ਜੰਗ ਵਿੱਚ ਮੱਚੀ ਲੁੱਟ-ਖਸੁੱਟ, ਹਾਹਾਕਾਰ ਤੇ ਇਸਤਰੀਆਂ ਦੀ ਹੋਈ ਬੇਪਤੀ ਦਾ ਵੀ ਬੜੇ ਕਰੁਣਾਮਈ ਸ਼ਬਦਾਂ ਵਿੱਚ ਜ਼ਿਕਰ ਕੀਤਾ ਹੈ ਅਤੇ ਇੱਥੋਂ ਦੇ ਪਠਾਣ ਹਾਕਮਾਂ ਨੂੰ ਵੀ ਖ਼ਰੀਆ-ਖ਼ਰੀਆਂ ਸੁਣਾਈਆਂ ਹਨ।

ਇਹ ਸ਼ਬਦ ਸੁਣ ਕੇ ਭਾਈ ਲਾਲੋ ਜੀ ਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਨ ਲੱਗੇ ਕਿ ਮਹਾਰਾਜ ਆਪ ਅਕਾਲ ਪੁਰਖ ਦਾ ਸਰੂਪ ਹੋ, ਆਪ ਜੀ ਮਿਹਰ ਕਰੋ ਤੇ ਲੋਕਾਈ ਨੂੰ ਬਚਾਉ। ਗੁਰੂ ਸਾਹਿਬ ਜੀ ਨੇ ਫਰਮਾਇਆ ਕਿ ਕਰਤਾਰ ਭਲੀ ਕਰੇਗਾ।

ਕੁਝ ਚਿਰ ਮਗਰੋਂ ਹੀ ਬਾਬਰ ਦੀਆਂ ਫੌਜਾਂ ਮਾਰੋ-ਮਾਰ ਕਰਦੀਆਂ ਐਮਨਾਬਾਦ ਉੱਤੇ ਆ ਪਈਆਂ ਤੇ ਅਤਿ ਦੀ ਵੱਢ-ਕੱਟ ਤੇ ਤਬਾਹੀ ਹੋਈ। ਗੁਰੂ ਜੀ ਤੇ ਭਾਈ ਮਰਦਾਨਾ ਜੀ ਨੂੰ ਵੀ ਹੋਰ ਅਨੇਕਾਂ ਕੈਦੀਆਂ ਦੇ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਸਾਰੇ ਕੈਦੀਆਂ ਨੂੰ ਪੱਥਰ ਦੀਆਂ ਚੱਕੀਆਂ ਨਾਲ ਕਣਕ ਪੀਸਣ 'ਤੇ ਲਾ ਦਿੱਤਾ ਗਿਆ। ਉੱਥੇ ਕੈਦ ਲੋਕਾਂ ਦੀ ਉਦੋਂ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਗੁਰੂ ਨਾਨਕ ਸਾਹਿਬ ਜੀ ਦੁਆਰਾ ਸੁਰੀਲੀ ਤੇ ਮਿੱਠੀ ਆਵਾਜ਼ ਵਿੱਚ ਕੀਰਤਨ ਕਰਨ ਨਾਲ ਚੱਕੀਆਂ ਆਪਣੇ-ਆਪ ਚੱਲਣ ਲੱਗ ਪਈਆਂ। ਜਦੋ ਇਹ ਖ਼ਬਰ ਸ਼ਿਪਾਹੀਆਂ ਨੇ ਬਾਬਰ ਤੱਕ ਪਹੁੰਚਾਈ ਤਾਂ ਬਾਬਰ ਇਹ ਸੋਚ ਕੇ ਘਬਰਾ ਗਿਆ ਕਿ ਮੈਂ ਤਾਂ ਕਿਸੇ ਪੁੱਜੇ ਹੋਏ ਫਕੀਰ ਨੂੰ ਕੈਦੀ ਬਣਾ ਲਿਆ ਹੈ, ਇਸ ਤਰ੍ਹਾਂ ਤਾਂ ਮੇਰੇ 'ਤੇ ਅੱਲਾ-ਤਾਲਾ ਦਾ ਕਹਿਰ ਪਵੇਗਾ। ਬਾਬਰ ਦੌੜਦਾ ਹੋਇਆ ਜ਼ੇਲ੍ਹ ਵਿੱਚ ਪੁੱਜਿਆ ਅਤੇ ਇਹ ਕੌਤਕ ਦੇਖ ਕੇ ਉਹ ਕੰਬ ਗਿਆ ਅਤੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਅਤੇ ਕਹਿਣ ਲੱਗਾ, "ਹੇ ਬਾਬਾ ਨਾਨਕ! ਜੇ ਮੈਨੂੰ ਪਤਾ ਹੁੰਦਾ ਕਿ ਇਸ ਨਗਰ ਵਿੱਚ ਫਕੀਰ ਲੋਕ ਵੀ ਰਹਿੰਦੇ ਹਨ ਤਾਂ ਮੈਂ ਕਦੇ ਵੀ ਇਸ ਨਗਰ 'ਤੇ ਹਮਲਾ ਨਾ ਕਰਦਾ। ਪਰ ਹੁਣ ਆਪ ਜੀ ਮੇਰੇ ਗੁਨਾਹਾਂ ਨੂੰ ਬਖ਼ਸ਼ਣਾ ਕਰੋ।"

ਗੁਰੂ ਸਾਹਿਬ ਜੀ ਨੇ ਬਾਬਰ ਨੂੰ ਕਿਹਾ ਕਿ ਹੁਣ ਤੱਕ ਦੀਆਂ ਕੀਤੀਆਂ ਗਲਤੀਆਂ ਲਈ ਅੱਲ੍ਹਾ-ਤਾਲਾ ਤੋਂ ਖ਼ਿਮਾ ਜਾਚਨਾ ਕਰ ਤੇ ਅੱਗੇ ਤੋਂ ਤੋਬਾ ਕਰ। ਸਾਰੇ ਕੈਦੀਆਂ ਨੂੰ ਰਿਹਾਅ ਕਰਕੇ ਉਨ੍ਹਾਂ ਦਾ ਲੁੱਟਿਆ ਸਮਾਨ ਵਾਪਸ ਕਰ ਦੇ ਅਤੇ ਅੱਗੇ ਤੋਂ ਧਰਮ ਦਾ ਰਾਜ ਕਮਾਉਣ ਦਾ ਪ੍ਰਣ ਕਰ। ਤੂੰ ਬਾਬਰ ਤੋਂ ਜ਼ਾਬਰ ਨਾ ਬਣ। ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਛੱਡ ਦਿੱਤਾ ਅਤੇ ਉਨ੍ਹਾਂ ਦਾ ਧੰਨ ਮਾਲ ਵਾਪਸ ਕਰਕੇ ਸਹੀ ਸਲਾਮਤ ਉਨ੍ਹਾਂ ਨੂੰ ਘਰਾਂ ਵਿੱਚ ਪਹੁੰਚਾ ਦਿੱਤਾ। ਇਵੇਂ ਬਾਬਰ ਨੂੰ ਉਪਦੇਸ਼ ਦੇ ਕੇ ਸੈਦਪੁਰ ਤੋਂ ਚੱਲ ਕੇ ਗੁਰੂ ਸਾਹਿਬ ਜੀ ਕਰਤਾਰਪੁਰ ਆ ਪਹੁੰਚੇ, ਇਸ ਤਰ੍ਹਾਂ ਚੌਥੀ ਪ੍ਰਚਾਰ ਫੇਰੀ ਖ਼ਤਮ ਹੋਈ।

**ਅਚੱਲ ਵਟਾਲੇ ਦੀ ਫੇਰੀ** : ਕਰਤਾਰਪੁਰ ਰਹਿੰਦਿਆਂ ਗੁਰੂ ਜੀ ਇੱਕ ਵਾਰੀ ਅਚੱਲ ਵਟਾਲੇ ਦੇ ਮੇਲੇ 'ਤੇ ਗਏ। ਉੱਥੇ ਜੋਗੀ ਤੇ ਸਿੱਧ ਜਨ ਲੋਕਾਂ ਨੂੰ ਕਰਾਮਾਤਾਂ ਦਿਖਾ ਪ੍ਰਭਾਵਿਤ ਕਰਕੇ ਆਪਣੀ ਪੂਜਾ ਕਰਵਾ ਰਹੇ ਸਨ ਤੇ ਕੀਮਤੀ ਭੇਟਾਵਾਂ ਲੁੱਟ ਰਹੇ ਸਨ। ਗੁਰੂ ਜੀ ਨੇ ਇੱਕ ਥਾਂ 'ਤੇ ਬੈਠ ਕੇ ਪ੍ਰਭੂ ਉਸਤਤੀ ਦਾ ਕੀਰਤਨ ਕਰਨਾ ਆਰੰਭ ਕਰ ਦਿੱਤਾ। ਇਲਾਹੀ ਪ੍ਰੇਮ ਵੱਸ ਸਭ ਲੋਕ ਗੁਰੂ ਸਾਹਿਬ ਵੱਲ ਖਿੱਚੇ ਗਏ। ਸਿੱਧ ਲੋਕ ਇਹ ਦੇਖ ਕੇ ਗੁਰੂ ਜੀ ਨਾਲ ਈਰਖਾ ਕਰਨ ਲੱਗ ਪਏ। ਉਨ੍ਹਾਂ ਨੇ ਗੁਰੂ ਜੀ ਨੂੰ ਡਰਾ ਕੇ ਲੋਕਾਂ 'ਤੇ ਆਪਣਾ ਦਬਦਬਾ ਪਾਉਣ ਲਈ ਕਈ ਕਰਾਮਾਤਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਤੰਤਰਾਂ-ਮੰਤਰਾਂ ਦੀਆਂ ਧੂਣੀਆਂ ਲਾ ਕੇ ਬਹੁਤ ਸਾਂਗ ਰਚਾਏ। ਕਈਆਂ ਨੇ ਬਘਿਆੜ ਦੇ ਰੂਪ ਵਟਾ ਲਏ, ਕੋਈ ਸੱਪ ਬਣ ਕੇ ਫੂੰਕਾਰੇ ਮਾਰਨ ਲੱਗਾ, ਕੋਈ ਮੂੰਹ ਵਿੱਚੋਂ ਅੱਗ ਵਰਸਾਉਣ ਲੱਗ ਪਿਆ, ਇਕ ਨੇ ਪਾਣੀ 'ਤੇ ਤੁਰਨਾ ਸ਼ੁਰੂ ਕਰ ਦਿੱਤਾ ਤੇ ਇੱਕ ਪੰਖੀ ਬਣ ਕੇ ਅਸਮਾਨ ਵਿੱਚ ਉੱਡਣ ਲੱਗ ਪਿਆ, ਭੰਗਰਨਾਥ ਨੇ ਅਕਾਸ਼ ਵਿੱਚੋਂ ਤਾਰੇ ਤੋੜ ਲਿਆਂਦੇ। ਪਰ ਇਹ ਆਪਣੇ ਅਜਿਹੇ ਕੌਤਕਾਂ ਨਾਲ ਗੁਰੂ ਜੀ ਨੂੰ ਡਰਾ ਨਾ ਸਕੇ। ਗੁਰੂ ਜੀ ਸਗੋਂ ਇਨ੍ਹਾਂ ਦੇ ਨਾਟਕ-ਚੇਟਕ ਦੇਖ ਕੇ ਮੁਸਕਰਾਉਂਦੇ ਰਹੇ।

ਜਦੋਂ ਉਹ ਸਾਰੀਆਂ ਰਿਧੀਆਂ-ਸਿਧੀਆਂ ਦਿਖਾ ਕੇ ਹਾਰ ਗਏ ਤਾਂ ਗੁਰੂ ਜੀ ਕੋਲ ਆ ਕੇ ਪਛਤਾਵਾ ਕਰਨ ਲੱਗ ਪਏ। ਗੁਰੂ ਜੀ ਨੇ ਸਭ ਸਿੱਧਾਂ ਤੇ ਜੋਗੀਆਂ ਨੂੰ ਸਮਝਾਇਆ ਕਿ ਅਸਲੀ ਜੋਗ ਤਾਂ ਇਹ ਹੈ ਕਿ ਇਨਸਾਨ ਸੰਸਾਰ ਵਿੱਚ ਰਹਿੰਦਿਆਂ ਆਪਣੀ ਕਿਰਤ-ਕਾਰ ਕਰਦਿਆਂ ਹੋਇਆਂ ਰੱਬ ਦਾ ਨਾਮ ਜਪੇ ਤੇ ਉਸ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰੇ।

ਬਾਕੀ ਸਾਰੇ ਸਿੱਧ ਫਿਰ ਵੀ ਆਪਣੇ ਹੀ ਰਿਧੀਆਂ-ਸਿਧੀਆਂ ਤੇ ਯੋਗ ਆਸਣਾ ਵਿੱਚ ਪਏ ਰਹੇ, ਪਰ ਇਨ੍ਹਾਂ ਸਿੱਧਾਂ ਵਿੱਚੋਂ ਭਰਥਰੀ ਨਾਂ ਦਾ ਇੱਕ ਜੋਗੀ ਜੋ ਰਾਜ-ਭਾਗ ਤਿਆਗ ਕੇ ਪ੍ਰਭੂ ਮਿਲਾਪ ਲਈ ਜੋਗੀ ਬਣਿਆ ਸੀ, ਉਹ ਗੁਰੂ ਸਾਹਿਬ ਦੇ ਬਚਨਾ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਹ ਕਰਤਾਰਪੁਰ ਆ ਗਿਆ ਤੇ ਗੁਰੂ ਜੀ ਦਾ ਸਿੱਖ ਬਣ ਗਿਆ। ਉਸ ਸਮੇਂ ਉਸ ਦੀ ਉਮਰ ਲਗਭਗ ੧੪●● ਸਾਲ ਸੀ। ਇਸ ਦੀ ਅੰਸ-ਬੰਸ ਹੁਣ ਵੀ ਪਹਾੜਾਂ ਵਿੱਚ ਰਹਿੰਦੀ ਹੈ, ਜਿਨ੍ਹਾ ਨੂੰ ਮੀਏਂ ਕਿਹਾ ਜਾਂਦਾ ਹੈ। ਉਹ ਆਪਣੇ-ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਸਰਧਾਲੂ (ਸਿੱਖ) ਅਖਵਾਉਂਦੇ ਹਨ ਤੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ।

**ਮੁਲਤਾਨ ਦੀ ਫੇਰੀ** : ਅੱਚਲ ਵਟਾਲੇ ਤੋਂ ਗੁਰੂ ਜੀ ਮੁਲਤਾਨ ਗਏ। ਮੁਲਤਾਨ ਸ਼ਹਿਰ ਮੁਸਲਮਾਨ ਫਕੀਰਾਂ ਨਾਲ ਭਰਿਆ ਪਿਆ ਸੀ। ਉਹ ਗੁਰੂ ਨਾਨਕ ਦੇਵ ਜੀ ਦੇ ਆਉਣ ਬਾਰੇ ਸੁਣ ਕੇ ਡਰ ਗਏ ਕਿ ਜੇ ਇਹ ਇਥੇ ਆ ਟਿਕੇ ਤਾਂ ਸਾਡਾ ਖੇਲ ਤਾਂ ਖਤਮ ਹੋ ਜਾਵੇਗਾ। ਉਨ੍ਹਾਂ ਨੇ ਦੁੱਧ ਦਾ ਭਰਿਆ ਹੋਇਆ ਇੱਕ ਕਟੋਰਾ ਗੁਰੂ ਸਾਹਿਬ ਜੀ ਦੇ ਅੱਗੇ ਰੱਖ ਦਿੱਤਾ, ਜਿਸ ਵਿੱਚ ਇੱਕ ਬੂੰਦ ਵੀ ਦੁੱਧ ਹੋਰ ਨਹੀਂ ਸੀ ਪੈ ਸਕਦਾ, ਜਿਸ ਦਾ ਭਾਵ ਸੀ ਕਿ ਇਹ ਸ਼ਹਿਰ ਤਾਂ ਪਹਿਲਾਂ ਹੀ ਪੀਰਾਂ-ਫਕੀਰਾਂ ਨਾਲ ਭਰਿਆ ਪਿਆ ਹੈ, ਇੱਥੇ ਕਿਸੇ ਹੋਰ ਸਾਧੂ-ਸੰਤ ਲਈ ਕੋਈ ਥਾਂ ਨਹੀਂ ਹੈ। ਗੁਰੂ ਜੀ ਨੇ ਚੰਮੇਲੀ ਦਾ ਇੱਕ ਫੁੱਲ ਤੋੜ ਕੇ ਕਟੋਰੇ ਵਿੱਚ ਪਾ ਕੇ ਵਾਪਸ ਭੇਜ ਦਿੱਤਾ, ਜਿਸ ਦਾ ਮਤਲਬ ਸੀ ਕਿ ਅਸੀਂ ਇੱਥੇ ਕਿਸੇ 'ਤੇ ਬੋਝ ਨਹੀਂ ਬਣਾਗੇ, ਬਲਕਿ ਇਵੇਂ ਸਭ ਦੇ ਦਿਲਾਂ ਵਿੱਚ ਸਮਾਂ ਜਾਵਾਂਗੇ, ਜਿਵੇਂ ਇਸ ਕਟੋਰੇ ਵਿੱਚ ਇਹ ਫੁੱਲ ਸਮਾ ਗਿਆ ਹੈ। ਬਹੁਤ ਸਾਰੇ ਫਕੀਰ ਗੁਰੂ ਜੀ ਨਾਲ ਚਰਚਾ (ਬਹਿਸ) ਕਰਨ ਲਈ ਆਏ, ਪਰ ਸਭ ਹਾਰ ਗਏ। ਅੰਤ ਉਹ ਗੁਰੂ ਜੀ ਦੇ ਉਪਦੇਸ਼ ਅੱਗੇ ਝੁਕ ਗਏ ਤੇ ਗੁਰੂ ਜੀ ਨੂੰ ਆਪਣਾ ਆਗੂ (ਗੁਰੂ) ਮੰਨਣ ਲੱਗੇ। ਉਨ੍ਹਾਂ ਵਿੱਚੋਂ ਬਹਾਉਦੀਨ ਨਾਂ ਦਾ ਇੱਕ ਫਕੀਰ ਤਾਂ ਗੁਰੂ ਸਾਹਿਬ ਜੀ ਦਾ ਪੱਕਾ ਸ਼ਰਧਾਲੂ ਬਣ ਗਿਆ ਤੇ ਉਹ ਆਮ ਕਰਕੇ ਮੱਕੇ ਵੱਲ ਨੂੰ ਮੂੰਹ ਕਰਕੇ ਨਿਮਾਜ਼ ਪੜ੍ਹਨ ਦੀ ਬਜਾਏ ਕਰਤਾਰਪੁਰ ਵੱਲ ਨੂੰ ਮੂੰਹ ਕਰਕੇ ਨਿਮਾਜ਼ ਪੜ੍ਹਿਆ ਕਰਦਾ ਸੀ।

**ਕਰਤਾਰਪੁਰ ਵਿਖੇ ਸਿੱਖੀ ਦੀ ਮਰਯਾਦਾ ਕਾਇਮ ਕਰਨੀ**- ਕਰਤਾਰਪੁਰ ਵਿਖੇ ਬਾਬਾ ਬੁੱਢਾ ਜੀ ਅਤੇ ਭਾਈ ਭਗੀਰਥ ਜੀ ਵਰਗੇ ਉੱਘੇ ਸਿੱਖ ਸੇਵਾ ਕਰਦੇ ਸਨ। ਭਾਈ ਲਹਿਣਾ ਜੀ ਜੋ ਦੇਵੀ ਦੇ ਸ਼ਰਧਾਲੂ ਸਨ ਅਤੇ ਹਰ ਸਾਲ ਉਸ ਦੇ ਦਰਸ਼ਨਾਂ ਨੂੰ ਯਾਤਰਾ 'ਤੇ ਜਾਂਦੇ ਸਨ, ਭਾਈ ਜੋਧਾ ਜੀ ਕੋਲੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣ ਕੇ ਕਰਤਾਰਪੁਰ ਆਏ ਅਤੇ ਦਰਸ਼ਨ ਕਰ ਗੁਰੂ ਜੀ ਦੇ ਹੀ ਹੋ ਗਏ। ਗੁਰੂ ਜੀ ਨੇ ਇਨ੍ਹਾਂ ਨੂੰ ਬੜੀਆਂ ਕਠਨ ਪਰੀਖਿਆਵਾਂ ਵਿੱਚ ਪਾਇਆ। ਗੁਰੂ ਨਾਨਕ ਦੇਵ ਜੀ ਤਾਂ ਸਮਰੱਥ ਸਨ। ਉਹਨਾਂ ਨੂੰ ਪਰੀਖਿਆਵਾਂ ਲੈਣ ਦੀ ਕੋਈ ਲੋੜ ਨਹੀਂ ਸੀ। ਆਪ ਜੀ ਜਾਣਦੇ ਸਨ ਕਿ ਭਾਈ ਲਹਿਣਾ ਜੀ ਹੀ ਉਹ ਸਮਰੱਥ ਸਿੱਖ (ਗੁਰਸਿੱਖ) ਹਨ, ਜਿਨ੍ਹਾਂ ਨੇ ਦੂਜੇ ਗੁਰੂ ਨਾਨਕ ਬਣਨਾ ਹੈ। ਸਿਰਫ ਲੁਕਾਈ ਨੂੰ ਇਹ ਦਰਸਾਉਣ ਵਾਸਤੇ ਕਿ ਦੋਨਾਂ ਪੁੱਤਰਾਂ ਅਤੇ ਹੋਰ ਗੁਰਸਿੱਖਾਂ ਨੇ ਤਾਂ ਬਚਨ ਪੂਰੀ ਤਰ੍ਹਾਂ ਨਹੀਂ ਪਾਲੇ ਪਰ ਭਾਈ ਲਹਿਣਾ ਜੀ ਨੇ ਸਾਰੇ ਬਚਨ ਸਤ-ਸਤ ਕਰਕੇ ਮੰਨੇ ਹਨ। ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਪਰੀਖਿਆਵਾਂ ਵਿੱਚ ਪਾਇਆ ਅਤੇ ਜਗਤ ਨੂੰ ਗੁਰਸਿੱਖ ਬਣਨ ਦਾ ਨਮੂਨਾ ਦੱਸਿਆ।

ਭਾਈ ਲਹਿਣਾ ਜੀ ਕੋਲੋਂ ਜੋ ਗੁਰੂ ਸਾਹਿਬ ਜੀ ਨੇ ਬਚਨ ਸਤ-ਸਤ ਕਰਕੇ ਮਨਵਾਏ, ਇਸ ਤੋਂ ਇਹ ਭਾਵ ਸੀ ਕਿ ਸੱਚੇ ਮਨ ਨਾਲ ਬਚਨ ਮੰਨਣ ਤੇ ਕਮਾਉਣ ਨਾਲ ਹਉਮੈ ਉੱਕਾ ਹੀ ਮਰ ਜਾਂਦੀ ਹੈ ਤੇ ਸੁਰਤੀ ਪ੍ਰਭੂ ਵਿੱਚ ਲੀਨ ਹੋ ਕੇ ਉਸ ਦਾ ਸਰੂਪ ਬਣ ਜਾਂਦੀ ਹੈ। ਇਸ ਬਾਬਤ ਗੁਰਬਾਣੀ ਫਰਮਾਉਂਦੀ ਹੈ ਕਿ :

**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੭੪੭)

ਇਸ ਤਰ੍ਹਾਂ ਬਾਕੀ ਗੁਰੂ ਸਾਹਿਬ ਜੀ ਵੀ ਬਚਨ ਕਮਾਉਣ ਕਰਕੇ ਹੀ ਗੁਰੂ ਨਾਨਕ ਦਾ ਸਰੂਪ ਬਣੇ। ਇਸੇ ਤਰ੍ਹਾਂ ਹੀ ਹੋਰ ਸੰਤ-ਮਹਾਂਪੁਰਸ਼ ਵੀ ਬਚਨ ਕਮਾ ਕੇ ਹੀ ਗੁਰੂ-ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਲੈਂਦੇ ਰਹੇ।

**ਜੋਤੀ ਜੋਤ ਸਮਾਉਣਾ**- ਭਾਈ ਲਹਿਣਾ ਜੀ ਨੂੰ ਗੁਰਗੱਦੀ ’ਤੇ ਬਿਠਾ ਕੇ ਪੰਜ ਪੈਸੇ ਨਾਰੀਅਲ ਰੱਖ, ਪੰਜ ਪਰਕਰਮਾਂ ਕਰ ਮੱਥਾ ਟੇਕਿਆ ਅਤੇ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਤੋਂ ਲਗਵਾ ਕੇ ਦੂਸਰੇ ਗੁਰੂ ਨਾਨਕ (ਗੁਰੂ ਅੰਗਦ ਦੇਵ) ਪ੍ਰਗਟ ਕੀਤਾ। ਇਸ ਤੋਂ ਬਾਅਦ ਗੁਰੂ ਸਾਹਿਬ ਸੰਨ ੧੫੩੯ ਈ: ਨੂੰ ਸੱਚਖੰਡ ਦੇ ਵਾਸੀ ਹੋ ਗਏ।

**ਗੁਰੂ ਸਾਹਿਬ ਦੇ ਅਧਿਆਤਮਿਕ ਉਪਦੇਸ਼**- ਜੋ ਇਸ ਪੁਸਤਕ ਵਿੱਚ ਸਿੱਖ ਧਰਮ ਦੇ ਸਿਧਾਂਤ ਹਨ ਉਹ ਸਾਰੇ ਹੀ ਗੁਰੂ ਸਾਹਿਬ ਦੇ ਉਪਦੇਸ਼ ਹਨ। ਪਾਠਕ ਉਹਨਾਂ ਦਾ ਅਧਿਐਨ ਇਸ ਰੋਸ਼ਨੀ ਵਿੱਚ ਕਰਨ।

# ਗੁਰੂ ਅੰਗਦ ਦੇਵ ਜੀ

ਗੁਰੂ ਅੰਗਦ ਦੇਵ ਜੀ ਦਾ ਜਨਮ ਮਾਰਚ ੧੫●੪ ਈ: ਵਿੱਚ ਸ੍ਰੀ ਫੇਰੂ ਮੱਲ ਦੇ ਗ੍ਰਿਹਿ ਮਾਤਾ ਸਭਰਾਈ ਜੀ (ਜਿਨ੍ਹਾਂ ਨੂੰ ਕਈ ਇਤਿਹਾਸਕਾਰਾਂ ਨੇ ਮਾਤਾ ਦਇਆ ਕੌਰ ਵੀ ਕਿਹਾ ਹੈ) ਦੀ ਕੁੱਖੋਂ, ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ।

**ਵਿਆਹ**- ਆਪ ਜੀ ਦਾ ਵਿਆਹ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਨਾਲ ਪਿੰਡ ਸੰਘੜ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਦਾਸੂ ਤੇ ਭਾਈ ਦਾਤੂ ਜੀ ਅਤੇ ਦੋ ਧੀਆਂ ਬੀਬੀ ਅਮਰੋ ਤੇ ਬੀਬੀ ਅਨੋਖੀ ਜੀ ਸਨ।

**ਗੁਰੂ ਮਿਲਾਪ**- ਗੁਰੂ ਸਾਹਿਬ ਦਾ ਅਸਲ ਨਾਂ ਭਾਈ ਲਹਿਣਾ ਸੀ। ਇੱਕ ਦਿਨ ਗੁਰੂ ਨਾਨਕ ਦੇਵ ਜੀ ਦੇ ਸਿੱਖ ਭਾਈ ਜੋਧਾ ਜੀ ਕੋਲੋਂ ਅੰਮ੍ਰਿਤ ਵੇਲੇ ਗੁਰੂ ਜੀ ਦੀ ਬਾਣੀ ਸੁਣੀ ਤਾਂ ਉਨ੍ਹਾਂ ਦੇ ਮਨ ਵਿੱਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਤੀਬਰ ਇੱਛਾ ਹੋ ਗਈ। ਆਪ ਜੀ ਜਵਾਲਾ ਮੁਖੀ ਦੇਵੀ ਦੇ ਉਪਾਸਕ ਸਨ। ਕੁਝ ਸਮੇਂ ਬਾਅਦ ਜਦੋਂ ਉਹ ਆਪਣੇ ਸੰਗੀਆਂ ਨਾਲ ਦੇਵੀ ਦੇ ਦਰਸ਼ਨਾਂ ਲਈ ਯਾਤਰਾ ’ਤੇ ਗਏ ਤਾਂ ਕਰਤਾਰਪੁਰ ਤੋਂ ੮ ਮੀਲ ਦੀ ਦੂਰੀ ’ਤੇ ਪੜਾਅ ਕੀਤਾ। ਸਾਥੀਆਂ ਨੂੰ ਰਾਤ ਬਿਸਰਾਮ ਕਰਨ ਲਈ ਛੱਡ ਕੇ ਆਪ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਗਏ ਅਤੇ ਇੰਨੇ ਨਿਹਾਲ ਹੋਏ ਕਿ ਹਮੇਸ਼ਾ ਵਾਸਤੇ ਉਨ੍ਹਾਂ ਦੇ ਹੋ ਗਏ। ਅਸਲ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਹ ਕੌਤਕ ਰਚ ਕੇ ਗੁਰਸਿੱਖ ਦਾ ਨਮੂਨਾ ਸੰਸਾਰ ਨੂੰ ਪੇਸ਼ ਕਰਨਾ ਸੀ ਜੋ ਗੁਰੂ ਦਾ ਬਚਨ ਸਤ-ਸਤ ਕਰਕੇ ਮੰਨੇ ਜਿਸ ਦੀਆਂ ਮਿਹਰਾਂ ਭਾਈ ਲਹਿਣਾ ਜੀ ਨੂੰ ਪ੍ਰਾਪਤ ਹੋਈਆਂ।

**ਭਾਈ ਲਹਿਣਾ ਜੀ ਦੀਆਂ ਪਰੀਖਿਆਵਾਂ**- ਗੁਰੂ ਸੇਵਾ ਦੌਰਾਨ ਸਿੱਖੀ ਦੀ ਕਸਵੱਟੀ ਦੀਆਂ ਅਨੇਕਾਂ ਹੀ ਪਰੀਖਿਆਵਾਂ ਹੋਈਆਂ ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਗੁਰੂ ਪਿਤਾ ਦੇ ਬਚਨ ਨਹੀਂ ਮੰਨ ਸਕੇ, ਪਰ ਭਾਈ ਲਹਿਣਾ ਜੀ ਨੇ ਹੱਥ ਜੋੜ ਕੇ ਗੁਰੂ ਜੀ ਦਾ ਹੁਕਮ ਸਤ-ਸਤ ਕਰਕੇ ਮੰਨਿਆ, ਗੁਰੂ ਸਾਹਿਬ ਜੀ ਦੀ ਖੁਸ਼ੀ ਲਈ ਅਤੇ ਕਸਵੱਟੀ ਉੱਪਰ ਖਰੇ ਉੱਤਰੇ।

ਇਨ੍ਹਾਂ ਕੁਝ ਕੁ ਪਰੀਖਿਆਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

੧. ਇੱਕ ਵਾਰੀ ਭਾਰੀ ਝੱਖੜ-ਮੀਂਹ ਦੋ ਤਿੰਨ ਦਿਨ ਵਰ੍ਹਦਾ ਰਿਹਾ ਤੇ ਲੰਗਰ ਦੀ ਸਾਰੀ ਰਸਦ ਖਤਮ ਹੋ ਗਈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਕਿਹਾ, “ਪੁੱਤਰ ਜੀ! ਕਿੱਕਰ ’ਤੇ ਚੜ੍ਹ ਕੇ ਹਲੂਣਾ ਦਿਉ ਤਾਂ ਜੋ ਖਾਣ ਵਾਲੇ ਪਦਾਰਥ ਡਿੱਗਣ, ਜੋ ਆਈਆਂ ਸੰਗਤਾਂ ਨੂੰ ਵਰਤਾਈਏ।” ਪਰ ਸ੍ਰੀ ਚੰਦ ਜੀ ਨੇ ਅੱਗੋਂ ਜਵਾਬ ਦਿੱਤਾ ਕਿ ਪਿਤਾ ਜੀ ਬਾਰਿਸ਼ ਤੇ ਗੜੇ (ਔਲੇ) ਪੈਣ ਨਾਲ ਤਾਂ ਦਰੱਖਤਾਂ ਦੇ ਪੱਤੇ ਵੀ ਝੜ ਗਏ ਹਨ, ਇੱਥੋਂ ਖਾਣ ਵਾਲੇ ਪਦਾਰਥ ਕਿੱਥੋਂ ਡਿੱਗਣਗੇ? ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਬਾਬਾ ਲਖਮੀ ਦਾਸ ਨੂੰ ਹਲੂਣਾ ਦੇਣ ਲਈ ਕਿਹਾ ਤਾਂ ਉਸ ਨੇ ਵੀ ਬਾਬਾ ਸ੍ਰੀ ਚੰਦ ਵਾਲਾ ਹੀ ਜ਼ਵਾਬ ਦਿੱਤਾ। ਗੁਰੂ ਸਾਹਿਬ ਜੀ ਨੇ ਜਦੋਂ ਭਾਈ ਲਹਿਣਾ ਜੀ ਨੂੰ ਮਾੜਾ ਜਿਹਾ ਇਸ਼ਾਰਾ ਹੀ ਕੀਤਾ ਤਾਂ ਉਨ੍ਹਾਂ ਨੇ ਝੱਟ ਕਿੱਕਰ ’ਤੇ ਚੜ੍ਹਨਾ ਸ਼ੁਰੂ ਕਰ ਦਿੱਤਾ। ਇਹ ਦੇਖ ਕੇ ਬਾਬਾ ਸ੍ਰੀ ਚੰਦ ਜੀ ਨੇ ਉਨ੍ਹਾਂ ਨੂੰ ਕਿਹਾ, “ਓਇ ਲਹਿਣਿਆ! ਸਾਡਾ ਪਿਤਾ ਜੀ ਦੇ ਬਜੁਰਗ ਹੋ ਜਾਣ ਕਰਕੇ ਉਨ੍ਹਾਂ ਨੂੰ ਤਾਂ ਜ਼ਿਆਦਾ ਸਮਝ-ਸਾਰ ਨਹੀਂ ਹੈ, ਪਰ ਤੂੰ ਤਾਂ ਦੇਖ ਦਰੱਖਤਾਂ ’ਤੇ ਤਾਂ ਪੱਤੇ ਵੀ ਨਹੀਂ ਹਨ ਤਾਂ ਖਾਣ ਵਾਲੇ ਪਦਾਰਥ ਕਿੱਥੋਂ ਡਿੱਗਣਗੇ? ਭਾਈ ਲਹਿਣਾ ਜੀ ਨੇ ਅੱਗੋਂ ਜਵਾਬ ਦਿੱਤਾ, “ਬਾਬਾ ਜੀ! ਮੈਨੂੰ ਇਸ ਚੀਜ਼ ਨਾਲ ਵਾਸਤਾ ਨਹੀਂ ਕਿ ਉੱਪਰੋਂ ਕੁਝ ਡਿੱਗੇਗਾ ਜਾਂ ਨਹੀਂ, ਮੇਰਾ

ਵਾਸਤਾ ਤਾਂ ਬੱਸ ਇਸ ਗੱਲ ਨਾਲ ਹੈ ਕਿ ਮੇਰਾ ਗੁਰੂ ਮੈਨੂੰ ਕਿੱਕਰ 'ਤੇ ਚੜ੍ਹ ਕੇ ਹਲੂਣਾ ਦੇਣ ਲਈ ਕਹਿ ਰਿਹਾ ਹੈ, ਇਸ ਲਈ ਮੈ ਤਾਂ ਕੇਵਲ ਆਪਣੇ ਗੁਰੂ ਦਾ ਹੁਕਮ ਮੰਨਣਾ ਹੈ। ਨਾਲੇ ਮੇਰਾ ਗੁਰੂ ਸਮਰਥ ਹੈ, ਜੇ ਉਹ ਚਾਹੇ ਤਾਂ ਇਸ ਰੁੰਡ-ਮੁੰਡ ਹੋਈ ਕਿੱਕਰ ਤੋਂ ਖਾਣ ਵਾਲੇ ਕੀਮਤੀ ਪਦਾਰਥ ਡੇਗ ਵੀ ਸਕਦਾ ਹੈ।" ਭਾਈ ਲਹਿਣਾ ਜੀ ਨੇ ਜਦੋਂ ਕਿੱਕਰ 'ਤੇ ਚੜ੍ਹ ਕੇ ਹਲੂਣਾ ਦਿੱਤਾ ਤਾਂ ਕਿੱਕਰ ਤੋਂ ਖਾਣ ਵਾਲੇ ਅਨੇਕਾਂ ਹੀ ਕੀਮਤੀ ਪਦਾਰਥ ਡਿੱਗੇ ਤੇ ਕਰਤਾਰਪੁਰ ਆਈ ਹੋਈ ਸਾਰੀ ਸੰਗਤ ਨੇ ਰੱਜ-ਰੱਜ ਕੇ ਖਾਧੇ।

੨. ਇੱਕ ਵਾਰ ਕੱਟੀ ਹੋਈ ਫਸਲ ਦਾ ਢੇਰ ਲੱਗਾ ਹੋਇਆ ਸੀ। ਗੁਰੂ ਸਾਹਿਬ ਜੀ ਨੇ ਆਪਣੇ ਪੁੱਤਰਾਂ ਤੇ ਹੋਰ ਸਿੱਖਾਂ ਨੂੰ ਕਿਹਾ ਕਿ ਇਸ ਅਨਾਜ ਨੂੰ ਅੱਗ ਲਗਾ ਦਿਉ। ਉਹ ਸਾਰੇ ਘਬਰਾ ਗਏ ਕਿ ਇਹ ਤਾਂ ਬੜੀ ਮਿਹਨਤ ਨਾਲ ਤਿਆਰ ਕੀਤੀ ਹੋਈ ਫਸਲ ਹੈ, ਇਸ ਨੂੰ ਅੱਗ ਲਾ ਕੇ ਉਹ ਖਾਣਗੇ ਕੀ? ਜਦੋਂ ਕੋਈ ਵੀ ਅੱਗ ਲਾਉਣ ਲਈ ਅੱਗੇ ਨਾ ਹੋਇਆ ਤਾਂ ਗੁਰੂ ਸਾਹਿਬ ਜੀ ਨੇ ਜਦੋਂ ਭਾਈ ਲਹਿਣਾ ਜੀ ਨੂੰ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਫਟਾ-ਫਟ ਬਿਨਾਂ ਕੋਈ ਦੇਰ ਕੀਤਿਆਂ ਸਾਰੀ ਫਸਲ ਨੂੰ ਅੱਗ ਲਗਾ ਦਿੱਤੀ। ਭਾਈ ਲਹਿਣਾ ਜੀ ਵੱਲੋਂ ਹਰ ਹੁਕਮ ਨੂੰ ਸਤਿ-ਸਤਿ ਕਰਕੇ ਮੰਨਣ ਦੇ ਇਸ ਸੁਭਾਅ ਨੂੰ ਦੇਖ ਕੇ ਗੁਰੂ ਸਾਹਿਬ ਜੀ ਉਨ੍ਹਾਂ 'ਤੇ ਬੜੇ ਪ੍ਰਸੰਨ ਹੋਏ। ਅੱਗ ਲਾਉਣ ਤੋਂ ਬਾਅਦ ਜਦੋਂ ਬਾਕੀ ਦੀ ਫਸਲ ਕੱਟੀ ਗਈ ਤਾਂ ਗੁਰੂ ਮਿਹਰ ਨਾਲ ਉਸ ਦੀ ਐਨੀ ਪੈਦਾਵਰ ਹੋਈ ਕਿ ਉਸ ਨੇ ਅੱਗ ਲਾ ਕੇ ਸਾੜੀ ਗਈ ਫਸਲ ਦਾ ਸਾਰਾ ਨੁਕਸਾਨ ਵੀ ਪੂਰਾ ਕਰ ਦਿੱਤਾ।

੩. ਇੱਕ ਦਿਨ ਗੁਰੂ ਸਾਹਿਬ ਜੀ ਦੇ ਕੋਲ ਉਨ੍ਹਾਂ ਦੇ ਦੋਵੇਂ ਪੁੱਤਰ ਤੇ ਕੁਝ ਕੁ ਸਿੱਖ ਬੈਠੇ ਹੋਏ ਸਨ, ਭਾਈ ਲਹਿਣਾ ਜੀ ਵੀ ਉਨ੍ਹਾਂ ਦੇ ਵਿੱਚ ਸ਼ਾਮਿਲ ਸਨ। ਸਭ ਦੇ ਸਾਹਮਣੇ ਗੁਰੂ ਸਾਹਿਬ ਜੀ ਨੇ ਇੱਕ ਟਕਾ (ਦੋ ਪੈਸੇ) ਚੁੱਕ ਕੇ ਆਪਣੀ ਮੁੱਠੀ ਵਿੱਚ ਬੰਦ ਕਰ ਲਿਆ ਤੇ ਆਪਣੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਕਿਹਾ ਕਿ ਪੁੱਤਰ ਜੀ ਦੱਸੋ ਮੇਰੀ ਮੁੱਠੀ ਵਿੱਚ ਕੀ ਹੈ? ਸ੍ਰੀ ਚੰਦ ਜੀ ਨੇ ਖਰਵੇ ਬੋਲਾਂ ਵਿੱਚ ਜ਼ਵਾਬ ਦਿੰਦਿਆਂ ਕਿਹਾ, "ਪਿਤਾ ਜੀ! ਸਾਡੇ ਸਹਾਮਣੇ ਤਾਂ ਇੱਕ ਟਕਾ ਚੁੱਕ ਕੇ ਮੁੱਠ ਬੰਦ ਕੀਤੀ ਹੈ, ਹੋਰ ਤੁਹਡੀ ਮੁੱਠੀ ਵਿੱਚ ਕੀ ਹੈ?" ਛੋਟੇ ਪੁੱਤਰ ਨੂੰ ਪੁੱਛਿਆ ਤਾਂ ਉਸ ਨੇ ਵੀ ਇਹੋ ਜਵਾਬ ਦਿੱਤਾ। ਬਾਕੀ ਸਿੱਖਾਂ ਨੂੰ ਪੁੱਛਿਆ ਤਾਂ ਉਨ੍ਹਾਂ ਹੱਥ ਜੋੜ ਕੇ ਬੜੀ ਅਧੀਨਗੀ ਨਾਲ ਕਿਹਾ, "ਮਹਾਰਾਜ ਜੀ! ਸਾਡੇ ਸਾਹਮਣੇ ਤਾਂ ਆਪ ਜੀ ਨੇ ਟਕਾ ਚੁੱਕ ਹੀ ਮੁੱਠ ਬੰਦ ਕੀਤੀ ਹੈ, ਇਸ ਲਈ ਤੁਹਾਡੀ ਮੁੱਠੀ ਵਿੱਚ ਇੱਕ ਟਕਾ ਹੀ ਹੋਵੇਗਾ। "ਇਵੇਂ ਵਾਰੀ-ਵਾਰੀ ਪੁੱਛਦਿਆਂ, ਗੁਰੂ ਸਾਹਿਬ ਜੀ ਨੇ ਜਦੋਂ ਅਖੀਰ 'ਤੇ ਭਾਈ ਲਹਿਣਾ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਨੀਰ ਵਹਿ ਤੁਰਿਆ ਤੇ ਉਹ ਕੋਈ ਵੀ ਜ਼ਵਾਬ ਨਾ ਦੇ ਸਕੇ। ਗੁਰੂ ਜੀ ਵੱਲੋਂ ਦੂਜੀ ਵਾਰ ਪੁੱਛਣ 'ਤੇ ਵੀ ਉਹ ਕੁਝ ਬੋਲ ਨਾ ਸਕੇ। ਤੀਜੀ ਵਾਰ ਪੁੱਛਣ 'ਤੇ ਉਨ੍ਹਾਂ ਸਮਝਿਆ ਕਿ ਜੇ ਹੁਣ ਵੀ ਮੈਂ ਉੱਤਰ ਨਾ ਦਿੱਤਾ ਤਾਂ ਇਹ ਹੁਕਮ ਅਦੂਲੀ ਹੋਵੇਗੀ। ਉਨ੍ਹਾਂ ਨੇ ਅੱਥਰੂ ਵਹਾਉਂਦੇ ਹੋਏ ਹੱਥ ਜੋੜ ਕੇ ਬਿਨੈ ਕੀਤੀ, "ਹੇ ਅਕਾਲ ਪੁਰਖ ਦੇ ਸਰੂਪ! ਸਮਰਥ ਗੁਰੂ ਜੀ, ਤੁਹਾਡੀ ਮੁੱਠੀ ਵਿੱਚ ਇਹ ਜੋ ਚੰਦ, ਸੂਰਜ, ਅਸਮਾਨ, ਧਰਤੀ ਮੈਂ ਦੇਖ ਰਿਹਾ ਹਾਂ ਇਹ ਸਭ ਕੁਝ ਤਾਂ ਹੈ ਹੀ, ਪਰ ਇਸ ਤੋਂ ਇਲਾਵਾ ਸਾਰਾ ਬ੍ਰਹਿਮੰਡ ਜੋ ਮੈਨੂੰ ਨਜ਼ਰ ਨਹੀਂ ਆਉਂਦਾ, ਉਹ ਵੀ ਤੁਹਾਡੀ ਮੁੱਠੀ ਵਿੱਚ ਹੈ। ਜਿਨ੍ਹਾਂ ਬਾਬਤ ਆਪ ਜੀ ਨੇ ਜਪੁਜੀ ਸਾਹਿਬ ਵਿੱਚ ਫਰਮਾਇਆ ਹੈ :

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੭)

੪. ਇੱਕ ਵਾਰ ਰਾਤ ਸਮੇਂ ਗੁਰੂ ਸਾਹਿਬ ਜੀ ਸਾਰੇ ਸਿੱਖਾਂ ਨਾਲ ਧਰਮਸਾਲ ਵਿੱਚ ਬੈਠੇ ਹੋਏ ਸਨ ਤੇ ਉਨ੍ਹਾਂ ਨੇ ਵਾਰੀ-ਵਾਰੀ ਹਰੇਕ ਸਿੱਖ ਨੂੰ ਕਿਹਾ ਕਿ ਜਾਉ ਬਾਹਰ ਜਾ ਕੇ ਤਾਰਿਆਂ ਦੀ ਚਾਲ ਤੋਂ ਅੰਦਾਜ਼ਾ ਲਾ ਕੇ ਦੇਖੋ ਕਿ ਰਾਤ ਕਿੰਨੀ ਬੀਤ ਗਈ ਹੈ ਤੇ ਕਿੰਨੀ ਬਾਕੀ ਰਹਿੰਦੀ ਹੈ। ਹਰ ਇਕ ਸਿੱਖ ਨੇ ਤਾਰੇ ਦੇਖ ਕੇ ਆ ਕੇ ਦੱਸਿਆ ਕਿ ਮਹਾਰਾਜ ਤਿੰਨ ਪਹਿਰ ਰਾਤ ਬੀਤ ਗਈ ਹੈ ਤੇ ਇੱਕ ਪਹਿਰ ਰਾਤ ਬਾਕੀ ਰਹਿੰਦੀ ਹੈ। ਅਖੀਰ 'ਤੇ ਜਦੋਂ ਗੁਰੂ ਸਾਹਿਬ ਜੀ ਨੇ ਭਾਈ ਲਹਿਣਾ ਜੀ ਨੂੰ ਭੇਜਿਆ ਤਾਂ ਉਹ ਹੁਕਮ ਮੰਨ ਕੇ ਬਾਹਰ ਗਏ ਤਾਂ ਜ਼ਰੂਰ, ਪਰ ਉਨ੍ਹਾਂ ਨੇ ਅਸਮਾਨ ਵੱਲ ਨਾ ਦੇਖਿਆ ਤੇ ਆਪਣੇ ਹਿਰਦੇ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਧਿਆਨ ਧਰਕੇ ਵਾਪਸ ਆ ਗਏ ਤੇ ਹੱਥ ਜੋੜ ਕੇ ਫਰਮਾਇਆ ਕਿ ਹੇ ਹਜ਼ੂਰ ਆਪ ਹੀ ਦਿਨ-ਰਾਤ ਤੇ ਚੰਦ-ਸੂਰਜ ਬਣਾਉਣ ਵਾਲੇ ਹੋ, ਜਿੰਨੀ ਰਾਤ ਆਪ ਜੀ ਨੇ ਬਿਤਾ ਦਿੱਤੀ, ਉਹ ਬੀਤ ਗਈ ਤੇ ਜਿੰਨੀ ਆਪ ਜੀ ਨੇ ਰੱਖੀ ਹੈ ਓਨੀ ਬਾਕੀ ਰਹਿੰਦੀ ਹੈ। ਬਾਕੀ ਕੁਝ ਪ੍ਰੀਖਿਆਵਾਂ ਸੰਖੇਪ ਵਿੱਚ ਇਸ ਪ੍ਰਕਾਰ ਹਨ :

੫. ਝੋਨੇ ਦੇ ਖੇਤਾਂ ਵਿਚੋਂ ਚਿੱਕੜ ਨਾਲ ਲਿਬੜੇ ਹੋਏ ਘਾਹ ਦੀ ਪੰਡ ਸਿਰ 'ਤੇ ਚੁੱਕੀ ਜਿਸ ਨਾਲ ਰੇਸ਼ਮੀ ਕੱਪੜੇ ਖਰਾਬ ਹੋ ਗਏ।

੬. ਗੰਦੇ ਪਾਣੀ ਦੇ ਟੋਏ ਵਿਚੋਂ ਗੁਰੂ ਜੀ ਦਾ ਬਰਤਨ ਕੱਢਿਆ।

੭. ਅੱਧੀ ਰਾਤ ਨੂੰ ਹੁਕਮ ਮੰਨ ਕੇ ਗੁਰੂ ਜੀ ਦੇ ਕੱਪੜੇ ਧੋਤੇ।

੮. ਅੱਧੀ ਰਾਤ ਨੂੰ ਵਰ੍ਹਦੇ ਮੀਂਹ ਵਿੱਚ ਗੁਰੂ ਜੀ ਦਾ ਹੁਕਮ ਮੰਨ ਕੇ ਘਰ ਦੀ ਕੰਧ ਦੀ ਕਈ ਵਾਰ ਉਸਾਰੀ ਕੀਤੀ।

੯. ਅੰਮ੍ਰਿਤ ਵੇਲੇ ਦਰਿਆ ਕੰਢੇ ਗੁਰੂ ਜੀ ਦੇ ਇਸ਼ਨਾਨ ਸਮੇਂ ਭਾਰੀ ਝੱਖੜ, ਮੀਂਹ ਅਤੇ ਗੜਿਆਂ ਵਿੱਚ ਗੁਰੂ ਸਾਹਿਬ ਦੇ ਕੱਪੜੇ ਸੰਭਾਲੇ।

੧੦. ਧਾਣਕ ਰੂਪ ਵਿੱਚ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਸੋਟਾ ਮਾਰ ਕੇ ਕਿਹਾ ਕਿ ਇੱਥੋਂ ਨੱਠ ਜਾ। ਭਾਈ ਲਹਿਣਾ ਜੀ ਚਲੇ ਤਾਂ ਗਏ ਪਰ ਫਿਰ ਵਾਪਸ ਆ ਗਏ। ਗੁਰੂ ਜੀ ਨੇ ਕਿਹਾ ਕਿਉਂ ਆਇਐਂ? ਤਾਂ ਲਹਿਣਾ ਜੀ ਨੇ ਬੇਨਤੀ ਕੀਤੀ ਕਿ ਗੁਰੂ ਮਹਾਰਾਜ! ਮੇਰਾ ਕੋਈ ਹੋਰ ਘਰ ਟਿਕਾਣਾ ਨਹੀਂ ਹੈ, ਇਸ ਲਈ ਮੈਂ ਤੁਹਾਨੂੰ ਛਡ ਕੇ ਕਿੱਥੇ ਜਾਵਾਂ। ਬਾਕੀਆਂ ਸਭਨਾ ਦਾ ਤਾਂ ਕੋਈ ਨਾ ਕੋਈ ਟਿਕਾਣਾ ਜਾਂ ਘਰ-ਘਾਟ ਹੋਵੇਗਾ। ਪਰ ਮੇਰਾ ਘਰ-ਘਾਟ ਤੇ ਟਿਕਾਣਾ ਤਾਂ ਆਪ ਜੀ ਦੇ ਚਰਨ ਹੀ ਹਨ। ਗੁਰੂ ਨਾਨਕ ਦੇਵ ਜੀ ਫ਼ਰਮਾਉਣ ਲੱਗੇ ਕਿ ਮੈਂ ਵੀ ਆਪਣਾ ਘਰ ਟਿਕਾਣਾ ਟੋਲ ਰਿਹਾ ਸੀ, ਜਿਸ ਵਿੱਚ ਮੈਂ ਆਪਣੀ ਜੋਤ ਟਿਕਾ ਸਕਾਂ, ਮੈਨੂੰ ਹੁਣ ਉਹ ਟਿਕਾਣਾ ਮਿਲ ਗਿਆ ਹੈ।

੧੧. ਗੁਰੂ ਸਾਹਿਬ ਦੇ ਹੁਕਮ ਵਿੱਚ ਭਾਈ ਲਹਿਣਾ ਜੀ ਨੇ ਮੁਰਦਾ ਖਾਣ ਵਾਸਤੇ ਉਸ ਤੋਂ ਚਾਦਰ ਉਠਾਈ ਅਤੇ ਕੀ ਅਨੁਭਵ ਕਰਦੇ ਹਨ ਕਿ ਹਰ ਜਗ੍ਹਾ ਗੁਰੂ ਨਾਨਕ ਹੀ ਗੁਰੂ ਨਾਨਕ ਵਿਆਪਕ ਹੈ।

ਗੁਰੂ ਨਾਨਕ ਸਾਹਿਬ ਜੀ ਦੁਆਰਾ ਭਾਈ ਲਹਿਣਾ ਜੀ ਦੀਆਂ ਲਈਆਂ ਗਈਆਂ ਉਪਰੋਕਤ ਬਿਆਨ ਕੀਤੀਆਂ ਗਈਆਂ ਇਨ੍ਹਾਂ ਪ੍ਰੀਖਿਆਵਾਂ ਵਿੱਚੋਂ ਕੁਝ ਕੁ ਦਾ ਵਿਸਥਾਰ ਇਸ ਪ੍ਰਕਾਰ ਹੈ :

**ਗੁਰਗੱਦੀ**- ਇਨ੍ਹਾਂ ਪਰੀਖਿਆਵਾਂ ਦੁਆਰਾ ਭਾਈ ਲਹਿਣਾ ਜੀ ਨੇ ਹੁਕਮ ਮੰਨਣ ਅਤੇ ਸਤਿ ਬਚਨੀ ਹੋਣ ਦੀਆਂ ਸਿਖਰਾਂ ਛੋਹ ਲਈਆਂ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦਾ ਨਾਂ ਅੰਗਦ (ਆਪਣਾ ਅੰਗ) ਰੱਖ ਦਿੱਤਾ ਅਤੇ ਸੰਨ ੧੫੩੯ ਵਿੱਚ ਬਾਬਾ ਅੰਗਦ ਜੀ ਦੇ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ, ਪੰਜ ਪਰਕਰਮਾਂ ਕਰਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ:

**ਨਾਨਕ ਨਾ ਮੜੀ, ਨਾ ਗੋਰ, ਨਾਨਕ ਅੰਗਦ ਕੇ ਹੀਏ ਮੇਂ।**

ਗੁਰਗੱਦੀ ਸਮੇਂ ਵੀ ਮਾਤਾ ਸੁਲੱਖਣੀ ਜੀ ਦੇ ਮਨ ਦੇ ਸ਼ੰਕੇ ਨੂੰ ਨਿਵਾਰਨ ਲਈ ਗੁਰੂ ਸਾਹਿਬ ਨੇ ਦੀਵਾਨ ਵਿੱਚ ਬਿੱਲੀ ਦੁਆਰਾ ਸੁੱਟੇ ਮਰੇ ਹੋਏ ਚੂਹੇ ਨੂੰ ਚੁੱਕ ਕੇ ਬਾਹਰ ਸੁੱਟਣ ਦਾ ਹੁਕਮ ਕੀਤਾ ਤਾਂ ਬਾਬਾ ਅੰਗਦ ਜੀ ਨੇ ਝੱਟ ਗੁਰੂ ਸਾਹਿਬ ਦਾ ਹੁਕਮ ਸਤ-ਸਤ ਕਰਕੇ ਮੰਨਿਆ ਜਦੋਂ ਕਿ ਗੁਰੂ ਜੀ ਦੇ ਦੋਵੇਂ ਲੜਕੇ ਹੁਕਮ ਮੰਨਣ ਤੋਂ ਫਿਰ ਵਾਂਝੇ ਰਹਿ ਗਏ। ਮਾਤਾ ਜੀ ਦਾ ਸ਼ੰਕਾ ਨਿਵਿਰਤ ਹੋ ਗਿਆ ਕਿ ਮੇਰੇ ਪੁੱਤਰਾਂ ਨੇ ਗੁਰੂ ਸਾਹਿਬ ਦੀ ਖੁਸ਼ੀ ਪ੍ਰਾਪਤ ਨਹੀਂ ਕੀਤੀ। ਗੁਰੂ ਸਾਹਿਬ ਨੇ ਸਾਬਤ ਕਰ ਦਿੱਤਾ ਕਿ ਬਾਬਾ ਅੰਗਦ ਦੇਵ ਜੀ ਹੀ ਉਨ੍ਹਾਂ ਦੀ ਗੱਦੀ ਦੇ ਸਹੀ ਵਾਰਸ ਹਨ।

**ਗੁਰੂ ਅੰਗਦ ਦੇਵ ਜੀ ਦਾ ਪ੍ਰਗਟ ਹੋਣਾ**- ਗੁਰਿਆਈ ਉਪਰੰਤ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਛੱਡ ਆਏ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਖੇ ਮਾਤਾ ਵਿਰਾਈ ਦੇ ਘਰ ਇੱਕ ਕਮਰੇ ਵਿੱਚ ਸਮਾਧੀ ਲਾ ਕੇ ਗੁਰੂ ਨਾਨਕ ਦੇਵ ਜੀ ਦੇ ਪਿਆਰ ਅਤੇ ਵੈਰਾਗ ਵਿੱਚ ਲੀਨ ਹੋ ਗਏ। ਮਾਈ ਨੂੰ ਹਿਦਾਇਤ ਕਰ ਦਿੱਤੀ ਕਿ ਇਸ ਬਾਰੇ ਉਹ ਕਿਸੇ ਨੂੰ ਨਾ ਦੱਸਣ। ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਖੇ ਜੋਤੀ ਜੋਤ ਸਮਾਉਣ ਤੋਂ ਬਾਅਦ ਜਦੋਂ ਸਾਰੀਆਂ ਸੰਗਤਾਂ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਵਿਆਕੁਲ ਹੋਈਆਂ ਤਾਂ ਬਾਬਾ ਬੁੱਢਾ ਜੀ ਨੇ ਬੜੀ ਜੁਗਤੀ ਨਾਲ ਗੁਰੂ ਸਾਹਿਬ ਨੂੰ ਸੰਗਤ ਵਿੱਚ ਪ੍ਰਗਟ ਕੀਤਾ। ਬਾਬਾ ਬੁੱਢਾ ਜੀ ਨੇ ਮਾਈ ਵਿਰਾਈ ਜੀ ਦੇ ਘਰ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਸਾਹਿਬ ਜੀ ਦੀ ਇਲਾਹੀ ਬਾਣੀ ਸੁਣ ਕੇ ਗੁਰੂ ਅੰਗਦ ਦੇਵ ਜੀ ਦੀ ਸਮਾਧੀ ਖੁੱਲ੍ਹ ਗਈ ਤੇ ਉਹ ਬੇਵੱਸ ਹੋ ਕੁੰਡਾ ਖੋਲ੍ਹ ਕੇ ਬਾਹਰ ਆ ਸੰਗਤ ਵਿੱਚ ਬੈਠ ਕੇ ਗੁਰਬਾਣੀ ਦਾ ਕੀਰਤਨ ਸੁਣਨ ਲੱਗ ਪਏ। ਇਸ ਤਰ੍ਹਾਂ ਬਾਬਾ ਬੁੱਢਾ ਜੀ ਨੇ ਜੁਗਤੀ ਨਾਲ ਗੁਰੂ ਅੰਗਦ ਦੇਵ ਜੀ ਨੂੰ ਸੰਗਤ ਵਿੱਚ ਪ੍ਰਗਟ ਕੀਤਾ। ਸਾਰੀ ਸੰਗਤ ਨੇ ਉਨ੍ਹਾਂ ਨੂੰ ਗੁਰੂ ਨਾਨਕ ਦਾ ਰੂਪ ਜਾਣ ਕੇ ਮੱਥਾ ਟੇਕਿਆ। ਬਾਬਾ ਬੁੱਢਾ ਜੀ ਦੇ ਬੇਨਤੀ ਕਰਨ 'ਤੇ ਕਿ ਸਾਰੀ ਸੰਗਤ ਉਨ੍ਹਾਂ ਦੇ ਦਰਸ਼ਨਾਂ ਲਈ ਵਿਆਕੁਲ ਹੋ ਰਹੀ ਹੈ, ਇਸ ਲਈ ਉਹ ਸੰਗਤਾਂ ਨੂੰ ਦਰਸ਼ਨ ਅਤੇ ਉਪਦੇਸ਼ ਦੇ ਕੇ ਨਿਹਾਲ ਕਰਨ, ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਖੱਲ੍ਹੇ-ਆਮ ਗੁਰੂ ਨਾਨਕ ਸਾਹਿਬ ਜੀ ਦੇ ਮਹਾਨ ਸਿਧਾਤਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸੰਗਤਾਂ ਹੁੰਮ-ਹੁੰਮਾ ਕੇ ਉਨ੍ਹਾਂ ਦੇ ਦਰਸ਼ਨਾਂ ਲਈ ਆਉਣ ਲੱਗੀਆਂ।

ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਨੂੰ ਸਾਰੇ ਭਾਰਤ ਦੇ ਵਿਦਵਾਨ, ਪੰਡਤ, ਜੋਗੀ, ਸਿੱਧ, ਪੀਰ, ਔਲੀਏ, ਮੁੱਲਾਂ, ਕਾਜ਼ੀ ਆਏ ਕਿ ਜਾਣੀਏ ਤਾਂ ਸਹੀ ਕਿ ਗੁਰੂ ਅੰਗਦ ਦੇਵ ਜੀ ਵਿੱਚ ਅਜਿਹਾ ਕੀ ਵਿਸ਼ੇਸ਼ ਅਧਿਆਤਮਿਕ ਗੁਣ ਹੈ ਕਿ ਉਹਨਾਂ ਅੱਗੇ ਗੁਰੂ ਨਾਨਕ ਦੇਵ ਜੀ ਨੇ ਮੱਥਾ ਟੇਕਿਆ ਹੈ, ਜਦੋਂ ਕਿ ਚਾਰ ਉਦਾਸੀਆਂ ਵਿੱਚ ਸਾਰੀ ਲੁਕਾਈ ਨੇ ਉਹਨਾਂ ਅੱਗੇ ਸੀਸ ਨਿਵਾਇਆ। ਉਹ ਅਕਾਲ ਪੁਰਖ

ਦਾ ਸਰੂਪ ਹੋਣ ਕਰਕੇ ਕਿਸੇ ਅੱਗੇ ਨਹੀਂ ਝੁਕੇ। ਗੁਰੂ ਅੰਗਦ ਦੇਵ ਜੀ ਤੋਂ ਇਸ ਬਾਰੇ ਪੁੱਛਣ 'ਤੇ ਗੁਰੂ ਸਾਹਿਬ ਦੇ ਬਚਨ ਸਨ ਕਿ ਮੇਰੇ ਵਿੱਚ ਕੋਈ ਗੁਣ ਨਹੀਂ ਮੈਂ ਤਾਂ ਗੰਦਾ ਬੱਚਾ ਗੰਦਗੀ ਦੇ ਟੋਏ ਵਿੱਚ ਪਿਆ ਹੋਇਆ ਸਾਂ ਜਿਸ ਵਿਚੋਂ ਗੁਰੂ ਨਾਨਕ ਦੇਵ ਜੀ ਨੇ ਮੈਨੂੰ ਕੱਢ ਕੇ ਮੇਰਾ ਗੰਦ-ਮੰਦ ਧੋ ਕੇ ਮੈਨੂੰ ਆਪਣੀ ਛਾਤੀ ਨਾਲ ਲਾ ਲਿਆ।

ਇੱਕ ਵਾਰੀ ਗੁਰੂ ਅੰਗਦ ਦੇਵ ਜੀ ਕੁਸ਼ਤੀਆਂ ਦੇਖ ਰਹੇ ਸਨ ਕਿ ਬਾਦਸ਼ਾਹ ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਲੈਣ ਲਈ ਖਾਡੂਰ ਸਾਹਿਬ ਆਇਆ। ਉਸ ਸਮੇਂ ਗੁਰੂ ਸਾਹਿਬ ਜੀ ਦਾ ਧਿਆਨ ਕੁਸ਼ਤੀਆਂ ਵਿੱਚ ਹੋਣ ਕਰਕੇ ਉਸ ਦਾ ਕੋਈ ਆਦਰ ਸਤਿਕਾਰ ਨਾ ਕੀਤਾ। ਬਾਦਸ਼ਾਹ ਹਮਾਯੂੰ ਨੇ ਇਸ ਨੂੰ ਆਪਣੀ ਬੇਅਦਬੀ ਜਾਣਿਆ ਤੇ ਗੁੱਸੇ ਵਿੱਚ ਆ ਕੇ ਗੁਰੂ ਜੀ ਨੂੰ ਮਾਰਨ ਲਈ ਆਪਣੀ ਕਿਰਪਾਨ ਕੱਢ ਲਈ। ਗੁਰੂ ਸਾਹਿਬ ਜੀ ਨੇ ਇਹ ਦੇਖ ਕੇ ਫਰਮਾਇਆ, "ਹਮਾਯੂੰ! ਜੋ ਕਿਰਪਾਨ ਫਕੀਰਾਂ 'ਤੇ ਸੂਤੀ ਜਾ ਰਹੀ ਹੈ, ਇਹ ਸ਼ੇਰ ਸ਼ਾਹਸੂਰੀ ਨਾਲ ਲੜਨ ਸਮੇਂ ਕਿੱਥੇ ਗਈ ਸੀ, ਉੱਥੋਂ ਤਾਂ ਤੂੰ ਕਾਇਰਾਂ ਵਾਂਗ ਹਾਰ ਖਾ ਕੇ ਆਪਣੀ ਜਾਨ ਬਚਾ ਕੇ ਭੱਜ ਆਇਆ ਹੈ ਤੇ ਇੱਥੇ ਹੁਣ ਫਕੀਰਾਂ ਤੇ ਕਿਰਪਾਨ ਚਲਾ ਰਿਹਾ ਹੈਂ।" ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ ਹਮਾਯੂੰ ਕੰਬ ਗਿਆ ਤੇ ਉਸ ਦੇ ਹੱਥੋਂ ਕਿਰਪਾਨ ਡਿੱਗ ਪਈ। ਉਸ ਨੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਕੇ ਮਾਫ਼ੀ ਮੰਗੀ। ਗੁਰੂ ਸਾਹਿਬ ਜੀ ਨੇ ਉਸ ਨੂੰ ਆਸੀਸਾਂ ਦੇ ਕੇ ਨਿਵਾਜ਼ਿਆ।

ਖਡੂਰ ਸਾਹਿਬ ਵਿਖੇ ਹੀ ਚੌਧਰੀ ਮਲੂਕੇ ਨਾਮ ਦਾ ਇੱਕ ਵਿਅਕਤੀ ਰਹਿੰਦਾ ਸੀ, ਜੋ ਕਿ ਅਖੌਤੀ ਜੋਗੀਆਂ ਦੀ ਸੰਗਤ ਕਰਕੇ ਸ਼ਰਾਬੀ ਬਣ ਤੇ ਗੁਰੂ-ਘਰ ਦਾ ਵਿਰੋਧੀ ਹੋ ਗਿਆ। ਗੁਰੂ ਅੰਗਦ ਦੇਵ ਜੀ ਦੀ ਬਹੁਤ ਨਿੰਦਿਆ ਕਰਨ ਕਾਰਨ ਉਸ ਨੂੰ ਮਿਰਗੀ ਦੇ ਦੌਰੇ ਪੈਣੇ ਸ਼ੁਰੂ ਹੋ ਗਏ। ਬਚਣ ਦੀ ਹਾਲਤ ਨਾ ਦੇਖ ਕੇ ਉਸ ਦੇ ਸੰਬੰਧੀ ਉਸ ਨੂੰ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਲੈ ਆਏ। ਗੁਰੂ ਜੀ ਨੇ ਸ਼ਰਾਬ ਛੱਡਣ ਅਤੇ ਪ੍ਰਭੂ ਨਾਮ ਜਪਣ ਦਾ ਉਪਦੇਸ਼ ਕੀਤਾ। ਗੁਰੂ ਬਖਸ਼ਸ਼ ਅਤੇ ਹੁਕਮ ਮੰਨਣ ਸਦਕਾ ਉਸ ਦੇ ਮਿਰਗੀ ਦੇ ਦੌਰੇ ਪੈਣੋ ਹਟ ਗਏ ਤੇ ਉਹ ਨਵਾਂ-ਨਰੋਆ ਹੋ ਗਿਆ। ਕਈ ਸਾਲ ਇਸ ਤਰ੍ਹਾਂ ਗੁਰੂ ਦੀ ਬਖਸ਼ਸ਼ ਦਾ ਅਨੰਦ ਮਾਣਦਾ ਰਿਹਾ। ਕਿਸੇ ਕਾਰਨ ਉਹ ਫਿਰ ਅਖੌਤੀ ਜੋਗੀਆਂ ਦੀ ਕੁਸੰਗਤ ਪੈ ਸ਼ਰਾਬ ਪੀਣ ਲੱਗ ਪਿਆ ਅਤੇ ਗੁਰੂ-ਘਰ ਦੀ ਨਿੰਦਿਆ ਕਰਨ ਲੱਗਾ। ਇੱਕ ਦਿਨ ਸ਼ਰਾਬ ਪੀ ਕੇ ਕੋਠੇ 'ਤੇ ਜਾ ਚੜਿਆ ਅਤੇ ਨਸ਼ੇ ਵਿੱਚ ਗੁਰੂ ਅੰਗਦ ਦੇਵ ਨੂੰ ਲਲਕਾਰੇ ਮਾਰਨ ਲੱਗਾ, "ਓਏ ਅੰਗਦਾ, ਮੈਂ ਪੀਤੀ ਊ ਅੱਜ।" ਇਸ ਹਾਲਤ ਵਿੱਚ ਉਹ ਮਿਰਗੀ ਦਾ ਸ਼ਿਕਾਰ ਹੋ ਗਿਆ ਤੇ ਕੋਠੇ ਤੋਂ ਡਿੱਗ ਕੇ ਮਰ ਗਿਆ।

**ਭਾਈ ਜੀਵਾ ਜੀ** - ਖਾਡੂਰ ਸਾਹਿਬ ਤਿੰਨ ਮੀਲ ਦੀ ਦੂਰੀ 'ਤੇ ਭਾਈ ਜੀਵਾ ਜੀ ਨਾਮ ਦਾ ਇੱਕ ਸਿੱਖ ਰਹਿੰਦਾ ਸੀ, ਉਹ ਗੁਰੂ ਕੇ ਲੰਗਰ ਲਈ ਹਰ ਰੋਜ਼ ਖਿਚੜੀ ਬਣਾ ਕੇ ਲਿਆਇਆ ਕਰਦਾ ਸੀ ਤੇ ਗੁਰੂ ਅੰਗਦ ਦੇਵ ਜੀ ਨੂੰ ਛਕਾਇਆ ਕਰਦਾ ਸੀ। ਉਸ ਨੇ ਆਪਣੇ ਇਸ ਨੇਮ ਵਿੱਚ ਕਦੇ ਵੀ ਨਾਗਾ ਨਹੀਂ ਸੀ ਪੈਣ ਦਿੱਤਾ। ਇੱਕ ਵਾਰੀ ਸਾਰੀ ਰਾਤ ਹਨੇਰੀ ਵਗਦੀ ਤੇ ਮੀਂਹ ਪੈਂਦਾ ਰਿਹਾ ਤਾਂ ਭਾਈ ਜੀਵਾ ਜੀ ਤੇ ਉਸ ਦੀ ਸਪੁੱਤਰੀ ਜਿਵਾਈ ਜੀ ਨੇ ਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਇਹ ਝੱਖੜ ਰੁਕ ਜਾਵੇ ਤਾਂ ਕਿ ਉਹ ਆਪਣਾ ਨੇਮ ਨਿਭਾਉਂਦੇ ਹੋਏ ਗੁਰੂ ਜੀ ਲਈ ਖਿਚੜੀ ਲਿਜਾ ਸਕਣ। ਅਰਦਾਸ ਕਰਨ 'ਤੇ ਹਨੇਰੀ ਰੁੱਕ ਗਈ ਤੇ ਭਾਈ ਜੀਵਾ ਜੀ ਖਿਚੜੀ ਲੈ ਕੇ ਗੁਰੂ ਦਰਬਾਰ ਵਿੱਚ ਜਾ ਪੁੱਜਾ।

ਜਦੋਂ ਉਸ ਨੇ ਉਹ ਖਿਚੜੀ ਗੁਰੂ ਜੀ ਨੂੰ ਛਕਣ ਲਈ ਪੇਸ਼ ਕੀਤੀ ਤਾਂ ਗੁਰੂ ਜੀ ਨੇ ਉਹ ਖਿਚੜੀ ਖਾਣ ਤੋਂ ਇਨਕਾਰ ਕਰ ਦਿੱਤਾ। ਭਾਈ ਜੀਵਾ ਜੀ ਨੇ ਨਿਰਾਸ਼ ਹੋ ਕੇ ਬੜੀ ਅਧੀਨਗੀ ਨਾਲ ਖਿਚੜੀ ਨਾ ਛਕਣ ਦਾ ਕਾਰਨ ਪੁੱਛਿਆ ਤਾਂ ਗੁਰੂ ਸਾਹਿਬ ਜੀ ਨੇ ਕਿਹਾ, "ਤੁਸੀਂ ਅੱਜ ਅਕਾਲ ਪੁਰਖ ਦੇ ਭਾਣੇ ਵਿੱਚ ਦਖ਼ਲ ਅੰਦਾਜ਼ੀ ਕੀਤੀ ਹੈ, ਅਰਦਾਸ ਕਰਕੇ ਮੀਂਹ ਹਨੇਰੀ ਰੁਕਵਾ ਕੇ ਤੁਸੀਂ ਕਈ ਜੀਵਾਂ ਦੀ ਰੋਜ਼ੀ-ਰੋਟੀ ਉਨ੍ਹਾਂ ਤੋਂ ਖੋਹ ਲਈ ਹੈ, ਕਿਉਂਕਿ ਬਹੁਤ ਸਾਰੇ ਜੀਵਾਂ ਨੂੰ ਇਸ ਮੀਂਹ ਹਨੇਰੀ ਕਰਕੇ ਹੀ ਖੁਰਾਕ ਮਿਲਦੀ ਸੀ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਭਾਈ ਜੀਵਾ ਜੀ ਨੂੰ ਆਪਣੀ ਅਨਜਾਣੇ ਵਿੱਚ ਹੋਈ ਗਲਤੀ ਦਾ ਅਹਿਸਾਸ ਹੋ ਗਿਆ ਤੇ ਉਸ ਨੇ ਗੁਰੂ ਜੀ ਦੇ ਚਰਨਾਂ ਤੇ ਢਹਿ ਕੇ ਮਾਫ਼ੀ ਮੰਗੀ ਤੇ ਅੱਗੇ ਤੋਂ ਹਰ ਹਾਲਤ ਵਿੱਚ ਪਰਮਾਤਮਾ ਦੇ ਭਾਣੇ ਵਿੱਚ ਰਹਿਣ ਦਾ ਵਾਅਦਾ ਕੀਤਾ।

**ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ-**

੧. ਪੰਜਾਬੀ ਦੇ ਪੈਂਤੀ ਅੱਖਰਾਂ ਨੂੰ ਤਰਤੀਬ ਨਾਲ ਜੋੜ ਕੇ ਗੁਰਮੁਖੀ ਭਾਸ਼ਾ ਦਾ ਮੁੱਢ ਬੰਨ੍ਹਿਆ।

੨. ਬਾਲਾਂ ਦੀਆਂ ਛੋਟੀਆਂ-ਛੋਟੀਆਂ ਕਿਤਾਬਾਂ ਬਣਵਾਈਆਂ ਅਤੇ ਗੁਰਮੁਖੀ ਪੜ੍ਹਾਉਣ ਦੇ ਸਕੂਲ ਚਲਾਏ।

੩. ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਠਾ ਕਰਕੇ ਤਰਤੀਬ ਨਾਲ ਗੁਰਮੁਖੀ ਵਿੱਚ ਲਿਖਿਆ।

੪. ਗੁਰੂ ਨਾਨਕ ਦੇਵ ਜੀ ਦੀਆਂ ਸਾਰੀਆਂ ਸਾਖੀਆਂ ਭਾਈ ਬਾਲਾ ਜੀ ਕੋਲੋਂ ਸੁਣੀਆਂ ਅਤੇ ਇਕੱਠੀਆਂ ਕਰਕੇ ਇੱਕ ਪੋਥੀ ਬਣਾਈ ਜੋ ਭਾਈ ਬਾਲਾ ਜੀ ਦੀ ਜਨਮ ਸਾਖੀ ਕਰਕੇ ਪ੍ਰਸਿੱਧ ਹੈ।

੫. ਬੱਚਿਆਂ ਦੇ ਖੇਡਣ ਅਤੇ ਕੁਸ਼ਤੀਆਂ ਕਰਨ ਲਈ ਅਖਾੜੇ ਬਣਵਾਏ ਤਾਂ ਜੋ ਸਰੀਰ ਰਿਸ਼ਟ-ਪੁਸ਼ਟ ਰਹਿ ਕੇ ਨਾਮ ਜਪਣ।

੬. ਗੁਰੂ ਨਾਨਕ ਦੇਵ ਜੀ ਦੀ ਚਲਾਈ ਮਰਯਾਦਾ ਸੰਗਤ ਅਤੇ ਪੰਗਤ ਨੂੰ ਦ੍ਰਿੜਾਇਆ।

**ਜੋਤੀ ਜੋਤ ਸਮਾਉਣਾ**- ਸੰਨ ੧੫੫੨ ਈ: ਵਿੱਚ ਗੁਰੂ ਸਾਹਿਬ ਨੇ ਬਾਬਾ ਅਮਰ ਦਾਸ ਜੀ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਪੰਜ ਪਰਕਰਮਾਂ ਕੀਤੀਆਂ, ਮੱਥਾ ਟੇਕਿਆ ਅਤੇ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਤੋਂ ਲਗਵਾ ਕੇ ਤੀਜੇ ਗੁਰੂ ਨਾਨਕ ਥਾਪਿਆ। ਉਸ ਤੋਂ ਬਾਅਦ ਆਪ ਜੋਤੀ ਜੋਤ ਸਮਾ ਗਏ।

# ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਦਾ ਜਨਮ ੫ ਮਈ ਸੰਨ ੧੪੭੯ ਵਿੱਚ ਪਿਤਾ ਸ੍ਰੀ ਤੇਜਭਾਨ ਜੀ ਦੇ ਗ੍ਰਹਿ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।

**ਵਿਆਹ**- ਆਪ ਜੀ ਦਾ ਵਿਆਹ ਸ੍ਰੀ ਦੇਵੀ ਚੰਦ ਬਹਿਲ ਦੀ ਧੀ ਮਨਸਾ ਦੇਵੀ (ਜਿਨ੍ਹਾਂ ਨੂੰ ਰਾਮ ਕੌਰ ਜੀ ਵੀ ਕਿਹਾ ਗਿਆ ਹੈ) ਨਾਲ ਹੋਇਆ। ਆਪ ਜੀ ਦੇ ਦੋ ਸਪੁੱਤਰ ਬਾਬਾ ਮੋਹਰੀ ਅਤੇ ਬਾਬਾ ਮੋਹਨ ਜੀ ਤੇ ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਜੀ ਸਨ।

**ਪੰਡਤ ਦੁਰਗੋ ਦੀ ਭੱਵਿਖ-ਬਾਣੀ** - ਆਪ ਜੀ ਵੈਸ਼ਨਵ ਮਤ ਦੇ ਹੋਣ ਕਰਕੇ ਹਰ ਸਾਲ ਹਰਿਦੁਆਰ ਦੀ ਯਾਤਰਾ 'ਤੇ ਜਾਂਦੇ ਸਨ। ਇਸ ਯਾਤਰਾ ਦੌਰਾਨ ਆਪ ਜੀ ਰਸਤੇ ਵਿੱਚ ਇੱਕ ਸਰਾਂ ਵਿੱਚ ਠਹਿਰਦੇ ਸਨ। ਸਰਾਂ ਦਾ ਮਾਲਕ ਇੱਕ ਪੰਡਤ ਸੀ, ਜੋ ਜੋਤਸ਼ ਵਿਦਿਆ ਦਾ ਮਾਹਰ ਸੀ। ਇੱਕ ਵਾਰੀ ਬਾਬਾ ਅਮਰਦਾਸ ਜੀ ਉਸ ਦੀ ਸਰਾਂ ਵਿੱਚ ਲੇਟੇ ਹੋਏ ਸਨ ਕਿ ਉਸ ਜੋਤਸੀ ਪੰਡਤ ਦੀ ਨਿਗਾਹ ਉਨ੍ਹਾਂ ਦੇ ਚਰਨਾਂ 'ਤੇ ਪਈ ਅਤੇ ਉਹ ਬਾਬਾ ਅਮਰਦਾਸ ਜੀ ਦੇ ਚਰਨਾਂ ਵਿੱਚ ਪਦਮ ਰੇਖਾ ਦੇਖ ਕੇ ਬੜਾ ਹੀ ਹੈਰਾਨ ਹੋਇਆ ਤੇ ਉਨ੍ਹਾਂ ਨੂੰ ਆਖਣ ਲੱਗਾ ਕਿ ਆਪ ਜੀ ਇੱਕ ਦਿਨ ਮਹਾਨ ਅਵਤਾਰੀ ਪੁਰਸ਼ ਬਣੋਗੇ ਜਾਂ ਫਿਰ ਚੱਕਵਰਤੀ ਰਾਜੇ ਬਣ ਕੇ ਸੰਸਾਰ 'ਤੇ ਰਾਜ ਕਰੋਗੇ। ਬਾਬਾ ਅਮਰਦਾਸ ਜੀ ਨੂੰ ਪੰਡਤ ਦੀ ਇਹ ਭਵਿੱਖ ਬਾਣੀ ਉਸ ਸਮੇਂ ਝੂਠੀ ਹੀ ਜਾਪੀ ਤੇ ਅੱਖਾਂ ਵਿੱਚੋਂ ਅੱਥਰੂ ਕੇਰਦੇ ਆਖਣ ਲੱਗੇ ਕਿ ਮੈਂ ੨● ਵਾਰੀਂ ਹਰਿਦੁਆਰ ਦੀ ਯਾਤਰਾ ਤੋਂ ਜਾ ਆਇਆ ਹਾਂ, ਪਰ ਅਜੇ ਤੱਕ ਆਤਮ ਰਸ ਨੂੰ ਨਹੀਂ ਜਾਣ ਸਕਿਆ, ਮੇਰੇ ਜਿਹਾ ਅਭਾਗਾ ਕਿਸ ਤਰ੍ਹਾਂ ਕੋਈ ਅਵਤਾਰੀ ਪੁਰਸ਼ ਬਣ ਸਕਦਾ ਹੈ। ਪੰਡਤ ਆਖਣ ਲੱਗਾ ਇਹ ਜ਼ਰੂਰ ਹੋਵੇਗਾ, ਮੇਰਾ ਜੋਤਸ਼ ਕਦੀ ਗਲਤ ਨਹੀਂ ਹੋ ਸਕਦਾ। ਜਦੋਂ ਬਾਬਾ ਜੀ ਨੇ ਜਾਣ ਸਮੇਂ ਪੰਡਤ ਨੂੰ ਸਰਾਂ ਵਿੱਚ ਰੁਕਣ ਬਦਲੇ ਕੁਝ ਮਾਇਆ ਦੇਣੀ ਚਾਹੀ ਤਾਂ ਉਸ ਨੇ ਇਨਕਾਰ ਕਰਦੇ ਹੋਏ ਕਿਹਾ ਕਿ ਜਦੋਂ ਆਪ ਮਹਾਨ ਅਵਤਾਰੀ ਪੁਰਸ਼ ਜਾਂ ਚੱਕਰਵਰਤੀ ਰਾਜੇ ਬਣੋਗੇ ਤਾਂ ਉਸ ਸਮੇਂ ਮੈਂ ਆਪਣੀ ਇੱਛਾ ਅਨੁਸਾਰ ਆਪ ਜੀ ਤੋਂ ਬਖਸ਼ਿਸ਼ਾ ਲਵਾਂਗਾ।

**ਨਿਗੁਰੇ ਕਾ ਹੈ ਨਾਉਂ ਬੁਰਾ** - ਹਰਿਦੁਆਰ ਦੀ ਵੀਹਵੀਂ ਵਾਰ ਦੀ ਯਾਤਰਾ ਸਮੇਂ ਰਸਤੇ ਵਿੱਚ ਆਪ ਜੀ ਦਾ ਮਿਲਾਪ ਇਕ ਬ੍ਰਹਮਚਾਰੀ ਨਾਲ ਹੋਇਆ। ਉਹ ਬ੍ਰਹਮਚਾਰੀ ਬਾਬਾ ਅਮਰਦਾਸ ਜੀ ਦੀ ਉੱਚੀ ਆਤਮਕ ਅਵਸਥਾ ਦੇਖ ਕੇ ਉਨ੍ਹਾਂ ਨਾਲ ਘਰ ਨੂੰ ਆ ਗਿਆ। ਬਾਬਾ ਅਮਰਦਾਸ ਜੀ ਨੇ ਜਦੋਂ ਪ੍ਰਸ਼ਾਦਾ ਬ੍ਰਹਮਚਾਰੀ ਦੇ ਅੱਗੇ ਰੱਖਿਆ ਤਾਂ ਉਸ ਨੇ ਸਹਿਜ-ਸੁਭਾਏ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਬਾਬਾ ਅਮਰਦਾਸ ਜੀ ਨੇ ਝਿਜਕਦਿਆਂ ਹੋਇਆਂ ਜਵਾਬ ਦਿੱਤਾ ਕਿ ਕੋਈ ਸੱਚਾ ਗੁਰੂ ਨਾ ਮਿਲਣ ਕਰਕੇ ਮੈਂ ਅਜੇ ਤੱਕ ਨਿਗੁਰਾ ਹੀ ਹਾਂ। ਬ੍ਰਹਮਚਾਰੀ ਇਹ ਸੁਣ ਕੇ ਅੱਗ-ਬਬੂਲਾ ਹੋ ਗਿਆ ਤੇ ਗੁੱਸੇ ਨਾਲ ਇਹ ਕਹਿੰਦਾ ਹੋਇਆ ਉੱਥੋਂ ਨੱਠ ਗਿਆ ਕਿ ਨਿਗੁਰੇ ਦੇ ਹੱਥੋਂ ਅੰਨ-ਪਾਣੀ ਛਕਣਾ ਪਾਪ ਹੈ। ਬ੍ਰਹਮਚਾਰੀ ਦੇ ਇਨ੍ਹਾਂ ਬੋਲਾਂ ਨੇ ਬਾਬਾ ਅਮਰਦਾਸ ਜੀ ਦੇ ਹਿਰਦੇ 'ਤੇ ਬੜੀ ਚੋਟ ਕੀਤੀ ਅਤੇ ਮਨ ਵਿੱਚ ਤੀਬਰ ਖਿੱਚ ਹੋਈ ਕਿ ਉਨ੍ਹਾਂ ਨੂੰ ਕੋਈ ਪੂਰਨ ਆਤਮਦਰਸ਼ੀ ਗੁਰੂ ਦਾ ਮਿਲਾਪ ਹੋਵੇ, ਜਿਸ ਨੂੰ ਉਹ ਆਪਣਾ ਗੁਰੂ ਧਾਰਨ ਕਰ ਸਕਣ।

**ਗੁਰੂ ਮਿਲਾਪ** - ਗੁਰੂ ਅੰਗਦ ਦੇਵ ਜੀ ਦੀ ਲੜਕੀ ਬੀਬੀ ਅਮਰੋ ਜੀ ਬਾਬਾ ਅਮਰਦਾਸ ਜੀ ਦੇ ਵੱਡੇ ਭਰਾ ਦੀ ਨੂੰਹ ਸੀ। ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉੱਠ ਕੇ ਦੁੱਧ ਰਿੜਕਦੇ ਹੋਏ, ਹਰ ਰੋਜ਼ ਦੀ ਤਰ੍ਹਾਂ ਗੁਰੂ ਨਾਨਕ ਦੇਵ ਦੀ ਬਾਣੀ ਪੜ੍ਹ ਰਹੇ ਸਨ। ਜਦੋਂ ਇਹ ਬਾਣੀ ਬਾਬਾ ਅਮਰਦਾਸ ਜੀ ਦੇ ਕੰਨੀ ਪਈ ਤਾਂ ਮਨ ਨੂੰ ਬੜਾ ਸਕੂਨ ਤੇ ਸ਼ਾਂਤੀ ਮਿਲੀ। ਉਨ੍ਹਾਂ ਨੇ ਬੀਬੀ ਅਮਰੋ ਜੀ ਨੂੰ ਪੁੱਛਿਆ ਕਿ ਇਹ ਏਨੀ ਰਸ-ਭਰਪੂਰ ਤੇ ਅੰਮ੍ਰਿਤ-ਮਈ ਬਾਣੀ ਕਿਸ ਦੀ ਹੈ? ਮੈਂ ਉਸ ਮਹਾਂਪੁਰਸ਼ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਬੀਬੀ ਅਮਰੋ ਜੀ ਨੇ ਕਿਹਾ ਕਿ ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਹੈ, ਪਰ ਹੁਣ ਉਹ ਸਚਖੰਡ ਪਿਆਨਾ ਕਰ ਚੁੱਕੇ ਹਨ ਤੇ ਇਸ ਸਮੇਂ ਉਨ੍ਹਾਂ ਦੀ ਗੁਰਗੱਦੀ 'ਤੇ ਮੇਰੇ ਪਿਤਾ, ਗੁਰੂ ਅੰਗਦ ਦੇਵ ਜੀ ਬਿਰਾਜ਼ਮਾਨ ਹਨ। ਬਾਬਾ ਅਮਰਦਾਸ ਜੀ ਦੀ ਇੱਛਾ ਅਨੁਸਾਰ ਬੀਬੀ ਅਮਰੋ ਜੀ ਬਾਬਾ ਅਮਰਦਾਸ ਜੀ ਨੂੰ ਆਪਣੇ ਪਿਤਾ-ਗੁਰੂ ਜੀ ਪਾਸ ਖਾਡੂਰ ਸਾਹਿਬ ਲੈ ਆਏ। ਬਾਬਾ ਅਮਰਦਾਸ ਜੀ ਨੇ ਜਦੋਂ ਬੜੇ ਸਤਿਕਾਰ

ਨਾਲ ਮੱਥਾ ਟੇਕਣਾ ਚਾਹਿਆ ਤਾਂ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਤੁਸੀਂ ਸਾਡੇ ਕੁੜਮ ਹੋ, ਇਸ ਲਈ ਤੁਹਾਡਾ ਸਾਡੇ ਪੈਰੀਂ ਪੈਣਾ ਸ਼ੋਭਦਾ ਨਹੀਂ। ਬਾਬਾ ਅਮਰਦਾਸ ਜੀ ਨੇ ਕਿਹਾ ਕਿ ਮੈਂ ਅੱਜ ਤੱਕ ਆਤਮ ਦਰਸ਼ੀ ਬਣ ਕੇ ਆਤਮ-ਰਸ ਮਾਣਨ ਲਈ ਤੜਫ ਰਿਹਾ ਸੀ। ਅੱਜ ਮੈਨੂੰ ਤੁਹਾਡੇ ਦਰਸ਼ਨਾਂ ਤੋਂ ਉਹ ਰਸ ਆਇਆ ਹੈ, ਜੋ ਮੈਂ ਬਿਆਨ ਨਹੀਂ ਕਰ ਸਕਦਾ। ਇਸ ਲਈ ਅੱਜ ਮੈਂ ਤੁਹਾਡਾ ਕੁੜਮ ਬਣ ਕੇ ਨਹੀਂ ਬਲਕਿ ਸਿੱਖ (ਸਿਖਿਆਰਥੀ) ਬਣ ਕੇ ਆਇਆ ਹਾਂ। ਕਿਰਪਾ ਕਰੋ ਆਪ ਜੀ ਮੈਨੂੰ ਸਿੱਖੀ ਦੀ ਦਾਤ ਬਖ਼ਸ਼ੋ। ਗੁਰੂ ਅੰਗਦ ਦੇਵ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹੋਏ ਬਾਬਾ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿੱਚ ਜੁਟ ਗਏ। ਆਪ ਜੀ ਦੀ ਉਮਰ ਉਸ ਵੇਲੇ ਲਗਭਗ ੬੧-੬੨ ਵਰ੍ਹੇ ਦੀ ਸੀ ਅਤੇ ਗੁਰੂ ਅੰਗਦ ਦੇਵ ਜੀ ੩੬ ਕੁ ਵਰ੍ਹੇ ਦੇ ਸਨ। ਉਹ ਅੱਧੀ ਰਾਤ ਉੱਠ ਕੇ ਲਗਭਗ ਪੰਜ ਮੀਲ ਦੂਰ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ ਅਤੇ ਫਿਰ ਦਿਨ ਚੜ੍ਹੇ ਸਾਰਾ ਦਿਨ ਗੁਰੂ-ਘਰ ਵਿੱਚ ਲੰਗਰ, ਝਾੜੂ ਤੇ ਜੋੜਿਆ ਆਦਿ ਦੀ ਸੇਵਾ ਕਰਦੇ ਹੋਏ ਮੁੱਖ ਵਿੱਚੋਂ ਵਾਹਿਗੁਰੂ ਨਾਮ ਦਾ ਜਾਪ ਕਰਦੇ ਰਹਿੰਦੇ। ਲਗਭਗ ਬਾਰਾਂ ਸਾਲ ਉਨ੍ਹਾਂ ਨੇ ਇਹ ਸੇਵਾ ਨਿਭਾਈ।

**ਜੁਲਾਹੀ**- ਇੱਕ ਦਿਨ ਭਰੀ ਸਿਆਲ ਦੀ ਰੁੱਤੇ ਆਪ ਜੀ ਆਪਣੇ ਨੇਮ ਮੁਤਾਬਕ ਬਿਆਸ ਤੋਂ ਜਲ ਦੀ ਗਾਗਰ ਲਿਆ ਰਹੇ ਸੀ। ਜ਼ੋਰ ਦਾ ਮੀਂਹ ਵਰ੍ਹਨ 'ਤੇ ਠੱਕਾ ਵਗਣ ਲੱਗ ਪਿਆ ਸੀ। ਘੁੱਪ ਹਨੇਰਾ, ਹਨੇਰੀ ਤੇ ਮੀਂਹ ਦਾ ਜ਼ੋਰ, ਬਿਰਧ ਸਰੀਰ, ਮੋਢੇ ਉੱਤੇ ਜਲ ਦੀ ਗਾਗਰ ਅਤੇ ਰਾਹ ਵਿੱਚ ਚਿੱਕੜ ਤੇ ਤਿਲ੍ਹਕਣ, ਸਭ ਜਲ ਥਲ ਹੋਣ ਕਾਰਨ ਰਾਹ ਦਾ ਪਤਾ ਨਾ ਲੱਗਾ ਅਤੇ ਆਪ ਜੁਲਾਹੇ ਦੀ ਖੱਡੀ ਵਿੱਚ ਡਿੱਗ ਪਏ, ਪਰ ਗਾਗਰ ਨਾ ਡਿੱਗਣ ਦਿੱਤੀ। ਖੜਾਕ ਸੁਣ ਕੇ ਜੁਲਾਹੇ ਨੇ ਜੁਲਾਹੀ ਨੂੰ ਕਿਹਾ, "ਕੋਈ ਖੱਡੀ ਵਿੱਚ ਡਿੱਗ ਪਿਆ ਜਾਪਦਾ ਹੈ, ਪਤਾ ਨਹੀ ਕੌਣ ਹੈ?" ਜੁਲਾਹੀ ਨੇ ਉੱਤਰ ਦਿੱਤਾ "ਹੋਣਾ ਏ ਅਮਰੂ ਨਿਥਾਵਾਂ, ਜੋ ਆਪਣੇ ਕੁੜਮਾਂ ਦੇ ਦਰ ਦੇ ਟੁੱਕਰ ਖਾਂਦਾ ਫਿਰਦਾ ਏ। ਇਹਦਾ ਕੁੜਮ ਵੀ ਪਖੰਡੀ ਗੁਰੂ ਬਣ ਕੇ ਲੁਕਾਈ ਨੂੰ ਆਪਣੇ ਪਿੱਛੇ ਲਾ ਰਿਹਾ ਹੈ।" ਆਪ ਜੀ ਉੱਠੇ, ਗੁਰੂ ਜੀ ਦੀ ਨਿੰਦਿਆ ਨਾ ਸਹਾਰਦੇ ਹੋਏ ਕਹਿਣ ਲੱਗੇ, "ਕਮਲੀਏ! ਮੇਰਾ ਗੁਰੂ ਦੀਨ ਦੁਨੀ ਦਾ ਮਾਲਕ ਹੈ। ਮੈਨੂੰ ਉਸ ਦਾ ਟਿਕਾਣਾ ਮਿਲ ਗਿਆ ਹੈ, ਮੈਂ ਨਿਥਾਵਾਂ ਕਿਵੇਂ ਹੋਇਆ?" ਦਿਨ ਚੜ੍ਹੇ ਗੁਰੂ ਜੀ ਨੇ ਆਪ ਜੀ ਪਾਸੋਂ ਰਾਹ ਵਿੱਚ ਵਾਪਰੀ ਘਟਨਾ ਦਾ ਹਾਲ ਪੁੱਛਿਆ। ਇੰਨੇ ਨੂੰ ਜੁਲਾਹਾ ਵੀ ਉੱਥੇ ਹੀ ਆ ਗਿਆ। ਉਸ ਨੇ ਰੋਂਦੇ-ਕੁਰਲਾਉਂਦੇ ਸਾਰੀ ਗੱਲ ਦੱਸੀ ਅਤੇ ਕਿਹਾ, ਕਿ "ਜੁਲਾਹੀ ਉਦੋਂ ਹੀ ਕਮਲੀ ਹੋ ਗਈ ਸੀ, ਜਦੋਂ ਇਸ ਨੇ ਆਪ ਜੀ ਨੂੰ ਕੁਬਚਨ ਬੋਲੇ ਸਨ ਤੇ ਬਾਬਾ ਅਮਰਦਾਸ ਜੀ ਨੇ ਇਸ ਨੂੰ ਕਮਲੀ ਕਿਹਾ ਸੀ। ਇਸ ਨੇ ਡਾਢੀ ਭੁੱਲ ਕੀਤੀ ਹੈ, ਮਹਾਰਾਜ ਇਸ ਨੂੰ ਬਖ਼ਸ਼ ਲਵੋ।" ਗੁਰੂ ਅੰਗਦ ਦੇਵ ਜੀ ਨੇ ਆਪ ਜੀ ਵੱਲ ਇਸ਼ਾਰਾ ਕੀਤਾ। ਆਪ ਜੀ ਦੀ ਮਿਹਰ ਭਰੀ ਨਜ਼ਰ ਜੁਲਾਹੀ 'ਤੇ ਪਈ ਅਤੇ ਸੰਗਤ ਦੇ ਦੇਖਦੇ-ਦੇਖਦੇ ਹੀ ਜੁਲਾਹੀ ਨਵੀਂ ਨਿਰੋਈ ਹੋ ਗਈ। ਫਿਰ ਗੁਰੂ ਜੀ ਨੇ ਬਾਬਾ ਅਮਰ ਦਾਸ ਜੀ ਨੂੰ ਬਖ਼ਸ਼ਸ਼ਾਂ ਦਿੰਦਿਆਂ ਕਿਹਾ, "ਪੁਰਖਾ! ਤੁਸੀਂ ਨਿਮਾਣਿਆਂ ਦੇ ਮਾਣ ਹੋ, ਨਿਓਟਿਆਂ ਦੀ ਓਟ ਹੋ, ਨਿਆਸਰਿਆਂ ਦੇ ਆਸਰੇ ਹੋ, ਨਿਥਾਵਿਆਂ ਦੇ ਥਾਂ ਹੋ। ਤੁਹਾਡੀ ਸੇਵਾ ਥਾਇ ਪਈ।"

**ਗੋਇੰਦਵਾਲ ਨਗਰ ਵਸਾਉਣਾ** - ਗੋਇੰਦਾ ਮਰਾਵਾਹਾ ਇੱਕ ਅਮੀਰ ਆਦਮੀ ਸੀ, ਉਹ ਬਿਆਸ ਦਰਿਆ ਦੇ ਕੰਢੇ ਇੱਕ ਪਿੰਡ ਵਸਾਉਣਾ ਚਾਹੁੰਦਾ ਸੀ। ਪਰ ਉਸ ਦਾ ਇਹ ਪਿੰਡ ਵੱਸਦਾ ਨਹੀਂ ਸੀ, ਉਹ ਜਿਹੜੀ ਵੀ ਉਸਾਰੀ ਕਰਦਾ ਸੀ, ਉਹ ਰਾਤ ਨੂੰ ਢਹਿ ਜਾਂਦੀ ਸੀ। ਜੋਤਸ਼ੀਆਂ ਨੇ ਕਿਹਾ ਕਿ ਇਸ ਜਗ੍ਹਾ 'ਤੇ ਭੂਤਾਂ-ਪ੍ਰੇਤਾਂ ਦਾ ਵਾਸਾ ਹੈ ਅਤੇ ਉਹ ਨਹੀਂ ਚਾਹੁੰਦੇ ਕਿ ਇਸ ਜਗ੍ਹਾ 'ਤੇ ਇਨਸਾਨ ਵੱਸਣ, ਇਸ ਕਰਕੇ ਰਾਤ ਸਮੇਂ ਉਹ ਸਭ ਕੁਝ ਢਾਹ ਦੇਂਦੇ ਹਨ। ਚਿੰਤਾ ਸਾਗਰ ਵਿੱਚ ਡੁੱਬੇ ਗੋਇੰਦੇ ਨੂੰ ਲੋਕਾਂ ਨੇ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿੱਚ ਜਾਣ ਦੀ ਸਾਲਾਹ ਦਿੱਤੀ। ਗੋਇੰਦਾ ਬੜੀ ਭਾਵਨਾ ਨਾਲ ਗੁਰੂ ਅੰਗਦ ਦੇਵ ਜੀ ਪਾਸ ਆਇਆ ਤੇ ਆ ਕੇ ਆਪਣਾ ਸਾਰਾ ਦੁਖਾਂਤ ਗੁਰੂ ਜੀ ਨੂੰ ਦੱਸਿਆ। ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰ ਦਾਸ ਜੀ ਨੂੰ ਕਿਹਾ ਕਿ ਉਹ ਕੁਝ ਕੁ ਸਿੱਖਾਂ ਨੂੰ ਨਾਲ ਲੈ ਕੇ ਜਾਣ ਤੇ ਗੋਇੰਦੇ ਦਾ ਪਿੰਡ ਵਸਾਉਣ। ਬਾਬਾ ਅਮਰਦਾਸ ਜੀ ਗੋਇੰਦੇ ਮਰਵਾਹੇ ਨਾਲ ਗਏ ਅਤੇ ਪ੍ਰਭੂ ਨਾਮ ਦਾ ਆਸਰਾ ਲੈ ਕੇ ਸੇਵਾ ਭਾਵਨਾ ਨਾਲ ਕੰਮ ਕਰਦਿਆਂ ਹੋਇਆਂ ਗੋਇੰਦੇ ਦਾ ਸਾਰਾ ਪਿੰਡ ਵਸਾਇਆ। ਇਲਾਹੀ ਤਾਕਤ ਅੱਗੇ ਭੂਤਾਂ-ਪ੍ਰੇਤਾਂ ਦਾ ਕੋਈ ਜ਼ੋਰ ਨਾ ਚੱਲਿਆ ਕਿਉਂਕਿ ਜਿੱਥੇ ਗੁਰਬਾਣੀ ਉਚਾਰੀ ਜਾਂਦੀ ਹੈ, ਉੱਥੋਂ ਭੂਤ-ਪ੍ਰੇਤ ਡਰਦੇ ਹੀ ਨੱਠ ਜਾਂਦੇ ਹਨ। ਇਸ ਬਾਬਤ ਗੁਰਬਾਣੀ ਇਸ ਤਰ੍ਹਾਂ ਫਰਮਾਉਂਦੀ ਹੈ :

**ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥**

(ਗੁਰੂ ਗ੍ਰੰਥ ਸਾਹਿਬ - ਅੰਗ ੯੬੨)

**ਤਪੇ ਸ਼ਿਵ ਨਾਥ ਦੀ ਸੁਧਾਈ** - ਖਡੂਰ ਸਾਹਿਬ ਵਿਖੇ ਸ਼ਿਵ ਨਾਥ ਨਾਂ ਦਾ ਇੱਕ ਪਾਖੰਡੀ ਜੋਗੀ ਰਹਿੰਦਾ ਸੀ। ਲੋਕ ਉਸ ਨੂੰ ਤਪਾ ਜੀ ਕਹਿੰਦੇ ਸਨ ਤੇ ਉਸ ਦੀ ਬੜੀ ਮਾਨਤਾ ਕਰਦੇ ਸਨ। ਉਹ ਗੁਰੂ ਅੰਗਦ ਦੇਵ ਜੀ ਨਾਲ ਈਰਖਾ ਕਰਦਾ ਸੀ, ਕਿਉਂਕਿ ਗੁਰੂ ਜੀ ਦੇ ਪ੍ਰਚਾਰ ਸਦਕਾ ਲੋਕ ਭਰਮ-ਭੁਲੇਖਿਆਂ ਤੇ ਕਰਮਕਾਂਡਾਂ ਵਿੱਚੋਂ ਨਿਕਲ ਚੁੱਕੇ ਸਨ ਤੇ ਉਹਨਾਂ ਨੇ ਪਾਖੰਡੀ ਜੋਗੀ ਦੇ ਪਾਖੰਡ ਨੂੰ ਪਹਿਚਾਣ

ਲਿਆ ਸੀ। ਪਹਿਲਾਂ ਜਿੱਥੇ ਪਾਖੰਡ ਦੁਆਰਾ ਜੋਗੀ ਦਾ ਚੰਗਾ ਹਲਵਾ-ਮੰਡਾ ਚੱਲਦਾ ਸੀ, ਉੱਥੇ ਹੁਣ ਉਹ ਭੁੱਖਾ ਮਰਨ ਲੱਗਾ। ਇਸ ਲਈ ਕਿਸੇ ਨਾ ਕਿਸੇ ਤਰ੍ਹਾਂ ਉਹ ਗੁਰੂ ਜੀ ਨੂੰ ਖਡੂਰ ਸਾਹਿਬ ਵਿੱਚੋਂ ਕੱਢਣਾ ਚਾਹੁੰਦਾ ਸੀ।

ਕਰਤਾਰ ਦੇ ਹੁਕਮ ਵਿੱਚ ਉਸ ਸਾਲ ਮੀਂਹ ਨਾ ਪੈਣ ਕਾਰਨ ਡਾਢੀ ਔੜ ਲੱਗ ਗਈ। ਸਭ ਦੇ ਮਨ ਵਿੱਚ ਕਾਲ ਪੈ ਜਾਣ ਦਾ ਡਰ ਪੈਦਾ ਹੋ ਗਿਆ। ਜੋਗੀ ਪਾਖੰਡ ਕਰਦਾ ਹੋਇਆ ਲੋਕਾਂ ਨੂੰ ਆਖਦਾ ਹੁੰਦਾ ਸੀ ਕਿ ਉਸ ਪਾਸ ਸਭ ਤਾਕਤਾਂ ਹਨ, ਉਹ ਕੁਝ ਵੀ ਕਰ-ਕਰਵਾ ਸਕਦਾ ਹੈ। ਘਬਰਾਏ ਹੋਏ ਸਾਰੇ ਲੋਕ ਉਸ ਕੋਲ ਗਏ ਤੇ ਆਖਣ ਲੱਗੇ, "ਤਪਾ ਜੀ! ਕਿਰਪਾ ਕਰਕੇ ਮੀਂਹ ਪਵਾਉ। "ਉਹ ਲੋਕਾਂ ਨੂੰ ਗੁਰੂ ਜੀ ਵਿਰੁੱਧ ਭੜਕਾਉਣ ਦਾ ਚੰਗਾ ਮੌਕਾ ਜਾਣਦੇ ਹੋਏ ਪਾਖੰਡ ਕਰਦਾ ਹੋਇਆ ਆਖਣ ਲੱਗਾ, "ਮੀਂਹ ਕਿਵੇਂ ਪੈ ਸਕਦਾ ਹੈ, ਤੁਸੀਂ ਬਹੁਤ ਵੱਡੀ ਗ਼ਲਤੀ ਕੀਤੀ ਹੈ। ਤੁਸੀਂ ਵੇਦਾਂ ਸ਼ਾਸਤਰਾਂ ਦੀ ਮਰਯਾਦਾ ਦੇ ਉੱਲਟ ਕੰਮ ਕਰ ਰਹੇ ਹੋ। ਸੰਨਿਆਸੀ ਤੇ ਤਪੀ-ਤਪੀਸੁਰ ਸਾਧੂ ਨੂੰ ਛੱਡ ਕੇ ਇੱਕ ਗ੍ਰਹਿਸਥੀ ਨੂੰ ਗੁਰੂ ਮੰਨ ਕੇ ਉਸ ਦੀ ਮਾਨਤਾ ਕਰ ਰਹੇ ਹੋ। ਰੱਬ ਤੁਹਾਡੀ ਇਸ ਗਲਤੀ ਤੋਂ ਡਾਢਾ ਨਰਾਜ਼ ਹੈ। ਇਸੇ ਕਰਕੇ ਹੀ ਮੀਂਹ ਨਹੀਂ ਪੈ ਰਿਹਾ। ਤੁਸੀਂ ਉਸ ਨੂੰ ਜਾ ਕੇ ਆਖੋ ਕਿ ਉਹ ਮੀਂਹ ਪਵਾ ਦੇਵੇ ਤੇ ਜੇਕਰ ਉਹ ਮੀਂਹ ਨਹੀਂ ਪਵਾ ਸਕਦਾ ਤਾਂ ਉਸ ਨੂੰ ਆਖੋ ਉਹ ਪਿੰਡ ਛੱਡ ਕੇ ਚਲਾ ਜਾਏ, ਫਿਰ ਮੈਂ ਆਪੇ ਮੀਂਹ ਪਵਾ ਦਿਆਂਗਾ। "ਮੁਸੀਬਤ ਵਿੱਚ ਫਸੇ ਲੋਕ ਜੋਗੀ ਦੇ ਝਾਂਸੇ ਵਿੱਚ ਆ ਗਏ ਤੇ ਜਾ ਕੇ ਗੁਰੂ ਜੀ ਨੂੰ ਮੀਂਹ ਪਵਾਉਣ ਲਈ ਆਖਣ ਲੱਗੇ। ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਮੀਂਹ ਪਵਾਉਣਾ ਜਾਂ ਨਾ ਪਵਾਉਣਾ ਮੇਰੇ ਜਾਂ ਕਿਸੇ ਜੋਗੀ ਦੇ ਵੱਸ ਦੀ ਗੱਲ ਨਹੀਂ ਹੈ, ਇਹ ਤਾਂ ਪ੍ਰਭੂ ਦਾ ਭਾਣਾ ਹੈ। ਅਸੀਂ ਉਸ ਦੇ ਭਾਣੇ ਤੋਂ ਬਾਹਰ ਨਹੀਂ ਜਾ ਸਕਦੇ। ਜਦੋਂ ਉਸ ਦਾ ਹੁਕਮ ਹੋਇਆ ਮੀਂਹ ਆਪਣੇ-ਆਪ ਪੈ ਜਾਵੇਗਾ। ਪਰ ਅਧਿਆਤਮਿਕਤਾ ਦੀ ਘਾਟ ਹੋਣ ਕਾਰਨ ਉਹ ਲੋਕ ਗੁਰੂ ਜੀ ਨੂੰ ਆਖਣ ਲੱਗੇ ਕਿ ਜੇ ਉਹ ਮੀਂਹ ਨਹੀਂ ਪਵਾ ਸਕਦੇ ਤਾਂ ਉਹ ਪਿੰਡ ਛੱਡ ਕੇ ਚਲੇ ਜਾਣ ਤਾਂ ਜੋ ਉਹ ਜੋਗੀ ਤੋਂ ਮੀਂਹ ਪਵਾ ਸਕਣ। ਇਹ ਸੁਣ ਕੇ ਗੁਰੂ ਜੀ ਨੇ ਕਿਹਾ ਅਸੀਂ ਅਕਾਲ ਪੁਰਖ ਦੀ ਰਜ਼ਾ ਤੋਂ ਬਾਹਰ ਨਹੀਂ ਜਾਣਾ, ਅਸੀਂ ਪਿੰਡ ਛੱਡ ਕੇ ਚਲੇ ਜਾਂਦੇ ਹਾਂ। ਇਸ ਲਈ ਉਹਨਾਂ ਖਡੂਰ ਸਾਹਿਬ ਛੱਡ ਕੇ ਖਾਨ ਰਜ਼ਾਦੇ ਪਿੰਡ ਦੀ ਜੂਹ ਵਿੱਚ ਜਾ ਡੇਰੇ ਲਾਏ।

ਲੋਕ ਜੋਗੀ ਨੂੰ ਆਖਣ ਲੱਗੇ, "ਅਸੀਂ ਤੇਰੇ ਕਹੇ ਅਨੁਸਾਰ ਗੁਰੂ ਜੀ ਨੂੰ ਪਿੰਡ ਵਿੱਚੋਂ ਕੱਢ ਦਿੱਤਾ ਹੈ, ਹੁਣ ਤੂੰ ਮੀਂਹ ਪਵਾ।" ਜੋਗੀ ਨੇ ਮੀਂਹ ਪਵਾਉਣ ਲਈ ਬੜੇ ਜਾਦੂ-ਮੰਤਰ ਤੇ ਟੂਣੇ-ਤੰਤਰ ਵਰਤੇ, ਪਰ ਮੀਂਹ ਦੀ ਇੱਕ ਬੂੰਦ ਵੀ ਨਾ ਡਿੱਗੀ। ਲੋਕੀਂ ਵਾਰ-ਵਾਰ ਜੋਗੀ ਨੂੰ ਆਖਣ ਲੱਗੇ ਕਿ ਉਹ ਮੀਂਹ ਪਵਾਵੇ। ਪਰ ਮੀਂਹ ਪਵਾਉਣਾ ਜੋਗੀ ਦੇ ਵੱਸ ਦੀ ਗੱਲ ਨਹੀਂ ਸੀ, ਹੁਣ ਉਹ ਲੋਕਾਂ ਨੂੰ ਟਾਲ-ਮਟੋਲੇ ਕਰਨ ਲੱਗਾ। ਏਨੇ ਨੂੰ (ਗੁਰੂ) ਬਾਬਾ ਅਮਰਦਾਸ ਜੀ ਖਡੂਰ ਸਾਹਿਬ ਆ ਗਏ। ਉਹਨਾਂ ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਾ (ਕਿ ਜੋਗੀ ਨੇ ਕਿਵੇਂ ਲੋਕਾਂ ਨੂੰ ਗੁਰੂ ਜੀ ਵਿਰੁੱਧ ਭੜਕਾ ਕੇ ਉਹਨਾਂ ਨੂੰ ਨਗਰ ਵਿੱਚੋਂ ਕਢਵਾ ਦਿੱਤਾ ਹੈ) ਤਾਂ ਉਹ ਬੜੇ ਦੁਖੀ ਹੋਏ। ਬਾਬਾ ਅਮਰਦਾਸ ਜੀ ਗੁਰੂ-ਘਰ ਦੀ ਅਣਥੱਕ-ਸੇਵਾ ਤੇ ਨਾਮ-ਸਿਮਰਨ ਦੀ ਕਮਾਈ ਦੁਆਰਾ ਅਧਿਆਤਮਿਕ ਉਚਾਈਆਂ ਨੂੰ ਪ੍ਰਾਪਤ ਕਰ ਚੁੱਕੇ ਸਨ। ਉਹ ਲੋਕਾਂ ਨੂੰ ਆਖਣ ਲੱਗੇ, "ਤੁਸੀਂ ਜੋਗੀ ਦੇ ਪਿੱਛੇ ਲੱਗ ਕੇ ਗੁਰੂ ਜੀ ਨੂੰ ਨਗਰ ਵਿੱਚੋਂ ਕੱਢ ਕੇ ਬਹੁਤ ਵੱਡਾ ਗੁਨਾਹ ਕੀਤਾ ਹੈ। ਜੋਗੀ ਨੇ ਤੁਹਾਨੂੰ ਆਪਣੇ ਪਿੱਛੇ ਲਾਉਣ ਲਈ ਇਹ ਪਾਖੰਡ ਕੀਤਾ ਹੈ।" ਉਹ ਆਖਣ ਲੱਗੇ, "ਮੀਂਹ ਪਵਾਉਣ ਦੀ ਜੁਗਤੀ ਤੁਹਾਨੂੰ ਮੈਂ ਦੱਸਦਾ ਹਾਂ। ਤੁਸੀਂ ਤਪੇ ਨੂੰ ਆਪਣੇ ਖੇਤਾਂ ਵਿੱਚ ਲੈ ਜਾਉ ਤੇ ਸੂਰਜ ਡੁੱਬਣ ਤੋਂ ਪਹਿਲਾਂ-ਪਹਿਲਾਂ ਉਸ ਨੂੰ ਜਿੱਥੇ-ਜਿੱਥੇ ਲੈ ਜਾਉਗੇ, ਉੱਥੇ-ਉੱਥੇ ਮੀਂਹ ਪੈ ਜਾਏਗਾ।" ਲੋਕ ਬਾਬਾ ਅਮਰਦਾਸ ਜੀ ਦੇ ਸੇਵਾ-ਸਿਮਰਨ ਤੇ ਅਧਿਆਤਮਕ ਅਗੰਮਤਾਂ ਤੋਂ ਜਾਣੂ ਸਨ। ਉਹਨਾਂ ਨੇ ਤਪੇ ਨੂੰ ਫੜ ਲਿਆ ਤੇ ਉਸ ਨੂੰ ਘਸੀੜਦੇ ਹੋਏ ਆਪਣੇ ਖੇਤਾਂ ਵਿੱਚ ਲੈ ਗਏ। ਤਪੇ ਨੂੰ ਜਿਸ-ਜਿਸ ਖੇਤ ਵਿੱਚ ਉਹ ਲਿਜਾਣ ਉੱਥੇ-ਉੱਥੇ ਮੀਂਹ ਪੈਂਦਾ ਜਾਵੇ। ਸਭ ਨੇ ਤਪੇ ਨੂੰ ਆਪੋ-ਆਪਣੇ ਖੇਤਾਂ ਵੱਲ ਨੂੰ ਖਿੱਚਿਆ ਤਾਂ ਕਿ ਉਹਨਾਂ ਦੇ ਖੇਤਾਂ ਵਿੱਚ ਮੀਂਹ ਪੈ ਸਕੇ। ਇਸ ਤਰ੍ਹਾਂ ਲੋਕਾਂ ਵੱਲੋਂ ਖਿੱਚੀਂਦਾ-ਧੂਹੀਂਦਾ ਤਪਾ ਮਰ ਗਿਆ। ਉਸੇ ਸਮੇਂ ਘਣੇ ਬੱਦਲ ਚੜ੍ਹ ਕੇ ਆ ਗਏ ਤੇ ਸਾਰੇ ਇਲਾਕੇ ਵਿੱਚ ਰਜਵੀਂ ਬਾਰਸ਼ ਹੋਈ।

ਮੀਂਹ ਪਵਾਉਣ ਤੋਂ ਬਾਅਦ ਬਾਬਾ ਅਮਰਦਾਸ ਜੀ ਪਿੰਡ ਦੀ ਸਾਰੀ ਸੰਗਤ ਦੇ ਨਾਲ ਗੁਰੂ ਜੀ ਨੂੰ ਖਡੂਰ ਸਾਹਿਬ ਲਿਆਉਣ ਲਈ ਗਏ। ਜਦੋਂ ਬਾਬਾ ਅਮਰਦਾਸ ਜੀ ਉੱਥੇ ਪਹੁੰਚੇ ਤਾਂ ਗੁਰੂ ਅੰਗਦ ਦੇਵ ਜੀ ਨੇ ਉਹਨਾਂ ਵੱਲ ਪਿੱਠ ਕਰ ਲਈ। ਫਿਰ ਜਦੋਂ ਬਾਬਾ ਅਮਰਦਾਸ ਜੀ ਸਾਹਮਣੇ ਹੋਏ ਤਾਂ ਗੁਰੂ ਅੰਗਦ ਦੇਵ ਜੀ ਨੇ ਫਿਰ ਪਿੱਠ ਕਰ ਲਈ। ਜਦੋਂ ਤਿੰਨ-ਚਾਰ ਵਾਰੀ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਦਰਸ਼ਨ ਨਾ ਦਿੱਤੇ ਤਾਂ ਉਹ ਬੜੇ ਵਿਆਕੁਲ ਹੋਏ ਅਤੇ ਦੁਖੀ ਤੇ ਪ੍ਰੇਮ-ਭਰੇ ਹਿਰਦੇ ਨਾਲ ਬੋਲੇ, "ਗੁਰੂ ਪਾਤਸ਼ਾਹ ਜੀ! ਮੇਰੇ ਕੋਲੋਂ ਕੀ ਅਪਰਾਧ ਹੋ ਗਿਆ ਹੈ, ਜੋ ਆਪ ਜੀ ਮੈਨੂੰ ਦਰਸ਼ਨ ਨਹੀਂ ਦੇ ਰਹੇ ਹੋ।" ਗੁਰੂ ਅੰਗਦ ਦੇਵ ਜੀ ਨੇ ਫਰਮਾਇਆ, "ਬਾਬਾ ਜੀ! ਤੁਸੀਂ ਗੁਰੂ ਨਾਨਕ ਦੇ ਉਪਦੇਸ਼ਾਂ ਦੀ ਉਲੰਘਣਾ ਕੀਤੀ ਹੈ। ਤੁਸੀਂ ਭਾਣੇ ਵਿੱਚ ਨਾ ਰਹਿ ਕੇ ਲੋਕਾਂ ਨੂੰ ਖ਼ੁਸ਼ ਕਰਨ ਲਈ ਤਪੇ ਨੂੰ ਲੋਕਾਂ ਦੁਆਰਾ ਮਰਵਾ ਦਿੱਤਾ ਹੈ ਤੇ ਆਪਣੀ ਇਕੱਠੀ ਕੀਤੀ ਇਲਾਹੀ ਤਾਕਤ ਵਰਤ ਕੇ ਕੁਦਰਤ ਦੇ ਨਿਯਮਾਂ ਦੇ ਉੱਲਟ ਮੀਂਹ ਪਵਾਇਆ ਹੈ।" ਇਹ ਸੁਣ ਕੇ ਬਾਬਾ ਅਮਰਦਾਸ ਜੀ ਤੇ ਸਾਰੇ ਪਿੰਡ ਵਾਲੇ ਅੱਥਰੂ ਕੇਰਦੇ ਹੋਏ ਹੱਥ ਜੋੜ ਕੇ ਬੜੀ ਅਧੀਨਗੀ ਨਾਲ ਮਾਫ਼ੀ ਮੰਗਣ ਲੱਗੇ। ਦਿਆਲੂ ਕ੍ਰਿਪਾਲੂ ਗੁਰੂ ਜੀ ਨੇ ਫਰਮਾਇਆ, "ਇਸ ਤਰ੍ਹਾਂ ਕਰਕੇ ਤਾਂ ਅਸੀਂ ਵੀ ਮੀਂਹ ਪਵਾ

ਸਕਦੇ ਸੀ। ਪਰ ਸਾਡੇ ਹਿਰਦੇ ਵਿੱਚ ਗੁਰੂ ਨਾਨਕ ਦਾ ਉਪਦੇਸ਼ ਅਕਾਲ-ਪੁਰਖ ਦਾ ਭਾਣਾ ਅਤੇ ਰਜ਼ਾ ਮੰਨਣ ਲਈ ਵੱਸ ਚੁੱਕਾ ਹੈ। ਅਸੀਂ ਅਕਾਲ ਪੁਰਖ ਦੇ ਭਾਣੇ ਵਿੱਚ ਦਖ਼ਲ ਨਹੀਂ ਦੇ ਸਕਦੇ ਸੀ, ਇਸ ਲਈ ਪਿੰਡ ਛੱਡ ਕੇ ਇੱਥੇ ਆ ਗਏ।" ਗੁਰੂ ਸਾਹਿਬ ਜੀ ਨੇ ਕਿਹਾ ਅਕਾਲ ਪੁਰਖ ਦੇ ਭਾਣੇ ਵਿੱਚ ਰਹਿਣ ਨਾਲ ਅਤੇ ਹਰ ਹੁਕਮ ਸੱਤ-ਸੱਤ ਕਰਕੇ ਮੰਨਣ ਨਾਲ ਹੀ ਉਸ ਦੀ ਖ਼ੁਸ਼ੀ ਮਾਣੀ ਜਾ ਸਕਦੀ ਹੈ। ਬਾਬਾ ਅਮਰਦਾਸ ਜੀ ਨੇ ਬੜੀ ਅਧੀਨਗੀ ਨਾਲ ਪਛਤਾਵਾ ਕਰਕੇ ਆਪਣੀ ਭੁੱਲ ਬਖ਼ਸ਼ਵਾਈ ਤੇ ਅੱਗੇ ਤੋਂ ਪ੍ਰਭੂ ਭਾਣੇ ਵਿੱਚ ਰਹਿਣ ਦਾ ਪ੍ਰਣ ਕੀਤਾ। ਸਭ ਦੇ ਬੇਨਤੀ ਕਰਨ 'ਤੇ ਗੁਰੂ ਸਾਹਿਬ ਜੀ ਵਾਪਸ ਖਡੂਰ ਸਾਹਿਬ ਆ ਗਏ।

ਇਸ ਤਰ੍ਹਾਂ ਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਅਕਾਲ ਪੁਰਖ ਦਾ ਭਾਣਾ ਅਤੇ ਰਜ਼ਾ ਮੰਨਦੇ ਹੋਏ ਹਉਮੈ ਨੂੰ ਮਾਰ ਕੇ ਹੀ ਉਸ ਦੀ ਇਲਾਹੀ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਪ੍ਰਭੂ ਵਿੱਚ ਲੀਨ ਹੋਇਆ ਜਾ ਸਕਦਾ ਹੈ।

**ਗੁਰਗੱਦੀ**- ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਨੂੰ ੨੫ ਮਾਰਚ ਸੰਨ ੧੫੫੨ ਖਡੂਰ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗੁਰਿਆਈ ਦਾ ਤਿਲਕ ਲਾਇਆ।

**ਬਾਬਾ ਦਾਤੂ ਜੀ ਦਾ ਵਿਰੋਧ** - ਗੁਰੂ ਅੰਗਦ ਦੇਵ ਜੀ ਵੱਲੋਂ ਬਾਬਾ ਅਮਰਦਾਸ ਜੀ ਨੂੰ ਗੁਰਗੱਦੀ ਦੇਣ 'ਤੇ ਉਨ੍ਹਾਂ ਦੇ ਪੁੱਤਰ ਬਾਬਾ ਦਾਤੂ ਜੀ ਤੇ ਬਾਬਾ ਦਾਸੂ ਜੀ ਨੇ ਗੁਰੂ ਅਮਰਦਾਸ ਜੀ ਦਾ ਬੜਾ ਵਿਰੋਧ ਕੀਤਾ। ਮਾਤਾ ਖੀਵੀ ਜੀ ਦੇ ਸਮਝਾਉਣ 'ਤੇ ਬਾਬਾ ਦਾਸੂ ਜੀ ਤਾਂ ਸਮਝ ਗਏ, ਪਰ ਬਾਬਾ ਦਾਤੂ ਜੀ ਨੇ ਆਪਣਾ ਵਿਰੋਧ ਜਾਰੀ ਰੱਖਿਆ। ਇੱਕ ਦਿਨ ਉਹ ਗੋਇੰਦਵਾਲ ਵਿਖੇ ਆਏ ਤਾਂ ਗੁਰੂ ਜੀ ਉਸ ਸਮੇਂ ਸੰਗਤਾਂ ਨੂੰ ਉਪਦੇਸ਼ ਕਰ ਰਹੇ ਸਨ। ਬਾਬਾ ਦਾਤੂ ਜੀ ਨੇ ਇਤਨੀ ਸੰਗਤ ਅਤੇ ਗੁਰੂ ਜੀ ਦਾ ਇਤਨਾ ਸਤਿਕਾਰ ਦੇਖ ਕੇ ਗੁੱਸੇ ਵਿੱਚ ਆ ਕੇ ਗੁਰੂ ਜੀ ਦੀ ਛਾਤੀ ਵਿੱਚ ਲੱਤ ਕੱਢ ਮਾਰੀ। ਖਿਮਾ ਰੂਪ ਜੀ ਗੁਰੂ ਜੀ ਨੇ ਅੱਗੋਂ ਗੁੱਸਾ ਜਾਂ ਕੋਈ ਹੋਰ ਵਿਰੋਧ ਕਰਨ ਦੀ ਬਜਾਏ ਉਸ ਦੇ ਪੈਰ ਪਕੜ ਕੇ ਘੁੱਟਨੇ ਸ਼ੁਰੂ ਕਰ ਦਿੱਤੇ ਤੇ ਕਿਹਾ, "ਪੁੱਤਰ ਜੀ! ਬਜ਼ੁਰਗ ਹੋ ਜਾਣ ਕਰਕੇ ਮੇਰੇ ਹੱਡ ਬਹੁਤ ਕਰੜੇ ਹੋ ਚੁੱਕੇ ਹਨ, ਪਰ ਤੁਹਾਡੇ ਪੈਰ ਅਜੇ ਬੜੇ ਨਾਜ਼ੁਕ ਹਨ, ਇਨ੍ਹਾਂ ਨੂੰ ਸੱਟ ਲੱਗੀ ਹੋਵੇਗੀ, ਲਿਆਉ ਮੈਂ ਇਨ੍ਹਾਂ ਨੂੰ ਘੁੱਟ ਦਿੰਦਾ ਹਾਂ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਦਾਤੂ ਬੜਾ ਸ਼ਰਮਸ਼ਾਰ ਹੋਇਆ ਕਿ ਮੈਂ ਤਾਂ ਇਨ੍ਹਾਂ ਦੀ ਏਨੀ ਬੇਅਦਬੀ ਕੀਤੀ ਹੈ ਤੇ ਇਹ ਮੇਰੇ ਪੈਰ ਘੁੱਟ ਰਹੇ ਹਨ। ਸ਼ਰਮ ਦਾ ਮਾਰਿਆ ਉਹ ਆਪਣਾ ਮੂੰਹ ਉੱਪਰ ਨਾ ਚੁੱਕ ਸਕਿਆ ਤੇ ਚੁੱਪ-ਚਾਪ ਉੱਥੋਂ ਚਲਾ ਗਿਆ ਤੇ ਉਸ ਤੋਂ ਬਾਅਦ ਉਸ ਨੇ ਕਦੇ ਵੀ ਗੁਰੂ ਜੀ ਦਾ ਵਿਰੋਧ ਨਾ ਕੀਤਾ।

ਦਾਤੂ ਜੀ ਨੂੰ ਸ਼ਾਂਤ ਕਰਨ ਲਈ ਇਲਾਹੀ ਹੁਕਮ ਵਿੱਚ ਗੁਰੂ ਜੀ ਨੇ ਗੋਇੰਦਵਾਲ ਛੱਡ ਦਿੱਤਾ ਤੇ ਗੁਪਤ ਇਕਾਂਤ ਵਾਸ ਕਰਦੇ ਹੋਏ ਇੱਕ ਕਮਰੇ ਵਿੱਚ ਸਮਾਧੀ ਸਥਿਤ ਹੋ ਕੇ ਬੈਠ ਗਏ ਤੇ ਦਰਵਾਜ਼ੇ ਦੇ ਬਾਹਰ ਇਹ ਲਿਖ ਕੇ ਲਾ ਦਿੱਤਾ ਕਿ 'ਜੋ ਇਹ ਬੂਹਾ ਖੋਲ੍ਹੇਗਾ, ਉਹ ਸਾਡਾ ਸਿੱਖ ਨਹੀਂ'। ਜਦੋਂ ਗੁਰੂ ਜੀ ਦੇ ਦਰਸ਼ਨ ਨਾ ਹੋਏ ਤਾਂ ਸਾਰੀ ਸੰਗਤ ਵਿਆਕੁਲ ਹੋ ਗਈ ਤੇ ਉਨ੍ਹਾਂ ਨੇ ਬਾਬਾ ਬੁੱਢਾ ਜੀ ਕੋਲ ਜਾ ਬੇਨਤੀ ਕੀਤੀ ਕਿ ਤੁਸੀਂ ਮਹਾਨ ਆਤਮ-ਦਰਸ਼ੀ ਬ੍ਰਹਮ ਗਿਆਨੀ ਹੋ, ਗੁਰੂ ਜੀ ਦੇ ਬਚਨਾਂ ਅਨੁਸਾਰ ਗੁਰੂ ਜੋਤ ਤੁਹਾਡੇ ਤੋਂ ਕਦੇ ਓਲ੍ਹੇ ਨਹੀਂ ਹੋ ਸਕਦੀ, ਇਸ ਲਈ ਵਿਛੜੀ ਸੰਗਤ ਨੂੰ ਗੁਰੂ ਜੀ ਨਾਲ ਮਿਲਾ ਦਿਉ। ਸੰਗਤ ਦੀ ਬੇਨਤੀ ਪ੍ਰਵਾਨ ਕਰਦੇ ਹੋਇਆਂ ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਦੀ ਉਹ ਘੋੜੀ ਖੁੱਲ੍ਹੀ ਛੱਡ ਦਿੱਤੀ ਜਿਸ 'ਤੇ ਉਹ ਸਵਾਰੀ ਕਰਿਆ ਕਰਦੇ ਸਨ। ਉਹ ਘੋੜੀ ਸਿੱਧੀ ਉਸ ਕਮਰੇ ਅੱਗੇ ਜਾ ਖਲੋਤੀ ਜਿੱਥੇ ਗੁਰੂ ਜੀ ਸਮਾਧੀ ਸਥਿਤ ਬੈਠੇ ਸਨ। ਬੂਹੇ 'ਤੇ ਗੁਰੂ ਜੀ ਦਾ ਲਿਖਿਆ ਹੁਕਮ ਦੇਖ ਕੇ ਸਾਰੀ ਸੰਗਤ ਬੜੀ ਨਿਰਾਸ਼ ਹੋਈ। ਪਰ ਇਲਾਹੀ ਹੁਕਮ ਵਿੱਚ ਬਾਬਾ ਬੁੱਢਾ ਜੀ ਨੇ ਸੰਗਤ ਨੂੰ ਗੁਰੂ ਨਾਲ ਮੇਲਣ ਲਈ ਇੱਕ ਇਲਾਹੀ ਜੁਗਤੀ ਵਰਤੀ। ਉਨ੍ਹਾਂ ਨੇ ਕਮਰੇ ਦੀ ਪਿਛਲੀ ਕੰਧ ਨੂੰ ਸੰਨ੍ਹ ਲਾ ਲਈ ਤੇ ਕਮਰੇ ਅੰਦਰ ਜਾ ਕੇ ਗੁਰੂ ਜੀ ਦੇ ਚਰਨਾਂ 'ਤੇ ਜਾ ਮੱਥਾ ਟੇਕਿਆ ਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ ਜੀ ਸੰਗਤ ਤੁਹਾਡੇ ਦਰਸ਼ਨਾਂ ਲਈ ਵਿਆਕੁਲ ਹੋ ਰਹੀ ਹੈ, ਉਨ੍ਹਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ। ਇਵੇਂ ਬਾਬਾ ਬੁੱਢਾ ਜੀ ਨੇ ਗੁਰੂ ਹੁਕਮ ਦੀ ਉਲੰਘਣਾ ਵੀ ਨਾ ਕੀਤੀ ਤੇ ਗੁਰੂ ਜੀ ਨੂੰ ਪ੍ਰਗਟ ਕਰਨ ਦੀ ਜੁਗਤੀ ਵੀ ਲੱਭ ਲਈ। ਗੁਰੂ ਅਮਰਦਾਸ ਜੀ ਬਾਬਾ ਬੁੱਢਾ ਜੀ ਦੇ ਇਸ ਇਲਾਹੀ ਕਰਮ ਤੇ ਬੜੇ ਪ੍ਰਸੰਨ ਹੋਏ ਤੇ ਉਹ ਬਾਬਾ ਬੁੱਢਾ ਜੀ ਦੀ ਬੇਨਤੀ ਅਤੇ ਸੰਗਤ ਦਾ ਪਿਆਰ ਪ੍ਰਵਾਨ ਕਰਦੇ ਹੋਏ ਬੂਹਾ ਖੋਲ੍ਹ ਕੇ ਬਾਹਰ ਆ ਗਏ ਤੇ ਸਾਰੀ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਅਤੇ ਸੰਗਤ ਦੀ ਬੇਨਤੀ ਕਰਨ 'ਤੇ ਵਾਪਸ ਗੋਇੰਦਵਾਲ ਸਾਹਿਬ ਚਲੇ ਗਏ। ਇਸ ਜਗ੍ਹਾ 'ਤੇ ਹੁਣ ਗੁਰਦੁਆਰਾ ਸੰਨ੍ਹ ਸਾਹਿਬ ਸੁਸ਼ੋਭਿਤ ਹੈ।

**ਗੁਰੂ ਅਮਰਦਾਸ ਜੀ ਦੇ ਜੀਵਨ ਕਾਲ ਸਮੇਂ ਦੇ ਕਾਰਜ:-**

**੧. ਗੋਇੰਦਵਾਲ ਵਸਾਇਆ**- ਗੋਂਦੇ ਮਰਵਾਹੇ ਦੀ ਬੇਨਤੀ ਮੰਨ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਗੋਂਦੇ ਨਾਲ ਜਾ ਕੇ ਬਿਆਸ ਦੇ ਪਾਸ ਨਗਰੀ ਵਸਾਉਣ ਦੀ ਆਗਿਆ ਕੀਤੀ। ਗੁਰੂ ਅਮਰ ਦਾਸ ਜੀ ਨੇ ਨਗਰੀ ਵਸਾਈ ਅਤੇ ਉਸ ਦਾ ਨਾਂ ਗੋਇੰਦਵਾਲ ਰੱਖਿਆ।

**੨. ਬਾਉਲ਼ੀ ਸਾਹਿਬ**– ਗੁਰੂ ਸਾਹਿਬ ਨੇ ਗੋਇੰਦਵਾਲ ੮੪ ਪੌੜੀਆਂ ਵਾਲੀ ਇੱਕ ਬਹੁਤ ਵੱਡੀ ਬਾਉਲ਼ੀ ਬਣਵਾਈ ਜਿਸ ਵਿੱਚ ਬਿਨਾਂ ਕਿਸੇ ਮਜ਼੍ਹਬ ਜਾਤ-ਪਾਤ ਵਿਤਕਰੇ ਵੰਡ ਦੇ ਸਾਰੇ ਲੋਕ ਪਾਣੀ ਭਰ ਕੇ ਲਿਜਾਂਦੇ ਅਤੇ ਇਸ਼ਨਾਨ ਕਰਦੇ ਸਨ।

**੩. ਸੰਗਤ ਅਤੇ ਪੰਗਤ**– ਆਪ ਜੀ ਨੇ ਲੰਗਰ ਅਤੇ ਪੰਗਤ ਦੀ ਪਰੰਪਰਾ ’ਤੇ ਬਹੁਤ ਜ਼ੋਰ ਦਿੱਤਾ ਅਤੇ ਹੁਕਮ ਕੀਤਾ ਕਿ ਜਿਸ ਨੇ ਮੇਰੇ ਦਰਸ਼ਨ ਅਤੇ ਸੰਗਤ ਕਰਨੀ ਹੈ, ਉਹ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕੇ।

**੪. ਸਮਾਜ ਸੁਧਾਰ**– ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿੱਚ ਸਮਾਜ ਸੁਧਾਰ ’ਤੇ ਬਹੁਤ ਜ਼ੋਰ ਦਿੱਤਾ ਜਿਸ ਵਿੱਚ ਕਰਮ-ਕਾਂਡ, ਜਾਤ-ਪਾਤ, ਛੂਤ-ਛਾਤ, ਤੀਰਥ, ਵਰਤ, ਨੇਮ, ਮੜ੍ਹੀ, ਮਸਾਣਾਂ, ਤੇ ਕਬਰਾਂ ਦੀ ਪੂਜਾ ਤੋਂ ਲੁਕਾਈ ਨੂੰ ਹਟਾ ਕੇ ਇੱਕ ਅਕਾਲ ਪੁਰਖ ਦੇ ਸਿਮਰਨ ਨਾਲ ਜੋੜਿਆ।

**੫. ਜਾਤ-ਪਾਤ ਤੋੜ ਕੇ ਵਿਆਹ**– ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸਾਰੇ ਇਨਸਾਨ ਇੱਕ ਹਨ ਅਤੇ ਗ੍ਰਹਿਸਤ ਦੀ ਰਸਮ ਜਾਤ-ਪਾਤ ਅਤੇ ਗੋਤ ਨੂੰ ਦੇਖ ਕੇ ਨਹੀਂ ਕਰਨੀ ਚਾਹੀਦੀ, ਬਲਕਿ ਇਨਸਾਨ ਦੇ ਗੁਣ ਦੇਖ ਕੇ ਕਰਨੀ ਚਾਹੀਦੀ ਹੈ।

**੬. ਸਤੀ ਦੀ ਰਸਮ ਦਾ ਖੰਡਨ**– ਪੁਰਾਤਨ ਪਰੰਪਰਾ ਅਨੁਸਾਰ ਜਦੋਂ ਕਿਸੇ ਇਸਤਰੀ ਦਾ ਜਵਾਨ ਪਤੀ ਮਰ ਜਾਂਦਾ ਸੀ ਤਾਂ ਸਮਾਜ ਉਸ ਨੂੰ ਚਿਖਾ ’ਚ ਸੁੱਟ ਕੇ ਸਾੜ ਦਿੰਦਾ ਅਤੇ ਕਿਹਾ ਜਾਂਦਾ ਕਿ ਇਹ ਸਤੀ ਹੋ ਗਈ ਹੈ। ਗੁਰੂ ਜੀ ਨੇ ਉਪਦੇਸ਼ ਦੇ ਕੇ ਇਸ ਰਸਮ ਨੂੰ ਖ਼ਤਮ ਹੀ ਨਹੀਂ ਕੀਤਾ ਬਲਕਿ ਪਰਚਾਰ ਵੀ ਕੀਤਾ ਕਿ ਵਿਧਵਾ ਇਸਤਰੀ ਦਾ ਪੁਨਰ ਵਿਆਹ ਕਰਨਾ ਚਾਹੀਦਾ ਹੈ।

**੭. ਮੰਜੀਆਂ ਅਤੇ ਪੀੜ੍ਹੀਆਂ**– ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਅਤੇ ੫੨ ਪੀੜ੍ਹੀਆਂ ਥਾਪ ਕੇ ਧਰਮ ਪਰਚਾਰ ਦੇ ਕੇਂਦਰ ਕਾਇਮ ਕੀਤੇ ਅਤੇ ਗੁਰਸਿੱਖ ਮਰਦ ਤੇ ਇਸਤਰੀਆਂ ਨੂੰ ਸਿੱਖੀ ਦੇ ਪਰਚਾਰ ਲਈ ਇਨ੍ਹਾਂ ਦਾ ਮੋਢੀ ਥਾਪਿਆ।

**੮. ਚੱਕ ਰਾਮਦਾਸ ਸਥਾਪਿਤ ਕਰਨਾ**– ਗੁਰੂ ਅਮਰਦਾਸ ਜੀ ਨੇ ਭਾਈ ਜੇਠਾ (ਰਾਮਦਾਸ ਜੀ) ਅਤੇ ਬਾਬਾ ਬੁੱਢਾ ਜੀ ਨੂੰ ਇਸ ਜਗ੍ਹਾ ਨੂੰ ਵਸਾਉਣ ਲਈ ਕਿਹਾ ਅਤੇ ਆਪ ਜਾ ਕੇ ਸਰੋਵਰ ਸਥਾਪਿਤ ਕਰਨ ਲਈ ਮਿੱਟੀ ਕੱਢੀ।

**੯. ਘੁੰਢ ਪ੍ਰਥਾ ਦਾ ਅੰਤ**– ਗੁਰੂ ਸਾਹਿਬ ਜੀ ਨੇ ਇਸਤਰੀ ਨੂੰ ਮਰਦ ਦੇ ਬਰਾਬਰ ਦਾ ਦਰਜ਼ਾ ਦਿੰਦਿਆ ਹੋਇਆਂ ਹੁਕਮ ਕੀਤਾ ਸੀ ਕਿ ਕੋਈ ਸਿੱਖ ਇਸਤਰੀ ਘੁੰਢ ਨਾ ਕੱਢੇ। ਜਦੋਂ ਹਰੀਪੁਰ ਦਾ ਰਾਜਾ ਰਾਣੀਆਂ ਸਮੇਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਰਾਣੀਆਂ ਘੁੰਢ ਕੱਢ ਕੇ ਨਾ ਆਉਣ। ਗੁਰੂ ਜੀ ਨੇ ਕਿਹਾ ਘੁੰਢ ਕੱਢਣ ਨਾਲ ਮਨ ਵੱਸ ਵਿਚ ਨਹੀਂ ਆਉਂਦਾ ਸਗੋਂ ਵਿਸ਼ੇ ਵਿਕਾਰਾਂ ਵੱਲ ਅਕਰਸ਼ਿਤ ਹੁੰਦਾ ਹੈ। ਗੁਰੂ ਦਾ ਉਪਦੇਸ਼ ਕਮਾਉਣ ਨਾਲ ਹੀ ਮਨ ਵੱਸ ਵਿੱਚ ਆਉਂਦਾ ਹੈ।

**ਜੋਤੀ-ਜੋਤਿ ਸਮਾਉਣਾ**– ੧ ਸਤੰਬਰ ਸੰਨ ੧੫੭੪ ਨੂੰ, ਗੁਰੂ ਅਮਰਦਾਸ ਜੀ ਨੇ ਭਾਈ ਰਾਮਦਾਸ ਜੀ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ, ਪੰਜ ਪਰਕਰਮਾਂ ਕੀਤੀਆਂ, ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਇਸ ਤੋਂ ਬਾਅਦ ਆਪ ਜੀ ਜੋਤੀ ਜੋਤ ਸਮਾ ਗਏ।

## ਗੁਰੂ ਰਾਮਦਾਸ ਜੀ

ਗੁਰੂ ਰਾਮ ਦਾਸ ਜੀ ਦਾ ਜਨਮ ੨੪ ਸਤੰਬਰ ਸੰਨ ੧੫੩੪ ਨੂੰ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ, ਮਾਤਾ ਦਇਆ ਕੌਰ ਜੀ ਦੀ ਕੁੱਖ ਤੋਂ ਚੂਨਾ ਮੰਡੀ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਮਾਪਿਆਂ ਦੇ ਵੱਡੇ ਸਪੁੱਤਰ ਹੋਣ ਕਰਕੇ ਸਾਰੇ ਆਪ ਜੀ ਨੂੰ ਜੇਠਾ ਜੀ ਕਹਿਣ ਲੱਗ ਪਏ। ਆਪ ਜੀ ਸੱਤ ਸਾਲ ਦੀ ਉਮਰ ਵਿੱਚ ਹੀ ਯਤੀਮ ਹੋ ਗਏ ਅਤੇ ਆਪ ਜੀ ਦੀ ਨਾਨੀ ਆਪ ਜੀ ਨੂੰ ਪਿੰਡ ਬਾਸਰਕੇ ਲੈ ਗਈ। ਆਪ ਜੀ ਛੋਟੀ ਉਮਰ ਤੋਂ ਹੀ ਦਸਾਂ ਨੌਹਾਂ ਦੀ ਕਿਰਤ ਕਰਦੇ ਅਥਵਾ ਘੁੰਗਣੀਆਂ ਵੇਚ ਕੇ ਘਰ ਦਾ ਨਿਰਬਾਹ ਕਰਦੇ।

ਸੰਗਤ ਜਦੋਂ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਗਈ ਤਾਂ ਆਪ ਜੀ ਵੀ ਨਾਲ ਗਏ ਅਤੇ ਉੱਥੇ ਹੀ ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਰਹਿ ਗਏ। ਆਪ ਜੀ ਨੇ ਗੁਰੂ-ਘਰ ਦੀ ਅਟੁੱਟ ਸੇਵਾ ਕੀਤੀ।

**ਵਿਆਹ** – ਇੱਕ ਦਿਨ ਗੁਰੂ ਅਮਰਦਾਸ ਜੀ ਦੇ ਮਹਿਲ ਮਾਤਾ ਮਨਸਾ ਦੇਵੀ ਜੀ ਨੇ ਕਿਹਾ ਕਿ ਸਾਡੀ ਪੁੱਤਰੀ ਭਾਨੀ ਜਵਾਨ ਹੋ ਗਈ ਹੈ ਇਸ ਦਾ ਵਰ ਇਹੋ ਜਿਹਾ ਹੋਵੇ ਜਿਸ ਤਰ੍ਹਾਂ ਭਾਈ ਜੇਠਾ ਜੀ ਹਨ। ਗੁਰੂ ਅਮਰਦਾਸ ਜੀ ਨੇ ਫ਼ਰਮਾਇਆ, ਕਿ ਭਾਈ ਜੇਠਾ ਜੀ ਵਰਗਾ ਸ੍ਰਿਸ਼ਟੀ ਵਿੱਚ ਹੋਰ ਕੋਈ ਨਹੀਂ ਅਤੇ ਕੁਝ ਚਿਰ ਮਗਰੋਂ ਹੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਮਾਤਾ ਭਾਨੀ ਜੀ ਦੀ ਕੁੱਖੋਂ ਪ੍ਰਿਥੀ ਚੰਦ, ਮਹਾਂ ਦੇਵ ਅਤੇ ਅਰਜਨ ਦੇਵ ਜੀ ਨੇ ਜਨਮ ਲਿਆ।

**ਗੁਰੂ ਸੇਵਾ** – ਵਿਆਹ ਉਪਰੰਤ ਗੁਰੂ ਅਮਰਦਾਸ ਜੀ ਨੇ ਰਾਮਦਾਸ ਜੀ ਨੂੰ ਆਪਣੇ ਪਾਸ ਹੀ ਰੱਖ ਲਿਆ। ਰਾਮਦਾਸ ਜੀ ਤਨ-ਮਨ ਨਾਲ ਸਾਧ ਸੰਗਤ ਦੀ ਸੇਵਾ ਕਰਨ ਲੱਗ ਪਏ। ਰਾਮਦਾਸ ਜੀ ਨੇ ਜਵਾਈ ਬਣ ਕੇ ਸੇਵਾ ਨਹੀਂ ਕੀਤੀ ਬਲਕਿ ਇੱਕ ਸਿੱਖ ਸੇਵਕ ਬਣ ਕੇ ਬਚਨ ਕਮਾ ਕੇ ਗੁਰੂ ਅਮਰਦਾਸ ਜੀ 'ਤੇ ਆਪਾ ਵਾਰ ਦਿੱਤਾ। ਆਪ ਜੀ ਨੇ ਛੇਤੀ ਹੀ ਸਿੱਖੀ ਆਸ਼ੇ ਨੂੰ ਪੂਰੀ ਤਰ੍ਹਾਂ ਸਮਝ ਕੇ ਆਪਣਾ ਜੀਵਨ ਸਿੱਖੀ ਦੇ ਸਾਂਚੇ ਵਿੱਚ ਢਾਲ ਲਿਆ। ਬਾਉਲ਼ੀ ਸਾਹਿਬ ਦੀ ਕਾਰ ਸਮੇਂ ਆਪ ਵੱਡੇ ਪ੍ਰਬੰਧਕਾਂ ਵਿਚੋਂ ਮੁਖੀ ਸਨ।

**ਪਰੀਖਿਆ** – ਗੁਰੂ ਸਾਹਿਬ ਤਾਂ ਜਾਣਦੇ ਸਨ ਕਿ ਭਾਈ ਰਾਮ ਦਾਸ ਜੀ ਹੀ ਗੁਰਗੱਦੀ ਪੂਰੀ ਤਰ੍ਹਾਂ ਸੰਭਾਲ ਸਕਦੇ ਹਨ, ਪਰ ਆਪ ਜੀ ਨੇ ਲੁਕਾਈ ਨੂੰ ਦੱਸਣਾ ਸੀ ਕਿ ਪੁੱਤਰਾਂ, ਜਵਾਈ ਅਤੇ ਹੋਰ ਗੁਰਸਿੱਖਾਂ ਨੇ ਕੌਲ ਪੂਰੀ ਤਰ੍ਹਾਂ ਨਹੀਂ ਪਾਲਿਆ। ਪੁੱਤਰਾਂ ਤੋਂ ਬਾਅਦ ਦੋਨੋਂ ਜਵਾਈ ਗੁਰਗੱਦੀ ਲਈ ਵੱਡੇ ਹੱਕਦਾਰ ਸਮਝੇ ਜਾ ਰਹੇ ਸਨ। ਇੱਕ ਵੇਰ ਗੁਰੂ ਜੀ ਨੇ ਆਪਣੇ ਦੋਹਾਂ ਜਵਾਈਆਂ ਨੂੰ ਥੜ੍ਹੇ ਬਣਾਉਣ ਦਾ ਹੁਕਮ ਦਿੱਤਾ। ਦੋਹਾਂ ਨੇ ਥੜ੍ਹੇ ਬਣਾਏ। ਸ਼ਾਮ ਨੂੰ ਗੁਰੂ ਜੀ ਨੇ ਵੇਖ ਕੇ ਕਹਿ ਦਿੱਤਾ "ਇਹ ਠੀਕ ਨਹੀਂ, ਢਾਹ ਕੇ ਫਿਰ ਬਣਾਓ।" ਜਦੋਂ ਫਿਰ ਬਣਾਏ ਗਏ ਤਾਂ ਗੁਰੂ ਜੀ ਨੇ ਫਿਰ ਢੁਆ ਦਿੱਤੇ। ਤੀਜੀ ਵਾਰ ਫਿਰ ਢਾਹੁਣ ਦਾ ਹੁਕਮ ਦਿੱਤਾ ਤਾਂ ਗੁਰੂ ਸਾਹਿਬ ਜੀ ਦੇ ਵੱਡੇ ਜਵਾਈ ਭਾਈ ਰਾਮਾ ਜੀ ਨੇ ਕਿਹਾ, "ਜੀ ਮੈਥੋਂ ਇਸ ਤੋਂ ਚੰਗਾ ਥੜ੍ਹਾ ਨਹੀਂ ਬਣ ਸਕਦਾ।" ਪਰ ਰਾਮਦਾਸ ਜੀ ਥੜ੍ਹਾ ਢਾਹ ਕੇ ਫਿਰ ਬਣਾਉਣ ਲੱਗ ਪਏ। ਇਸ ਤਰ੍ਹਾਂ ਗੁਰੂ ਜੀ ਦੇ ਬਚਨ ਮੰਨ ਕੇ ਸੱਤ ਵਾਰੀ ਥੜ੍ਹਾ ਬਣਾਇਆ, ਗੁਰੂ ਜੀ ਦੀ ਬਖਸ਼ਸ਼ ਲਈ ਅਤੇ ਹੁਕਮ ਮੰਨਣ ਦੀ ਪਰੀਖਿਆ ਵਿੱਚ ਸਫ਼ਲ ਰਹੇ।

**ਗੁਰਗੱਦੀ** – ੧ ਸਤੰਬਰ ਸੰਨ ੧੫੭੪ ਈ: ਨੂੰ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਆਪ ਜੀ ਨੂੰ ਗੁਰੂ ਅਮਰਦਾਸ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਕੀਤਾ ਅਤੇ ਆਪ ਜੀ ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਜੀ ਪ੍ਰਗਟ ਹੋਏ।

**ਨਿਮਰਤਾ ਅਤੇ ਗ਼ਰੀਬੀ ਦੇ ਪੁੰਜ** – ਆਪ ਜੀ ਨਿਮਰਤਾ ਅਤੇ ਗ਼ਰੀਬੀ ਦੇ ਪੁੰਜ ਸਨ। ਇੱਕ ਵਾਰ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਅੰਮ੍ਰਿਤਸਰ ਦਰਸ਼ਨਾਂ ਨੂੰ ਆਏ ਤਾਂ ਹੱਸ ਕੇ ਕਹਿਣ ਲੱਗੇ ਕਿ ਐਨੀ ਵੱਡੀ ਦਾੜ੍ਹੀ ਕਿਉਂ ਵਧਾਈ ਹੋਈ ਹੈ। ਗੁਰੂ ਰਾਮਦਾਸ ਜੀ ਨੇ ਬੜੀ ਹਲੀਮੀ ਨਾਲ ਹੱਥ ਜੋੜ ਕੇ ਬਿਨੈ ਕੀਤੀ ਕਿ ਆਪ ਜੈਸੇ ਮਹਾਂਪੁਰਸ਼ਾਂ ਦੇ ਚਰਨਾਂ ਦੀ ਧੂੜ ਸਾਫ਼ ਕਰਨ ਲਈ। ਬਾਬਾ ਸ੍ਰੀ ਚੰਦ ਜੀ ਨੇ ਹਉਕਾ ਲੈਂਦੇ ਹੋਏ ਆਪਣੇ ਮੁਖਾਰਬਿੰਦ ਤੋਂ ਸਹਿਜ ਸੁਭਾਅ ਹੀ ਇਹ ਬਚਨ ਉਚਾਰੇ ਕਿ ਇਸੇ ਗ਼ਰੀਬੀ ਅਤੇ ਹੁਕਮ ਮੰਨਣ ਕਾਰਨ ਹੀ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਗੱਦੀ ਤੁਸੀਂ ਸਾਰਿਆਂ ਨੇ ਸਾਡੇ ਤੋਂ ਲੈ ਲਈ ਹੈ।

**ਗੁਰੂ ਕਾ ਚੱਕ** – ਆਪ ਜੀ ਨੇ ਸੰਨ ੧੫੭੪ ਵਿੱਚ ਇੱਕ ਨਗਰ ਦੀ ਨੀਂਹ ਰੱਖੀ ਜਿਸ ਦਾ ਨਾਂ ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਚੱਕ ਰਾਮਦਾਸ ਜਾਂ ਰਾਮਦਾਸਪੁਰ ਰੱਖਿਆ। ਉਸੇ ਸਾਲ ਆਪ ਜੀ ਨੇ ਦੁੱਖ ਭੰਜਨੀ ਬੇਰੀ ਦੇ ਪਾਸ ਇੱਕ ਤਾਲ ਵੀ ਖੁਦਵਾਇਆ, ਜਿਸ ਨੂੰ ਮਗਰੋਂ ਗੁਰੂ ਅਰਜਨ ਦੇਵ ਜੀ ਨੇ ਪੂਰਾ ਕਰਾਇਆ।

**ਮਸੰਦ ਪ੍ਰਥਾ ਦਾ ਆਰੰਭ** – ਗੁਰੂ ਰਾਮਦਾਸ ਜੀ ਨੇ ਕੁਝ ਗੁਰਸਿੱਖਾਂ ਨੂੰ ਪ੍ਰਚਾਰ ਕਰਨ ਦਾ ਅਖਤਿਆਰ ਦਿੱਤਾ ਤੇ ਉਨ੍ਹਾਂ ਨੂੰ ਹੀ ਸੰਗਤਾਂ ਦੀ ਮਾਇਆ ਤੇ ਹੋਰ ਭੇਟਾਵਾਂ ਗੁਰੂ ਘਰ ਵਿੱਚ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਦਿੱਤੀ, ਉਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਸੀ। ਉਸ ਸਮੇਂ ਉਨ੍ਹਾਂ ਸਭ ਗੁਰਸਿੱਖਾਂ ਦਾ ਜੀਵਨ ਬੜਾ ਉੱਚਾ-ਸੁੱਚਾ ਸੀ ਤੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਤਾਂ ਦਾ ਪ੍ਰਚਾਰ ਕਰਕੇ ਸਿੱਖੀ ਵਿੱਚ ਬਹੁਤ ਵਾਧਾ ਕੀਤਾ।

**ਜੋਤੀ ਜੋਤ ਸਮਾਉਣਾ** – ੧ ਸਤੰਬਰ ਸੰਨ ੧੫੮੧ ਈ: ਨੂੰ ਅਰਜਨ ਦੇਵ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਪੰਜ ਪਰਕਰਮਾਂ ਕਰਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾਇਆ ਤੇ ਪੰਜਵਾਂ ਗੁਰੂ ਨਾਨਕ ਥਾਪਿਆ। ਕੁਝ ਸਮੇਂ ਬਾਅਦ ਗੁਰੂ ਰਾਮਦਾਸ ਜੀ ਮਹਾਰਾਜ ਜੋਤੀ ਜੋਤ ਸਮਾ ਗਏ।

## ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦੇਵ ਜੀ ਦਾ ਜਨਮ ੧੫ ਅਪਰੈਲ ਸੰਨ ੧੫੬੩ ਈ. ਨੂੰ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ, ਗੋਇੰਦਵਾਲ (ਅੰਮ੍ਰਿਤਸਰ) ਵਿਖੇ ਹੋਇਆ।

**ਬਚਪਨ** – ਬਚਪਨ ਤੋਂ ਹੀ ਆਪ ਜੀ ਇਲਾਹੀ ਕੌਤਕ ਖੇਡਦੇ ਰਹੇ। ਇੱਕ ਦਿਨ ਆਪ ਜੀ ਰਿੜ੍ਹਦੇ-ਰਿੜ੍ਹਦੇ ਗੁਰੂ ਅਮਰਦਾਸ ਜੀ ਦੇ ਅਰਾਮ ਕਰਨ ਵਾਲੇ ਪਲੰਘ 'ਤੇ ਚੜ੍ਹਨ ਲੱਗੇ ਤਾਂ ਗੁਰੂ ਜੀ ਨੇ ਪੁੱਛਿਆ "ਕੌਣ ਹੈ?" ਤਾਂ ਮਾਤਾ ਭਾਨੀ ਜੀ ਨੇ ਜਵਾਬ ਦਿੱਤਾ "ਆਪ ਜੀ ਦਾ ਦੋਹਤਾ ਹੈ।" ਇਸ 'ਤੇ ਗੁਰੂ ਜੀ ਨੇ ਸਹਿਜ ਸੁਭਾਏ ਫ਼ਰਮਾਇਆ "ਦੋਹਤਾ ਬਾਣੀ ਕਾ ਬੋਹਿਥਾ" ਅਤੇ ਨਾਲ ਫ਼ਰਮਾਇਆ "ਬੱਚਾ! ਅਜੇ ਉਹ ਸਮਾਂ ਨਹੀਂ ਆਇਆ।"

**ਵਿਆਹ** - ਆਪ ਜੀ ਦਾ ਅਨੰਦ ਕਾਰਜ ਮਾਤਾ ਗੰਗਾ ਜੀ ਨਾਲ ਮਉ (ਮੁ) ਪਿੰਡ, ਤਹਿਸੀਲ ਫਿਲੌਰ ਵਿਖੇ ਹੋਇਆ। ਆਪ ਜੀ ਦੇ ਇਕਲੌਤੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਸਨ।

**ਪ੍ਰੀਖਿਆ** - ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਦਾ ਸੀ। ਉਹਨਾਂ ਦੀ ਸਾਰੀ ਬਰਾਦਰੀ ਉੱਥੇ ਹੀ ਵੱਸੀ ਹੋਈ ਸੀ। ਸਿਹਾਰੀ ਮੱਲ ਨਾਂ ਦਾ ਉਹਨਾਂ ਦੇ ਤਾਏ ਦਾ ਇੱਕ ਪੁੱਤਰ ਸੀ। ਉਸ ਦੇ ਪੁੱਤਰ ਦਾ ਵਿਆਹ ਸੀ। ਉਸ ਨੇ ਅੰਮ੍ਰਿਤਸਰ ਗੁਰੂ ਦਰਬਾਰ ਵਿੱਚ ਹਾਜ਼ਰ ਹੋ ਕੇ ਬੜੇ ਪ੍ਰੇਮ ਤੇ ਸ਼ਰਧਾ ਨਾਲ ਗੁਰੂ ਜੀ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਜੀ ਨੇ ਇਲਾਹੀ ਗੁਰਗੱਦੀ ਦੀਆਂ ਭਾਰੀ-ਜ਼ਿੰਮੇਵਾਰੀਆਂ ਹੋਣ ਕਰਕੇ ਨਾ ਜਾ ਸਕਣ ਦੀ ਗੱਲ ਕਹੀ ਤਾਂ ਭਾਈ ਸਿਹਾਰੀ ਮੱਲ ਜੀ ਨੇ ਕਿਹਾ, "ਜੇ ਤੁਸੀਂ ਆਪ ਨਹੀਂ ਜਾ ਸਕਦੇ ਤਾਂ ਆਪਣੇ ਕਿਸੇ ਸਾਹਿਬਜ਼ਾਦੇ ਨੂੰ ਹੀ ਘੱਲ ਦਿਉ।" ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਬੁਲਾ ਕੇ ਤਾਇਆ ਜੀ ਨਾਲ ਲਾਹੌਰ ਜਾਣ ਲਈ ਕਿਹਾ। ਪਰ ਪ੍ਰਿਥੀ ਚੰਦ ਜਵਾਬ ਦਿੰਦਾ ਹੋਇਆ ਕਹਿਣ ਲੱਗਾ ਕਿ ਪਿਤਾ ਜੀ ਮੈਂ ਗੁਰੂ-ਦਰਬਾਰ ਦੀ ਸੇਵਾ ਦਾ ਕੰਮ ਛੱਡ ਕੇ ਕਿਤੇ ਨਹੀਂ ਜਾਵਾਂਗਾ। ਅਸਲ ਵਿੱਚ ਉਸ ਨੂੰ ਅੰਦਰੋਂ ਡਰ ਸੀ ਕਿ ਕਿਤੇ ਪਿਤਾ ਜੀ ਮੇਰੇ ਜਾਣ ਮਗਰੋਂ ਗੁਰੂ-ਘਰ ਦੀ ਸਾਰੀ ਜ਼ਿੰਮੇਵਾਰੀ ਤੇ ਗੁਰਗੱਦੀ (ਗੁਰੂ) ਅਰਜਨ ਦੇਵ ਜੀ ਨੂੰ ਹੀ ਨਾ ਦੇ ਦੇਣ। ਗੁਰੂ ਸਾਹਿਬ ਜੀ ਇਹ ਸਭ ਪਰਖ ਕਰਨ ਲਈ ਹੀ ਕਰ ਰਹੇ ਸਨ। ਪ੍ਰਿਥੀ ਚੰਦ ਵੱਲੋਂ ਨਾਂਹ ਕਰਨ 'ਤੇ ਗੁਰੂ ਜੀ ਨੇ ਆਪਣੇ ਦੂਜੇ ਪੁੱਤਰ ਮਹਾਂਦੇਵ ਜੀ ਨੂੰ ਬੁਲਾਇਆ ਤੇ ਲਾਹੌਰ ਜਾਣ ਲਈ ਕਿਹਾ। ਪਰ ਮਹਾਂਦੇਵ ਨੇ ਵੀ ਆਪਣੇ ਮਸਤ ਸੁਭਾਅ ਅਨੁਸਾਰ ਜਵਾਬ ਦੇ ਦਿੱਤਾ ਕਿ ਮੇਰਾ ਸੰਸਾਰੀ ਕੰਮਾਂ-ਕਾਰਾਂ ਨਾਲ ਕੋਈ ਵਾਸਤਾ ਨਹੀਂ, ਇਸ ਲਈ ਮੈਂ ਨਹੀਂ ਜਾ ਸਕਦਾ। ਇਸ ਤਰ੍ਹਾਂ ਜਦੋਂ ਮਹਾਂਦੇਵ ਨੇ ਵੀ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਫਿਰ ਗੁਰੂ ਜੀ ਨੇ ਆਪਣੇ ਤੀਜੇ ਸੁਪੁੱਤਰ ਸ੍ਰੀ ਅਰਜਨ ਦੇਵ ਜੀ ਨੂੰ ਬੁਲਾਇਆ ਤੇ ਕਿਹਾ, "ਪੁੱਤਰ ਜੀ! ਤਾਇਆ ਜੀ ਨਾਲ ਲਾਹੌਰ ਜਾ ਕੇ ਵਿਆਹ ਵਿੱਚ ਸ਼ਾਮਲ ਹੋਵੋ ਤੇ ਸੰਗਤ ਨੂੰ ਗੁਰ ਉਪਦੇਸ਼ ਦੇ ਕੇ ਪ੍ਰਭੂ ਨਾਲ ਜੋੜੋ ਤੇ ਜਦੋਂ ਅਸੀਂ ਵਾਪਸ ਬੁਲਾਈਏ, ਉਦੋਂ ਹੀ ਆਉਣਾ।" ਸ੍ਰੀ ਅਰਜਨ ਦੇਵ ਜੀ ਨੇ ਗੁਰੂ-ਪਿਤਾ ਜੀ ਦਾ ਇਹ ਹੁਕਮ ਸੁਣ ਕੇ ਆਪਣੇ ਵੱਡੇ ਭਾਗ ਸਮਝੇ ਅਤੇ 'ਸਤਿ ਬਚਨ' ਕਹਿ ਕੇ ਸਿਰ ਨਿਵਾਇਆ।

ਲਾਹੌਰ ਪਹੁੰਚ ਕੇ ਵਿਆਹ ਵਿੱਚ ਸ਼ਾਮਲ ਹੋਏ। ਸਾਰੀਆਂ ਜ਼ਿੰਮੇਵਾਰੀਆਂ ਬੜੀ ਖੂਬੀ ਨਾਲ ਨਿਭਾਈਆਂ ਤੇ ਵਿਆਹ ਦੀ ਸਮਾਪਤੀ ਮਗਰੋਂ ਗੁਰੂ-ਪਿਤਾ ਜੀ ਦੇ ਹੁਕਮ ਅਨੁਸਾਰ ਧਰਮਸ਼ਾਲਾ ਵਿੱਚ ਜਾ ਬਿਰਾਜੇ। ਉੱਥੇ ਸ੍ਰੀ ਅਰਜਨ ਦੇਵ ਜੀ ਸਵੇਰੇ-ਸ਼ਾਮ ਦੀਵਾਨ ਸਜਾਉਂਦੇ ਤੇ ਕਥਾ-ਕੀਰਤਨ ਰਾਹੀਂ ਸੰਗਤਾਂ ਵਿੱਚ ਗੁਰਬਾਣੀ ਦਾ ਪ੍ਰਚਾਰ ਕਰਦੇ ਅਤੇ ਅਧਿਆਤਮਿਕ ਘੁੰਡੀਆਂ ਸਮਝਾਉਂਦੇ। ਜਦੋਂ ਲਾਹੌਰ ਤੋਂ ਸ੍ਰੀ ਅਰਜਨ ਦੇਵ ਜੀ ਨੂੰ ਕਾਫੀ ਸਮੇਂ ਤੱਕ ਗੁਰੂ ਜੀ ਨੇ ਅੰਮ੍ਰਿਤਸਰ ਨਾ ਬੁਲਾਇਆ ਤਾਂ ਉਹ ਗੁਰ-ਦਰਸ਼ਨਾਂ ਲਈ ਏਨੇ ਬਿਹਬਲ ਹੋ ਗਏ ਕਿ ਉਹਨਾਂ ਨੇ ਇਲਾਹੀ ਰੰਗ ਵਿੱਚ ਵੈਰਾਗ ਭਰੀ ਇਕ ਚਿੱਠੀ ਲਿਖ ਕੇ ਪਿਤਾ-ਗੁਰੂ ਰਾਮਦਾਸ ਜੀ ਵੱਲ ਭੇਜੀ। ਪ੍ਰਿਥੀ ਚੰਦ ਨੂੰ ਇਸ ਚਿੱਠੀ ਦੀ ਸੂਹ ਮਿਲ ਗਈ। ਉਹ ਇਹ ਚਿੱਠੀ ਗੁਰੂ ਜੀ ਕੋਲ ਪਹੁੰਚਣ ਨਹੀਂ ਸੀ ਦੇਣਾ ਚਾਹੁੰਦਾ। ਉਸ ਨੇ ਚਿੱਠੀ ਲੈ ਕੇ ਆਏ ਸਿੱਖ ਨੂੰ ਕਿਹਾ, "ਤੂੰ ਇਹ ਚਿੱਠੀ ਮੈਨੂੰ ਦੇ ਦੇਹ, ਮੈਂ ਇਹ ਗੁਰੂ ਸਾਹਿਬ ਜੀ ਤੱਕ ਪਹੁੰਚਾ ਦੇਵਾਂਗਾ।" ਉਸ ਸਿੱਖ ਨੇ ਪ੍ਰਿਥੀਏ 'ਤੇ ਭਰੋਸਾ ਕਰਕੇ ਚਿੱਠੀ ਉਸ ਨੂੰ ਦੇ ਦਿੱਤੀ ਤੇ ਲਾਹੌਰ ਵਾਪਸ ਚਲਾ ਗਿਆ ਅਤੇ ਆ ਕੇ ਸਾਰੀ ਗੱਲ ਸ੍ਰੀ ਅਰਜਨ ਦੇਵ ਜੀ ਨੂੰ ਦੱਸ ਦਿੱਤੀ। ਪ੍ਰਿਥੀਏ ਨੇ ਉਹ ਚਿੱਠੀ ਗੁਰੂ ਜੀ ਨੂੰ ਨਾ ਦਿੱਤੀ। ਜਦੋਂ ਗੁਰੂ-ਪਿਤਾ ਜੀ ਦਾ ਕੋਈ ਬੁਲਾਵਾ ਨਾ ਆਇਆ ਤਾਂ ਸ੍ਰੀ ਅਰਜਨ ਦੇਵ ਜੀ ਨੇ ਦੂਸਰੀ ਚਿੱਠੀ ਲਿਖ ਕੇ ਫਿਰ ਸਿੱਖ ਦੇ ਹੱਥ ਭੇਜੀ। ਪਰ ਉਹ ਵੀ ਪ੍ਰਿਥੀਏ ਨੇ ਆਪਣੇ ਕਾਬੂ ਕਰ ਲਈ ਤੇ ਗੁਰੂ ਜੀ ਤੱਕ ਪਹੁੰਚਣ ਨਾ ਦਿੱਤੀ। ਗੁਰੂ-ਪਿਤਾ ਜੀ ਵੱਲੋਂ ਫਿਰ ਕੋਈ ਬੁਲਾਵਾ ਨਾ ਆਉਣ 'ਤੇ ਸ੍ਰੀ ਅਰਜਨ ਦੇਵ ਜੀ ਦੇ ਮਨ ਵਿੱਚ ਸ਼ੰਕਾ ਪੈਦਾ ਹੋਇਆ ਤੇ ਜਦੋਂ ਉਹਨਾਂ ਨੇ ਤੀਸਰੀ ਚਿੱਠੀ ਭੇਜੀ ਤਾਂ ਸਿੱਖ ਨੂੰ ਕਿਹਾ ਕਿ ਇਹ ਕਿਸੇ ਹੋਰ ਦੇ ਹੱਥ ਨਾ ਦੇਣੀ, ਸਿੱਧੀ ਗੁਰੂ-ਪਿਤਾ ਜੀ ਦੇ ਚਰਨਾਂ ਵਿੱਚ ਭੇਟ ਕਰ ਦੇਣੀ। ਸਿੱਖ ਨੇ ਉਵੇਂ ਹੀ ਕੀਤਾ। ਚਿੱਠੀ ਪ੍ਰਿਥੀਏ ਤੋਂ ਬਚਾ ਕੇ ਗੁਰੂ ਜੀ ਨੂੰ ਜਾ ਅਰਪਣ ਕੀਤੀ। ਗੁਰੂ ਸਾਹਿਬ ਨੇ ਜਦੋਂ ਉਹ ਚਿੱਠੀ ਪੜੀ ਤਾਂ ਲਿਖਿਆ ਸੀ :

> **ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥**
> **ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੬)

ਇਹ ਤੀਸਰੀ ਚਿੱਠੀ ਹੋਣ ਕਰਕੇ ਸ੍ਰੀ ਅਰਜਨ ਦੇਵ ਜੀ ਵੱਲੋਂ ਭੇਜੀ ਗਈ ਬਿਰਹਾ ਅਤੇ ਬੇਨਤੀ ਰੂਪੀ ਅਰਦਾਸ ਦਾ ਤੀਸਰਾ ਪਦ ਸੀ। ਗੁਰੂ ਜੀ ਨੇ ਪੁੱਛਿਆ ਕਿ ਪਹਿਲੀਆਂ ਦੋ ਚਿੱਠੀਆਂ ਕਿੱਥੇ ਹਨ? ਸਿੱਖ ਨੇ ਦੱਸਿਆ ਕਿ ਉਹ ਪ੍ਰਿਥੀ ਚੰਦ ਨੇ ਲੈ ਲਈਆਂ ਸਨ। ਜਦੋਂ ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਬੁਲਾ ਕੇ ਚਿੱਠੀਆਂ ਬਾਰੇ ਪੁੱਛਿਆ ਤਾਂ ਉਹ ਮੁੱਕਰ ਗਿਆ। ਗੁਰੂ ਸਾਹਿਬ ਜੀ ਨੇ ਇੱਕ ਸਿੱਖ ਦੁਆਰਾ

ਉਹ ਚਿੱਠੀਆਂ ਪ੍ਰਿਥੀ ਚੰਦ ਦੇ ਘਰੋਂ ਉਸ ਦੇ ਖਾਸ ਟਰੰਕ ਵਿੱਚੋਂ ਕਢਵਾ ਲਿਆਦੀਆਂ। ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਤਾੜਿਆ ਤਾਂ ਉਹ ਟਾਲ-ਮਟੋਲ ਕਰਦਾ ਹੋਇਆ ਆਖਣ ਲੱਗਾ ਕਿ ਮੈਨੂੰ ਖ਼ਿਆਲ ਭੁੱਲ ਗਿਆ ਸੀ ਤੇ ਹੋਰ ਕਈ ਬਹਾਨੇ ਲਾ ਦਿੱਤੇ। ਫਿਰ ਗੁਰੂ ਰਾਮਦਾਸ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਤੁਰੰਤ ਅੰਮ੍ਰਿਤਸਰ ਬੁਲਾਇਆ। ਸ੍ਰੀ ਅਰਜਨ ਦੇਵ ਜੀ ਨੇ ਬੜੇ ਵੈਰਾਗ ਤੇ ਸ਼ਰਧਾ ਨਾਲ ਗੁਰੂ ਜੀ ਦੇ ਚਰਨ ਪਰਸੇ ਤੇ ਅੱਖਾਂ ਦੇ ਨੀਰ ਨਾਲ ਉਹਨਾਂ ਦੇ ਚਰਨ ਧੋ ਦਿੱਤੇ। ਗੁਰੂ ਸਾਹਿਬ ਜੀ ਨੇ ਉਠਾ ਕੇ ਗਲੇ ਨਾਲ ਲਾ ਕੇ ਥਾਪੀ ਦਿੱਤੀ।

ਇਹ ਇਲਾਹੀ ਅਵਸਥਾ ਦੇਖ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਪਰਤੱਖ ਰੂਪ ਵਿੱਚ ਦੇਖ ਲਿਆ ਅਤੇ ਸਭ ਸੰਗਤ ਦੇ ਸਾਹਮਣੇ ਵੀ ਪ੍ਰਗਟ ਕਰ ਦਿੱਤਾ ਕਿ ਸ੍ਰੀ ਅਰਜਨ ਦੇਵ ਜੀ ਹੀ ਪੰਜਵੀਂ-ਜੋਤ ਬਣ ਕੇ ਸਿੱਖੀ ਦੀ ਚੜ੍ਹਦੀ ਕਲਾ ਲਈ ਸਾਰੇ ਕਸ਼ਟ ਉਠਾ ਸਕਦੇ ਹਨ। ਹਰ ਤਰ੍ਹਾਂ ਦਾ ਤਿਆਗ ਕਰ ਸਕਦੇ ਹਨ ਤੇ ਲੋੜ ਪੈਣ 'ਤੇ ਸਰਬਤ ਦੇ ਭਲੇ ਲਈ ਆਪਣਾ ਬਲੀਦਾਨ ਵੀ ਦੇ ਸਕਦੇ ਹਨ। ਪਰਖ ਦੀ ਇਸ ਕਸਵੱਟੀ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਗੁਰਗੱਦੀ 'ਤੇ ਬਿਠਾਇਆ। ਪੰਜ ਪ੍ਰਕਰਮਾ ਕਰਕੇ ਤੇ ਪੰਜ ਪੈਸੇ ਰੱਖ ਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਕੋਲੋਂ ਗੁਰਿਆਈ ਦਾ ਤਿਲਕ ਲਗਵਾਇਆ ਤੇ ਪੰਜਵੇ ਗੁਰੂ ਦੇ ਰੂਪ ਵਿੱਚ ਸਥਾਪਿਤ ਕੀਤਾ ਅਤੇ ਕਿਹਾ, "ਪੁੱਤਰ ਜੀ! ਹੁਣ ਭੇਜੀਆਂ ਹੋਈਆਂ ਬਿਰਹਾ-ਰੂਪ ਇਲਾਹੀ ਚਿੱਠੀਆਂ ਦਾ ਚਉਥਾ ਪਦ ਉਚਾਰਨ ਕਰੋ।" ਗੁਰੂ ਅਰਜਨ ਦੇਵ ਜੀ ਨੇ ਨਾਨਕ ਪਦ ਦੀ ਵਰਤੋਂ ਕਰਦਿਆਂ ਹੋਇਆਂ ਨਾਨਕ ਨਾਮ ਦੀ ਮੋਹਰ ਲਾ ਕੇ ਚੌਥਾ ਪਦ ਉਚਾਰਨ ਕੀਤਾ :

**ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥**

**ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੭)

**ਗੁਰ-ਗੱਦੀ** - ਆਪ ਜੀ ੧ ਸਤੰਬਰ ੧੫੮੧ ਨੂੰ ਗੁਰਤਾ ਦੀ ਗੱਦੀ 'ਤੇ ਬਿਰਾਜਮਾਨ ਹੋਏ।

**ਪ੍ਰਿਥੀ ਚੰਦ ਦਾ ਵਿਰੋਧ** - ਸ਼ੁਰੂ ਤੋਂ ਹੀ ਗੁਰੂ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਆਪ ਜੀ ਨਾਲ ਵੈਰ ਵਿਰੋਧ ਕਰਦੇ ਸਨ ਅਤੇ ਡਰਦੇ ਸਨ ਕਿ ਆਪ ਜੀ ਗੁਰਗੱਦੀ ਦੇ ਵਾਰਸ ਨਾ ਬਣ ਬੈਠਣ। ਜਦੋਂ ਆਪ ਪੰਜਵੇਂ ਗੁਰੂ ਜੀ ਬਣੇ ਤਾਂ ਪ੍ਰਿਥੀ ਚੰਦ ਹੋਰ ਵੀ ਅੱਗ ਬਬੂਲਾ ਹੋ ਗਿਆ। ਇੱਕ ਸਾਜ਼ਿਸ ਦੇ ਅਧੀਨ ਉਸ ਨੇ ਮੁਗ਼ਲ ਸਰਕਾਰ ਨਾਲ ਮਿਲ ਕੇ ਜਰਨੈਲ ਸੁਲਹੀ ਖਾਂ ਨੂੰ ਗੁਰੂ ਜੀ 'ਤੇ ਚੜ੍ਹਾਈ ਕਰਨ ਵਾਸਤੇ ਫੌਜਾਂ ਸਮੇਤ ਭਿਜਵਾਇਆ। ਸੂਚਨਾ ਮਿਲਣ 'ਤੇ ਸੰਗਤ ਨੇ ਗੁਰੂ ਸਾਹਿਬ ਨੂੰ ਸੁਚੇਤ ਕੀਤਾ ਕਿ ਸੁਲਹੀ ਖਾਂ ਆ ਰਿਹਾ ਹੈ, ਕਿਉਂ ਨਾ ਆਪ ਜੀ ਉਸ ਨੂੰ ਸੁਲਾਹ ਸਫਾਈ ਦਾ ਖਤ ਭੇਜੋ। ਗੁਰੂ ਜੀ ਖਾਮੋਸ਼ ਰਹੇ। ਸੁਲਹੀ ਖਾਂ ਦੇ ਹੋਰ ਨਜ਼ਦੀਕ ਆਉਣ 'ਤੇ ਸੰਗਤ ਨੇ ਫਿਰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਜੀ ਦਾ ਹੁਕਮ ਹੋਵੇ ਤਾਂ ਕੁਝ ਪਤਵੰਤੇ ਸੱਜਣ ਸੁਲਾਹ ਵਾਸਤੇ ਭੇਜ ਦੇਈਏ। ਗੁਰੂ ਜੀ ਫਿਰ ਵੀ ਗੰਭੀਰ ਰਹੇ। ਫਿਰ ਤੀਜੀ ਵਾਰ ਸੰਗਤ ਵੱਲੋਂ ਕਿਸੇ ਉਪਾਅ ਦੀ ਬੇਨਤੀ ਆਉਣ 'ਤੇ ਗੁਰੂ ਸਾਹਿਬ ਨੇ ਫ਼ਰਮਾਇਆ:-

**ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥**

**ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥**

**ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥**

**ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੩੭੧)

ਇਲਾਹੀ ਕੌਤਕ ਅਜਿਹਾ ਵਰਤਿਆ ਕਿ ਜਦੋਂ ਸੁਲਹੀ ਖਾਂ ਪ੍ਰਿਥੀ ਚੰਦ ਦਾ ਇੱਟਾਂ ਦਾ ਸੜਦਾ-ਬਲਦਾ ਭੱਠਾ ਵੇਖਣ ਗਿਆ ਤਾਂ ਉਸ ਦਾ ਘੋੜਾ ਐਸਾ ਤ੍ਰਬਕਿਆ ਕਿ ਜਾਣੋ ਕਿਸੇ ਇਲਾਹੀ ਤਾਕਤ ਨੇ ਧੱਕਾ ਦੇ ਕੇ ਉਸ ਨੂੰ ਭੱਠੇ ਵਿੱਚ ਝੋਂਕ ਦਿੱਤਾ ਹੋਵੇ। ਸੁਲਹੀ ਖਾਂ ਸੜ ਕੇ ਰਾਖ ਹੋ ਗਿਆ। ਖ਼ਬਰ ਮਿਲਣ 'ਤੇ ਗੁਰੂ ਸਾਹਿਬ ਨੇ ਉਚਾਰਿਆ:-

**ਸੁਲਹੀ ਤੇ ਨਾਰਾਇਣ ਰਾਖੁ ॥**

**ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੮੨੫)

**ਗੁਰੂ ਸਾਹਿਬ ਜੀ ਦੇ ਘਰ ਹਰਿਗੋਬਿੰਦ ਸਾਹਿਬ ਜੀ ਦਾ ਜਨਮ:-** ਮਾਤਾ ਗੰਗਾ ਜੀ ਦੇ ਘਰ ਜਦੋਂ ਕਾਫ਼ੀ ਸਮੇਂ ਤਕ ਕੋਈ ਔਲਾਦ ਨਾ ਹੋਈ ਤਾਂ ਮਾਤਾ ਜੀ ਨੇ ਗੁਰੂ ਅਰਜਨ ਦੇਵ ਜੀ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਲੋਕਾਂ ਦੀਆਂ ਝੋਲੀਆਂ ਭਰਦੇ ਹੋ ਮੇਰੀ ਗ਼ਰੀਬਣੀ ਦੀ ਝੋਲੀ ਵੀ ਪੁੱਤਰ ਦੀ ਦਾਤ ਨਾਲ ਭਰ ਦਿਓ। ਗੁਰੂ ਸਾਹਿਬ ਜਾਣਦੇ ਸਨ ਕਿ ਸਮਾਂ ਪਾ ਕੇ ਅਕਾਲ ਪੁਰਖ ਦੇ ਹੁਕਮ ਵਿੱਚ

ਹਰਿਗੋਬਿੰਦ ਸੂਰਬੀਰ ਪ੍ਰਗਟ ਹੋਵੇਗਾ, ਪਰ ਫਿਰ ਵੀ ਮਾਤਾ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਗ਼ਰੀਬੀ ਅਤੇ ਹਲੀਮੀ ਦੇ ਉਪਦੇਸ਼ ਦੁਹਰਾਉਣ ਲਈ ਅਤੇ ਲੁਕਾਈ ਨੂੰ ਦੱਸਣ ਲਈ ਆਪਣੇ ਆਤਮ-ਦਰਸੀ ਗੁਰਸਿੱਖ ਬਾਬਾ ਬੁੱਢਾ ਜੀ ਪਾਸ ਇਹ ਬਖਸ਼ਸ਼ ਲੈਣ ਵਾਸਤੇ ਭੇਜਿਆ। ਪਹਿਲੇ ਦਿਨ ਮਾਤਾ ਗੰਗਾ ਜੀ ਦਾਸੀਆਂ ਪਾਸੋਂ ਪ੍ਰਸ਼ਾਦਾ ਪਕਵਾ, ਬੜੇ ਸ਼ਾਨੋ ਸ਼ੌਕਤ ਨਾਲ ਬਾਬਾ ਜੀ ਕੋਲ ਗਏ। ਬਾਬਾ ਜੀ ਨੇ ਰੱਥ ਦੀ ਧੂੜ ਉੱਡਦੀ ਵੇਖ ਕੇ ਸਹਿਜ ਸੁਭਾਅ ਕਿਹਾ ਕਿ ਗੁਰੂ ਕੇ ਮਹਿਲਾਂ ਨੂੰ ਕੀ ਭਾਜੜ ਪੈ ਗਈ ਹੈ? ਜਦੋਂ ਮਾਤਾ ਜੀ ਨੇ ਪ੍ਰਸ਼ਾਦਾ ਬਾਬਾ ਜੀ ਅੱਗੇ ਰੱਖਿਆ ਤਾਂ ਬਾਬਾ ਜੀ ਨੇ ਆਖ ਦਿੱਤਾ ਕਿ ਮੈਨੂੰ ਭੁੱਖ ਨਹੀਂ, ਇਸ ਨੂੰ ਸੰਗਤ ਵਿੱਚ ਵਰਤਾ ਦਿਓ। ਆਪ ਜੀ ਨੇ ਜਦੋਂ ਪੁੱਤਰ ਦੀ ਦਾਤ ਵਾਸਤੇ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਉੱਤਰ ਦਿੱਤਾ ਕਿ ਮੈਂ ਤਾਂ ਨਿਮਾਣਾ ਜਿਹਾ ਗ਼ਰੀਬ ਸਿੱਖ ਹਾਂ, ਗੁਰੂ ਜੀ ਸਮਰੱਥ ਹਨ ਅਤੇ ਉਹ ਹੀ ਇਹ ਬਖ਼ਸ਼ਸ਼ਾਂ ਕਰ ਸਕਦੇ ਹਨ। ਜਦੋਂ ਮਾਤਾ ਗੰਗਾ ਜੀ ਨੇ ਇਹ ਵਾਰਤਾਲਾਪ ਗੁਰੂ ਅਰਜਨ ਦੇਵ ਜੀ ਨੂੰ ਦੱਸੀ ਤਾਂ ਗੁਰੂ ਸਾਹਿਬ ਨੇ ਫ਼ਰਮਾਇਆ ਕਿ ਗ਼ਰੀਬੀ ਅਤੇ ਹਲੀਮੀ ਵਿੱਚ ਰਹਿਣਾ ਚਾਹੀਦਾ ਹੈ ਅਤੇ ਗੁਰਮੁਖਾਂ ਦੀ ਸੇਵਾ ਹੱਥੀਂ ਕਰਨੀ ਚਾਹੀਦੀ ਹੈ। ਅਗਲੇ ਦਿਨ ਮਾਤਾ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ ਆਪਣੇ ਹੱਥੀਂ ਮਿਸੇ ਪ੍ਰਸ਼ਾਦੇ ਪਕਾਏ। ਗੰਢੇ, ਲੱਸੀ ਅਤੇ ਮੱਖਣ ਤਿਆਰ ਕੀਤਾ। ਸਾਦਾ ਪਹਿਰਾਵਾ ਪਹਿਨ ਕੇ ਪ੍ਰਸ਼ਾਦਾ ਸੀਸ ’ਤੇ ਚੁੱਕ ਕੇ ਪੈਦਲ ਬਾਬਾ ਬੁੱਢਾ ਜੀ ਪਾਸ ਪਹੁੰਚੇ। ਬਾਬਾ ਜੀ ਨੇ ਬੜੀ ਪ੍ਰਸੰਨਤਾ ਨਾਲ ਮਾਤਾ ਜੀ ਅੱਗੇ ਹੱਥ ਜੋੜ ਕੇ ਸਵਾਗਤ ਕੀਤਾ ਅਤੇ ਬੇਨਤੀ ਕੀਤੀ ਕਿ ਮੈਨੂੰ ਅੱਜ ਬਹੁਤ ਭੁੱਖ ਲੱਗੀ ਹੈ, ਲਿਆਓ ਪ੍ਰਸ਼ਾਦਾ ਛਕਾਓ। ਬਾਬਾ ਜੀ ਪ੍ਰਸ਼ਾਦਾ ਲੈ ਕੇ ਗੰਢੇ ਨੂੰ ਹੱਥ ਨਾਲ ਮੰਜੀ ਦੇ ਪਾਵੇ ’ਤੇ ਰੱਖ ਕੇ ਭੰਨਦੇ ਹੋਏ ਭਵਿੱਖਤ ਵਾਕ ਕਰਦੇ ਹਨ ਕਿ ਬੜਾ ਹੀ ਸੂਰਬੀਰ, ਬਲੀ, ਅਕਾਲ ਪੁਰਖ ਦੇ ਹੁਕਮ ਵਿੱਚ ਆ ਰਿਹਾ ਹੈ ਉਹ ਜ਼ਾਲਮਾਂ ਦੇ ਸਿਰ ਇਸ ਤਰ੍ਹਾਂ ਭੰਨੇਗਾ। ਸਮਾਂ ਪਾ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਅਕਾਲ ਪੁਰਖ ਦੇ ਹੁਕਮ ਵਿੱਚ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ।

**ਸਾਂਝੇ ਉਸਾਰੂ ਕੰਮ** – ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਸਾਂਝੇ ਉਸਾਰੂ ਕੰਮਾਂ ਨੂੰ ਸੰਪੂਰਨ ਕਰਨਾ ਅਰੰਭਿਆ, ਜਿਨ੍ਹਾਂ ਨੂੰ ਗੁਰੂ ਰਾਮਦਾਸ ਜੀ ਨੇ ਸ਼ੁਰੂ ਕੀਤਾ ਸੀ ਜਿਵੇਂ ਕਿ ਸੰਤੋਖਸਰ ਤੇ ਅੰਮ੍ਰਿਤਸਰ ਸਰੋਵਰ ਦੀ ਤਿਆਰੀ ਅਤੇ ‘ਗੁਰੂ ਕੇ ਚੱਕ’ ਦੀ ਉਸਾਰੀ। ਗੁਰੂ ਕੇ ਚੱਕ ਦਾ ਨਾਂ ਆਪ ਨੇ ‘ਚੱਕ ਰਾਮਦਾਸ’ ਜਾਂ ‘ਰਾਮਦਾਸਪੁਰ’ ਰੱਖਿਆ।

**ਦਸਵੰਧ ਤੇ ਉਸ ਦੀ ਉਗਰਾਹੀ** – ਗੁਰੂ ਜੀ ਨੇ ਕਾਰ ਭੇਟ ਵਾਸਤੇ ਦਸਵੰਧ ਦੀ ਮਰਯਾਦਾ ਪੱਕੀ ਬੰਨ੍ਹੀ ਅਰਥਾਤ ਆਪ ਨੇ ਆਗਿਆ ਕੀਤੀ ਕਿ ਹਰੇਕ ਸਿੱਖ ਆਪਣੀ ਖੱਟੀ (ਕਮਾਈ) ਦਾ ਦਸਵਾਂ ਹਿੱਸਾ ਗੁਰੂ ਨਮਿੱਤ ਅਰਪਣ ਕਰੇ।

**ਗੁਰੂ ਸਾਹਿਬ ਦੇ ਰਚੇ ਅਸਥਾਨ** – ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਕਈ ਅਸਥਾਨ ਉਸਾਰੇ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ:- ਅੰਮ੍ਰਿਤਸਰ ਸਰੋਵਰ, ਗੁਰੂ ਕੇ ਮਹਿਲ, ਦਰਸ਼ਨੀ ਡਿਓੜੀ, ਸੰਤੋਖਸਰ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਤਰਨਤਾਰਨ, ਕਰਤਾਰਪੁਰ (ਜਲੰਧਰ), ਛੇਹਰਟਾ ਸਾਹਿਬ, ਹਰਿਗੋਬਿੰਦਪੁਰ, ਬਾਉਲੀ ਸਾਹਿਬ (ਲਾਹੌਰ), ਗੁਰੂ ਕਾ ਬਾਗ ਅਤੇ ਸ੍ਰੀ ਰਾਮਸਰ ਸਾਹਿਬ।

**ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ** – ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਆਈ ਬਾਣੀ ਭਾਈ ਗੁਰਦਾਸ ਜੀ ਕੋਲੋਂ ਲਿਖਵਾ ਕੇ ਇੱਕ ਵਿਸ਼ਾਲ ਗ੍ਰੰਥ ਦੀ ਰਚਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਪਿਛਲੇ ਗੁਰੂ ਸਾਹਿਬਾਨ ਦੀ ਸਾਰੀ ਬਾਣੀ ਲਿਖਵਾਈ ਅਤੇ ਆਪਣੀ ਰਚਿਤ ਬਾਣੀ ਵੀ ਇਸ ਗ੍ਰੰਥ ਵਿੱਚ ਦਰਜ ਕੀਤੀ। ਇਸ ਤੋਂ ਇਲਾਵਾ ਪੰਦਰਾਂ ਆਤਮ-ਦਰਸੀ ਭਗਤਾਂ, ਗਿਆਰਾਂ ਭੱਟਾਂ ਅਤੇ ਤਿੰਨ ਗੁਰਸਿੱਖਾਂ ਦੀ ਇਲਾਹੀ ਬਾਣੀ ਬਿਨਾਂ ਕਿਸੇ ਊਚ-ਨੀਚ, ਜਾਤ-ਮਜ਼੍ਹਬ ਦੇ ਵਿਤਕਰੇ ਦੇ ਆਦਿ ਗ੍ਰੰਥ ਵਿੱਚ ਦਰਜ ਕੀਤੀ। ਇਸ ਦਾ ਸਾਰਾ ਬਿਉਰਾ ਇਸ ਪੁਸਤਕ ਦੇ ‘ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ ਦੇ ਸਿਰਲੇਖ ਹੇਠ ਵਿਸਥਾਰ ਪੂਰਵਕ ਦਿੱਤਾ ਗਿਆ ਹੈ।

**ਸਮਾਜ ਸੇਵਾ** – ਗੁਰੂ ਅਰਜਨ ਦੇਵ ਜੀ ਨੇ ਜਿੱਥੇ ਦੁਖੀਆਂ ਤੇ ਲੋੜਵੰਦਾਂ ਦੀ ਸੇਵਾ ਲਈ ਸਿੱਖਾਂ ਨੂੰ ਪ੍ਰੇਰਿਤ ਕੀਤਾ, ਉੱਥੇ ਆਪ ਵੀ ਸਿੱਖਾਂ ਲਈ ਨਿਮੂੰਨਾਂ ਬਣਦੇ ਹੋਏ ਮਾਇਕ ਪੱਖੋਂ ਅਤੇ ਆਪਣੇ ਹੱਥੀਂ ਵੀ ਲੋੜਵੰਦਾਂ ਦੀ ਸੇਵਾ ਕਰਦੇ ਰਹੇ। ਇੱਕ ਵਾਰ ਕਾਲ ਪੈਣ ’ਤੇ ਅੰਮ੍ਰਿਤਸਾਰ ਲਾਗੇ ਛੇ-ਹਰਟਾਂ ਵਾਲਾ ਖੂਹ ਲਗਵਾ ਕੇ ਪਾਣੀ ਦੀ ਲੋੜ ਨੂੰ ਪੂਰਿਆਂ ਕੀਤਾ, ਜਿਸ ਤੋਂ ਉਸ ਥਾਂ ਦਾ ਨਾਮ ਛਿਹਾਟਾ (ਛੇ-ਹਰਟਾ) ਸਾਹਿਬ ਪੈ ਗਿਆ। ਫਿਰ ਜਦੋਂ ਲਾਹੌਰ ਵਿੱਚ ਕਾਲ ਪਿਆ ਤੇ ਸਮੇਂ ਦੀ ਹਕੂਮਤ ਨੇ ਲੋਕਾਂ ਦੀ ਕੋਈ ਸਾਰ ਨਾ ਲਈ ਤਾਂ ਗੁਰੂ ਸਾਹਿਬ ਜੀ ਪਰਿਵਾਰ ਸਮੇਤ ਉੱਥੇ ਗਏ ਅਤੇ ਕੋਹੜ ਦੇ ਰੋਗੀਆਂ ਦੀ ਹੱਥੀਂ ਮਲਮ-ਪੱਟੀ ਤੇ ਸੇਵਾ ਕੀਤੀ। ਮੁਫ਼ਤ ਦਵਾਈਆਂ ਵੰਡੀਆਂ ਤੇ ਲੰਗਰ ਚਲਾਏ ਅਤੇ ਬਾਦਸ਼ਾਹ ਅਕਬਰ ਨੂੰ ਕਹਿ ਕੇ ਕਰ (ਟੈਕਸ) ਮਾਫ਼ ਕਰਵਾਇਆ।

**ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ** – ਚੰਦੂ ਦਿੱਲੀ ਦੀ ਮੁਗ਼ਲ ਸਰਕਾਰ ਵਿੱਚ ਉੱਚੇ ਅਹੁਦੇ ’ਤੇ ਕੰਮ ਕਰਦਾ ਸੀ। ਉਸ ਦੀ ਲੜਕੀ ਜਦੋਂ ਜਵਾਨ ਹੋਈ ਤਾਂ ਉਸ ਨੇ ਆਪਣੇ ਬ੍ਰਾਹਮਣ ਅਤੇ ਨਾਈ ਨੂੰ ਉਸ ਵਾਸਤੇ ਕਿਸੇ ਚੰਗੇ ਖਾਨਦਾਨ ਦਾ ਰਿਸ਼ਤਾ ਲੱਭਣ ਲਈ ਭੇਜਿਆ। ਉਹ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦੀ ਸ਼ੋਭਾ ਸੁਣ ਕੇ ਅਤੇ ਪਤਾ ਲੱਗਣ ’ਤੇ ਕਿ ਉਨ੍ਹਾਂ ਦਾ ਇੱਕ ਜਵਾਨ ਲੜਕਾ ਵੀ

ਹੈ, ਜੋ ਵਿਆਹੁਣ ਦੇ ਯੋਗ ਹੈ, ਅੰਮ੍ਰਿਤਸਰ ਆਏ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦਾ ਜ਼ਾਹੋ-ਜ਼ਲਾਲ ਤੇ ਸੰਗਤਾਂ ਵਿੱਚ ਉਨ੍ਹਾਂ ਦਾ ਸਤਿਕਾਰ ਤੇ ਪ੍ਰਤਾਪ ਦੇਖ ਕੇ ਉਨ੍ਹਾਂ ਨੂੰ ਬਿਨੈ ਕਰਕੇ ਉਨ੍ਹਾਂ ਦੇ ਲੜਕੇ ਹਰਿਗੋਬਿੰਦ ਜੀ ਨਾਲ ਚੰਦੂ ਦੀ ਲੜਕੀ ਦਾ ਰਿਸ਼ਤਾ ਪੱਕਾ ਕਰ ਦਿੱਤਾ। ਦਿੱਲੀ ਪਹੁੰਚ ਕੇ ਉਨ੍ਹਾਂ ਨੇ ਬੜੇ ਚਾਅ ਨਾਲ ਸਾਰੀ ਗੱਲ ਚੰਦੂ ਨੂੰ ਦੱਸੀ ਅਤੇ ਗੁਰੂ-ਦਰਬਾਰ ਦੀ ਸ਼ੋਭਾ ਬਿਆਨ ਕੀਤੀ। ਚੰਦੂ ਇਹ ਸੁਣ ਕੇ ਅੱਗ-ਬਬੂਲਾ ਹੋ ਗਿਆ। ਉਹ ਆਖਣ ਲੱਗਾ, "ਮਾੜੀ ਕੀਤੀ ਊ ਬ੍ਰਾਹਮਣਾ! ਤੂੰ ਤਾਂ ਹਨੇਰ ਕਰ ਮਾਰਿਆ। ਤੂੰ ਤਾਂ ਮੇਰੀ ਧੀ ਨਾਲ ਧ੍ਰੋਹ ਕਮਾਇਆ ਹੈ। ਕਿੱਥੇ ਸਾਡਾ ਸ਼ਾਹੀ-ਦਰਬਾਰ ਤੇ ਕਿੱਥੇ ਉਹ ਫਕੀਰਾਂ ਦਾ ਡੇਰਾ। ਤੂੰ ਤਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਇਆ ਏਂ। ਪਰ ਹੱਛਾ, ਜੋ ਵਿਚਾਰੀ ਦੀ ਕਿਸਮਤ।"

ਚੰਦੂ ਵੱਲੋਂ ਗੁਰੂ-ਘਰ ਲਈ ਆਖੇ ਨਿਰਾਦਰੀ ਭਰੇ ਬੋਲਾਂ ਦਾ ਪਤਾ ਜਦੋਂ ਦਿੱਲੀ ਦੀ ਸਿੱਖ ਸੰਗਤ ਨੂੰ ਲੱਗਾ ਤਾਂ ਉਹ ਗੁਰੂ-ਘਰ ਲਈ ਬੋਲੇ ਅਜਿਹੇ ਨਿਰਾਦਰੀ ਭਰੇ ਸ਼ਬਦਾਂ ਨੂੰ ਜਰ ਨਾ ਸਕੀ। ਦਿਲੀ ਦੀ ਸੰਗਤ ਨੇ ਗੁਰੂ ਸਾਹਿਬ ਜੀ ਨੂੰ ਇੱਕ ਚਿੱਠੀ ਲਿਖੀ ਕਿ, "ਸੱਚੇ-ਪਾਤਸ਼ਾਹ! ਚੰਦੂ ਬੜਾ ਹੰਕਾਰੀ ਤੇ ਨੀਚ ਹੈ। ਉਸ ਨੇ ਆਪਣੇ ਘਰ ਨੂੰ ਚੁਬਾਰਾ ਤੇ ਗੁਰੂ-ਘਰ ਨੂੰ ਮੋਰੀ ਕਿਹਾ ਹੈ। ਇਵੇਂ ਆਖ ਕੇ ਉਸ ਨੇ ਗੁਰੂ ਨਾਨਕ ਦੇ ਘਰ ਦੀ ਨਿਰਾਦਰੀ ਕੀਤੀ ਹੈ। ਅਸੀਂ ਇਹ ਜ਼ਰ ਨਹੀਂ ਸਕਦੇ ਤੇ ਬੇਨਤੀ ਕਰਦੇ ਹਾਂ ਕਿ ਆਪ ਜੀ ਨੇ ਚੰਦੂ ਦੀ ਧੀ ਦਾ ਰਿਸ਼ਤਾ ਪ੍ਰਵਾਨ ਨਾ ਕਰਨਾ। ਕਿਰਪਾ ਕਰਕੇ ਸਾਡੀ ਇਹ ਬੇਨਤੀ ਜ਼ਰੂਰ ਪ੍ਰਵਾਨ ਕਰਨੀ।" ਗੁਰੂ ਸਾਹਿਬ ਜੀ ਸੰਗਤ ਦਾ ਬੜਾ ਸਤਿਕਾਰ ਕਰਦੇ ਸਨ। ਉਹਨਾਂ ਨੇ ਸੰਗਤ ਨੂੰ 'ਇੱਕੀ ਵਿਸੁਏ' ਦਾ ਦਰਜਾ ਦੇਂਦੇ ਹੋਏ ਚੰਦੂ ਦੀ ਧੀ ਦਾ ਸਾਕ ਲੈਣ ਤੋਂ ਇਨਕਾਰ ਕਰ ਦਿੱਤਾ।

ਜਦੋਂ ਚੰਦੂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਧੀ ਦਾ ਸਾਕ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਤਾਂ ਚੰਦੂ ਅੱਗ-ਬਬੂਲਾ ਹੋ ਗਿਆ ਤੇ ਆਪਣੇ ਉੱਚੇ ਪਦ ਦੇ ਹੰਕਾਰ ਵਿੱਚ ਆਖਣ ਲੱਗਾ ਕਿ ਮੈਂ ਆਪਣੀ ਇਸ ਬੇਅਦਬੀ ਦਾ ਜਵਾਬ ਗੁਰੂ ਜੀ ਦੀ ਮੌਤ ਦੇ ਰੂਪ ਵਿੱਚ ਦਿਆਂਗਾ। ਉਹ ਦੁਸ਼ਮਣੀ ਪੂਰੀ ਕਰਨ ਦੀ ਭਾਵਨਾ ਨਾਲ ਗੁਰੂ ਸਾਹਿਬ ਜੀ ਦੇ ਵਿਰੁੱਧ ਜਹਾਂਗੀਰ ਦੇ ਕੰਨ ਭਰਨ ਲੱਗਾ। ਜਹਾਂਗੀਰ ਤਾਂ ਪਹਿਲਾਂ ਤੋਂ ਹੀ ਗੁਰੂ ਘਰ ਦਾ ਦੋਖੀ ਸੀ ਤੇ ਕਹਿੰਦਾ ਹੁੰਦਾ ਸੀ ਕਿ, "ਇਸ ਪਾਖੰਡੀ ਫਕੀਰ ਨੇ ਦੁਕਾਨ ਏ ਬਾਤਲ (ਝੂਠ ਦੀ ਦੁਕਾਨ) ਬਣਾਈ ਹੋਈ ਹੈ, ਜਿਸ ਨਾਲ ਉਹ ਸਾਰੇ ਹਿੰਦੂਆਂ ਅਤੇ ਭੋਲੇ-ਭਾਲੇ ਮੁਸਲਮਾਨਾ ਨੂੰ ਵੀ ਆਪਣਾ ਮੁਰੀਦ ਬਣਾ ਰਿਹਾ ਹੈ। ਇਹ ਦੁਕਾਨ ਏ ਬਾਤਲ ਖ਼ਤਮ ਹੋਣੀ ਚਾਹੀਦੀ ਹੈ, ਜੋ ਇਸਲਾਮ ਦੇ ਪ੍ਰਸਾਰ ਵਿੱਚ ਬਹੁਤ ਘਾਟੇ-ਵੰਦ ਹੈ।" ਉਸ ਨੇ ਗੁਰੂ ਸਾਹਿਬ ਜੀ ਨੂੰ ਲਾਹੌਰ ਆਪਣੇ ਦਰਬਾਰ ਵਿੱਚ ਬੁਲਾਇਆ। ਗੁਰੂ ਜੀ ਦੇ ਉੱਥੇ ਹਾਜ਼ਰ ਹੋਣ 'ਤੇ ਉਸ ਨੇ ਗੁੱਸੇ ਵਿੱਚ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਆਪਣੀ ਦੁਕਾਨ ਏ ਬਾਤਲ ਬੰਦ ਕਰੋ ਤੇ ਸ਼ਾਹੀ ਦਰਬਾਰ ਨੂੰ ਦੋ ਲੱਖ ਜ਼ੁਰਮਾਨਾ ਭਰੋ ਅਤੇ ਜੇ ਇਹ ਮਨਜ਼ੂਰ ਨਹੀਂ ਤਾਂ ਆਪ ਜੀ ਨੇ ਜੋ ਗ੍ਰੰਥ ਲਿਖਿਆ ਹੈ, ਉਸ ਵਿੱਚ ਮਹੁੰਮਦ ਸਾਹਿਬ ਦੀ ਤਾਰੀਫ਼ ਦੇ ਕਲਾਮ ਦਰਜ਼ ਕਰੋ।

ਗੁਰੂ ਸਾਹਿਬ ਜੀ ਨੇ ਕਿਹਾ ਜਿੱਥੋਂ ਤੱਕ ਜ਼ੁਰਮਾਨੇ ਦੀ ਗੱਲ ਹੈ, ਗੁਰੂ-ਘਰ ਵਿੱਚ ਆਇਆ ਸਾਰਾ ਪੈਸਾ ਸੰਗਤ ਦਾ ਹੈ ਤੇ ਸੰਗਤ ਨੇ ਜਿਸ ਭਾਵਨਾ ਨਾਲ ਇਹ ਪੈਸਾ ਦਿੱਤਾ ਹੈ ਇਹ ਉੱਥੇ ਹੀ ਲੱਗੇਗਾ ਅਤੇ ਜੋ ਮਹੁੰਮਦ ਸਾਹਿਬ ਦੀ ਤਾਰੀਫ਼ ਵਿੱਚ ਕਲਾਮ ਦਰਜ਼ ਕਰਨ ਦੀ ਗੱਲ ਹੈ, ਇਲਾਹੀ ਹੁਕਮ ਵਿੱਚ ਹੁਣ ਸਾਰਾ ਆਦਿ ਗ੍ਰੰਥ ਸੰਪੂਰਨ ਹੋ ਚੁੱਕਾ ਹੈ ਤੇ ਹੁਣ ਉਸ ਵਿੱਚ ਨਾ ਤਾਂ ਕੁਝ ਹੋਰ ਦਰਜ਼ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਜੋ ਦਰਜ਼ ਹੋ ਚੁੱਕਾ ਹੈ, ਉਸ ਨੂੰ ਕੱਢਿਆ ਜਾ ਸਕਦਾ ਹੈ। ਇਹ ਸਭ ਕੁਝ ਗੁਰੂ ਨਾਨਕ ਸਾਹਿਬ ਜੀ ਦੇ ਆਸ਼ੇ ਅਨੁਸਾਰ ਹੋਇਆ ਹੈ। ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ ਜਹਾਂਗੀਰ ਅੱਗ-ਬਬੂਲਾ ਹੋ ਗਿਆ ਤੇ ਆਖਣ ਲੱਗਾ, ਜੇ ਇਹ ਸਭ ਮਨਜ਼ੂਰ ਨਹੀਂ ਤਾਂ ਜਾਂ ਤਾਂ ਇਸਲਾਮ ਕਬੂਲ ਕਰ ਲਉ ਨਹੀਂ ਤਾਂ ਫਿਰ ਮੌਤ ਨੂੰ ਗਲੇ ਲਾਉਣ ਲਈ ਤਿਆਰ ਹੋ ਜਾਉ। ਗੁਰੂ ਸਾਹਿਬ ਜੀ ਨੇ ਫਰਮਾਇਆ ਕਿ ਸਾਡੇ ਜੀਵਨ ਦਾ ਤਾਂ ਮਨੋਰਥ ਹੀ ਇਹ ਹੈ ਕਿ ਅਸੀਂ ਆਪਣੀ ਸ਼ਹਾਦਤ ਦੇ ਕੇ ਕੌਮ ਨੂੰ ਸੱਚ ਲਈ ਕੁਰਬਾਨੀ ਦੇਣ ਦੀ ਜਾਗ ਲਾਈਏ। ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਵਿੱਚ ਅਸੀਂ ਸੱਚ ਲਈ ਕੁਰਬਾਨੀ ਦੇਣ ਦੀ ਨੀਂਹ ਰੱਖਣੀ ਹੈ।

ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ ਜਹਾਂਗੀਰ ਬੜਾ ਹੀ ਕ੍ਰੋਧਿਤ ਹੋਇਆ ਤੇ ਗੁਰੂ ਜੀ ਨੂੰ ਅਨੇਕਾਂ ਤਸੀਹੇ ਤੇ ਕਸ਼ਟ ਦੇ ਕੇ ਸ਼ਹੀਦ ਕਰਨ ਲਈ ਉਨ੍ਹਾਂ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ। ਜਹਾਂਗੀਰ ਨੇ ਉਸ ਨੂੰ ਸਖ਼ਤੀ ਨਾਲ ਕਿਹਾ ਕਿ ਗੁਰੂ ਜੀ ਨੂੰ ਅਜਿਹੇ ਭਿਆਨਕ ਤਸੀਹੇ ਦੇ ਕੇ ਮਾਰੋ ਕਿ ਸਿੱਖਾਂ ਵਿੱਚ ਅਜਿਹਾ ਡਰ ਫੈਲ ਜਾਵੇ ਕਿ ਅੱਗੇ ਤੋਂ ਕੋਈ ਸਿੱਖ ਬਣਨ ਦਾ ਹੀਆ ਨਾ ਕਰੇ। ਉਨ੍ਹਾਂ ਨੇ ਗੁਰੂ ਜੀ ਨੂੰ ਪਹਿਲਾਂ ਤਪਾ ਕੇ ਲਾਲ ਸੁਰਖ ਹੋਈ ਲੋਹ (ਤਵੀ) 'ਤੇ ਬਿਠਾ ਕੇ ਹੇਠੋਂ ਅੱਗ ਦੇ ਭਾਂਬੜ ਬਾਲੇ ਅਤੇ ਉੱਪਰੋਂ ਸੀਸ 'ਤੇ ਸੜਦਾ-ਬਲਦਾ ਰੇਤਾ ਪਾਉਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਗੁਰੂ ਜੀ ਦਾ ਸਰੀਰ ਛਾਲਿਓ-ਛਾਲੀ ਹੋ ਗਿਆ। ਇਹ ਭਿਆਨਕ ਤਸੀਹੇ ਦੇਣ ਤੋਂ ਬਾਅਦ ਗੁਰੂ ਸਾਹਿਬ ਜੀ ਨੂੰ ਪਾਣੀ ਦੀ ਉੱਬਲਦੀ ਦੇਗ ਵਿੱਚ ਬਿਠਾ ਕੇ ਉਬਾਲਿਆ ਗਿਆ।

ਜਦੋਂ ਗੁਰੂ ਜੀ ਦੇ ਸ਼ਰਧਾਲੂ ਸਾਈਂ ਮੀਆਂ-ਮੀਰ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਦੌੜਦਾ ਹੋਇਆ ਆਇਆ ਤੇ ਗੁਰੂ ਜੀ ਦੀ ਅਜਿਹੀ ਹਾਲਤ ਦੇਖ ਕੇ ਬੜਾ ਦੁਖੀ ਹੋਇਆ ਤੇ ਅੱਥਰੂ ਕੇਰਦਾ ਹੋਇਆ ਕਹਿਣ ਲੱਗਾ, "ਮਹਾਰਾਜ! ਖ਼ੁਦਾ ਦੇ ਨੂਰ 'ਤੇ ਏਨਾ

ਜ਼ੁਲਮ, ਇਹ ਜ਼ਾਲਮ ਹਕੂਮਤ ਦੇ ਜ਼ੁਲਮ ਦੀ ਅਖੀਰ ਏ। ਆਪ ਜੀ ਮੈਨੂੰ ਹੁਕਮ ਕਰੋ ਤਾਂ ਮੈਂ ਜ਼ੁਲਮੀ ਹਕੂਮਤ ਦੇ ਇਸ ਰਾਜ ਦੀ ਲਾਹੌਰ ਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਦਿਆਂਗਾ। ਸਾਈਂ ਜੀ ਦੀ ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਮੁਸਕਰਾਅ ਪਏ ਤੇ ਬੜੇ ਪ੍ਰੇਮ ਨਾਲ ਕਹਿਣ ਲੱਗੇ, "ਸ਼ਾਈ ਜੀ! ਹਕੂਮਤ ਨੂੰ ਗਰਕ ਕਰਨ ਦੀ ਇਹ ਤਾਕਤ ਕਿੱਥੋਂ ਪ੍ਰਾਪਤ ਕੀਤੀ ਹੈ। "ਗੁਰੂ ਜੀ ਦੇ ਇਹ ਬਚਨ ਸੁਣ ਕੇ ਉਸ ਦੇ ਹਿਰਦੇ ਵਿੱਚ ਅਜਿਹੀ ਇਲਾਹੀ ਲਹਿਰ ਚੱਲੀ ਕਿ ਉਹ ਹੱਥ ਜੋੜ ਕੇ ਕਹਿਣ ਲੱਗਾ, "ਮਹਾਰਾਜ! ਇਹ ਤਾਕਤ ਤਾਂ ਹਜ਼ੂਰ ਤੋਂ ਹੀ ਪ੍ਰਾਪਤ ਹੋਈ ਹੈ।" ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਫਿਰ ਅਸੀਂ ਇਹ ਤਾਕਤ ਨਹੀਂ ਸੀ ਵਰਤ ਸਕਦੇ। ਗੁਰੂ ਸਾਹਿਬ ਜੀ ਆਖਣ ਲੱਗੇ ਕਿ ਸਾਈਂ ਜੀ ਇਲਾਹੀ ਤਾਕਤ ਵਰਤਣੀ, ਅਕਾਲ ਪੁਰਖ ਦੇ ਭਾਣੇ ਵਿੱਚ ਬਹੁਤ ਵੱਡੀ ਦਖ਼ਲ ਅੰਦਾਜ਼ੀ ਹੈ ਅਤੇ ਉਸ ਦੇ ਭਾਣੇ ਵਿੱਚ ਦਖਲ ਅੰਦਾਜ਼ੀ ਕਰਨ ਵਾਲਾ ਇਨਸਾਨ ਅਕਾਲ ਪੁਰਖ ਦੀ ਇਲਾਹੀ ਖ਼ੁਸ਼ੀ ਨਹੀਂ ਲੈ ਸਕਦਾ। ਇਹ ਸੁਣ ਕੇ ਸਾਈਂ ਮੀਆਂ-ਮੀਰ ਜੀ ਨੂੰ ਅਜਿਹਾ ਇਲਾਹੀ ਗਿਆਨ ਹੋਇਆ ਕਿ ਉਹ ਗੁਰੂ ਜੀ ਨੂੰ ਸਿੱਜਦਾ ਕਰਦਾ ਹੋਇਆ, ਗੁਰੂ ਜੀ ਦਾ ਹੁਕਮ ਮੰਨ ਕੇ ਵਾਪਸ ਚਲਾ ਗਿਆ।

ਜਦੋਂ ਤਪਦੀ ਤਵੀ ਦੇ ਭਿਆਨਕ ਸੇਕ, ਸਰੀਰ 'ਤੇ ਪਈ ਸੜਦੀ-ਬਲਦੀ ਰੇਤਾਂ ਅਤੇ ਦੇਗ ਦੇ ਉਬਾਲਿਆਂ ਨਾਲ ਗੁਰੂ ਸਾਹਿਬ ਜੀ ਦਾ ਸਰੀਰ ਬਿਲਕੁੱਲ ਜ਼ਰਜਰੀ ਹੋ ਗਿਆ ਤਾਂ ਜ਼ਾਲਮਾਂ ਨੇ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਦੇ ਇਰਾਦੇ ਨਾਲ ਉਨ੍ਹਾਂ ਨੂੰ ਰਾਵੀ ਦਰਿਆ ਦੇ ਠੰਢੇ ਪਾਣੀ ਵਿੱਚ ਸੁੱਟ ਦਿੱਤਾ। ਆਕਲ ਪੁਰਖ ਦੇ ਹੁਕਮ ਵਿੱਚ ਗੁਰੂ ਸਾਹਿਬ ਜੀ ਨੇ ਸਰੀਰ ਦੇ ਪੰਜ ਤੱਤ ਪੰਜਾਂ ਤੱਤਾਂ ਵਿੱਚ ਮਿਲਾ ਦਿੱਤੇ ਤੇ ਉਨ੍ਹਾਂ ਦੀ ਇਲਾਹੀ ਜੋਤਿ ਸਰਬ-ਵਿਆਪੀ ਅਕਾਲ ਪੁਰਖ ਵਿੱਚ ਅਭੇਦ ਹੋ ਗਈ:

**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੮੪੬)

ਗੁਰੂ ਸਾਹਿਬ ਜੀ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੂੰ ਕਹਿ ਗਏ ਸਨ ਕਿ ਸਾਹਿਬਜ਼ਾਦੇ ਹਰਿਗੋਬਿੰਦ ਨੂੰ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾ ਪਾ ਕੇ ਗੁਰਿਆਈ ਦੇ ਤਖ਼ਤ 'ਤੇ ਬਿਠਾ ਕੇ ਉਨ੍ਹਾਂ ਨੂੰ ਛੇਵੇਂ ਗੁਰੂ ਨਾਨਕ ਦੇ ਰੂਪ ਵਿੱਚ ਪ੍ਰਗਟ ਕਰ ਦੇਣਾ।

## ਗੁਰੂ ਹਰਿਗੋਬਿੰਦ ਸਾਹਿਬ ਜੀ

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ੧੯ ਜੂਨ ਸੰਨ ੧੫੯੫ ਈ: ਨੂੰ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਗੰਗਾ ਜੀ ਦੀ ਕੁੱਖੋਂ ਪਿੰਡ ਵਡਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।

**ਪ੍ਰਿਥੀ ਚੰਦ ਦੀ ਵਿਰੋਧਤਾ** - ਪ੍ਰਿਥੀ ਚੰਦ ਨੇ ਬਾਲਕ ਹਰਿਗੋਬਿੰਦ ਨੂੰ ਮਾਰਨ ਲਈ ਕਈ ਚਾਲਾਂ ਚੱਲੀਆਂ ਤਾਂ ਕਿ ਗੁਰਗੱਦੀ ਲਈ ਉਸ ਦੇ ਪੁੱਤਰ ਤੋਂ ਇਲਾਵਾ ਕੋਈ ਦੂਸਰਾ ਹੱਕਦਾਰ ਨਾ ਰਹੇ। ਪਰੰਤੂ ਬਾਲਕ ਹਰਿਗੋਬਿੰਦ ਜੀ ਉਸ ਦੇ ਸਾਰੇ ਵਾਰਾਂ ਤੋਂ ਆਪਣੀ ਇਲਾਹੀ ਚੇਤਨਾ ਨਾਲ ਬਚਦੇ ਰਹੇ। ਆਪਣੀ ਪਹਿਲੀ ਚਾਲ ਵਿੱਚ ਪ੍ਰਿਥੀ ਚੰਦ ਨੇ ਇੱਕ ਦਾਈ ਨੂੰ ਲਾਲਚ ਦੇ ਕੇ ਭੇਜਿਆ ਕਿ ਉਹ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਬਾਲਕ ਹਰਿਗੋਬਿੰਦ ਨੂੰ ਦੁੱਧ ਚੁੰਘਾਵੇ। ਪਰ ਬਾਲਕ ਹਰਿਗੋਬਿੰਦ ਨੇ ਦੁੱਧ ਪੀਣ ਤੋਂ ਇਨਕਾਰ ਕਰ ਦਿੱਤਾ। ਜ਼ਹਿਰ ਉੱਲਟਾ ਦਾਈ ਨੂੰ ਹੀ ਚੜ੍ਹ ਗਿਆ ਤੇ ਉਹ ਮਰਦੀ-ਮਰਦੀ ਪ੍ਰਿਥੀ ਚੰਦ ਦਾ ਸਾਰਾ ਪੋਲ ਖੋਲ੍ਹ ਗਈ। ਪ੍ਰਿਥੀ ਚੰਦ ਆਪਣੀ ਕੁਟਲਤਾ ਤੋਂ ਫਿਰ ਵੀ ਟਲਿਆ ਨਾ, ਉਸ ਨੇ ਫਿਰ ਇੱਕ ਸਪੇਰੇ ਨੂੰ ਲਾਲਚ ਦੇ ਕੇ ਭੇਜਿਆ ਕਿ ਉਹ ਬਾਲਕ ਦੇ ਕੋਲ ਜਾ ਕੇ ਸੱਪ ਛੱਡ ਦੇਵੇ। ਸਪੇਰੇ ਨੇ ਇਵੇਂ ਹੀ ਕੀਤਾ, ਪਰ ਉਸ ਸੱਪ ਨੂੰ ਸਿੱਖਾਂ ਨੇ ਦੇਖ ਲਿਆ ਤੇ ਮਾਰ ਦਿੱਤਾ। ਸਪੇਰੇ ਨੇ ਵੀ ਪ੍ਰਿਥੀ ਚੰਦ ਦਾ ਸਾਰਾ ਪੋਲ ਖੋਲ੍ਹ ਦਿੱਤਾ। ਨੀਚਤਾ ਦੀ ਹੱਦ ਪਾਰ ਕਰਦਿਆਂ ਪ੍ਰਿਥੀ ਚੰਦ ਨੇ ਤੀਸਰੀ ਚਾਲ ਚੱਲੀ ਕਿ ਉਸ ਨੇ ਬਾਲਕ ਹਰਿਗੋਬਿੰਦ ਦੇ ਖਿਡਾਵੇ ਨੂੰ ਲਾਲਚ ਦੇ ਕੇ ਦਹੀਂ ਵਿੱਚ ਜ਼ਹਿਰ ਰਲਾ ਕੇ ਬਾਲਕ ਨੂੰ ਖਵਾਉਣ ਲਈ ਕਿਹਾ। ਲਾਲਚੀ ਖਿਡਾਵੇ ਨੇ ਇਵੇਂ ਹੀ ਕੀਤਾ, ਪਰ ਬਾਲਕ ਹਰਿਗੋਬਿੰਦ ਜੀ ਨੇ ਉਹ ਦਹੀਂ ਖਾਣ ਤੋਂ ਵੀ ਇਨਕਾਰ ਕਰ ਦਿੱਤਾ। ਮਾਤਾ ਜੀ ਦੇ ਕਹਿਣ 'ਤੇ ਉਹ ਦਹੀਂ ਕੁੱਤੇ ਨੂੰ ਪਾ ਦਿੱਤਾ ਗਿਆ, ਕੁੱਤਾ ਦਹੀਂ ਖਾਂਦੇ ਸਾਰ ਹੀ ਮਰ ਗਿਆ। ਖਿਡਾਵੇ ਦਾ ਸਾਰਾ ਪਾਜ ਖੁੱਲ੍ਹ ਗਿਆ ਤੇ ਉਸ ਨੇ ਸਾਰੀ ਸਚਾਈ ਦੱਸ ਦਿੱਤੀ, ਜਿਸ ਨਾਲ ਪ੍ਰਿਥੀ ਚੰਦ ਦੀ ਬੜੀ ਬਦਨਾਮੀ ਹੋਈ। ਪ੍ਰਿਥੀ ਚੰਦ ਦੀਆਂ ਇਨ੍ਹਾਂ ਕਰਤੂਤਾਂ ਕਰਕੇ ਉਸ ਨੂੰ ਸਾਰੇ ਸਿੱਖ ਜਗਤ ਵੱਲੋਂ ਬੜੀਆਂ ਫਿਟਕਾਰਾਂ ਪਈਆਂ ਤੇ ਕਿਸੇ ਨੇ ਵੀ ਉਸ ਨੂੰ ਮੂੰਹ ਨਾ ਲਾਇਆ।

**ਪੜ੍ਹਾਈ ਲਿਖਾਈ** - ਗੁਰੂ ਸਾਹਿਬ ਜੀ ਦੀ ਪੜ੍ਹਾਈ ਅਤੇ ਸ਼ਸਤਰ ਵਿੱਦਿਆ ਦੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਨੇ ਨਿਭਾਈ। ਉਨ੍ਹਾਂ ਨੇ ਆਪ ਜੀ ਨੂੰ ਗੁਰੂ-ਘਰ ਦੀ ਵਿੱਦਿਆ ਦਿੱਤੀ ਅਤੇ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ, ਕੁਸ਼ਤੀਆਂ ਆਦਿ ਦੀ ਸਿਖਲਾਈ ਵੀ ਕਰਾਈ।

**ਗੁਰਗੱਦੀ** - ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ੨੫ ਮਈ ਸੰਨ 1606 ਨੂੰ ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਗੁਰਿਆਈ ਦਾ ਤਿਲਕ ਲਾਇਆ। ਆਪ ਜੀ ਦੀ ਉਮਰ ਉਸ ਵੇਲੇ ਗਿਆਰਾਂ ਕੁ ਸਾਲ ਦੀ ਸੀ।

**ਮੀਰੀ-ਪੀਰੀ** - ਗੁਰਿਆਈ ਦਾ ਤਿਲਕ ਲਾਉਣ ਸਮੇਂ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨਾਈਆਂ। ਇਹ ਕੌਤਕ ਰਚ ਕੇ ਗੁਰੂ ਸਾਹਿਬ ਨੇ ਇਹ ਦਰਸਾਇਆ ਕਿ ਗ੍ਰਹਿਸਤ ਵਿੱਚ ਦਸਾਂ ਨੌਹਾਂ ਦੀ ਕਿਰਤ ਕਰਕੇ ਸ਼ੁਭ ਕਰਮਾਂ ਅਨੁਸਾਰ ਦੁਨਿਆਵੀ ਫ਼ਰਜ਼ ਨਿਭਾਉਂਦੇ ਹੋਏ, ਸੰਗਤ ਵਿੱਚ ਨਾਮ ਜਪ ਕੇ ਆਤਮ-ਦਰਸੀ ਬਣਨਾ ਹੀ ਮੀਰੀ ਪੀਰੀ ਹੈ।

**ਵਿਆਹ ਤੇ ਸੰਤਾਨ** - ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾ ਵਿਆਹ 27 ਅਪ੍ਰੈਲ 1604 ਈ: ਵਿੱਚ ਸ੍ਰੀ ਨਰਾਇਣ ਦਾਸ ਜੀ ਦੀ ਸਪੁੱਤਰੀ ਮਾਤਾ ਦਮੋਦਰੀ ਜੀ ਨਾਲ ਹੋਇਆ। ਮਾਤਾ ਜੀ ਬੜੇ ਹੀ ਸੁੰਦਰ, ਸ਼ੀਲ ਸੁਭਾਅ ਅਤੇ ਨੇਕ ਸਨ। ਸੰਗਤਾਂ ਵਿੱਚ ਉਹਨਾਂ ਦੇ ਅਧਿਆਤਮਿਕ ਗੁਣਾਂ ਦਾ ਇੰਨਾਂ ਅਸਰ ਪਿਆ ਕਿ ਸੰਗਤਾਂ ਇਨ੍ਹਾਂ ਦੇ ਦਰਸ਼ਨ ਕਰਕੇ ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਨੂੰ ਯਾਦ ਕਰਦੀਆਂ। ਇਸ ਤੋਂ ਹੀ ਸੰਗਤਾਂ ਨੇ ਸਤਿਕਾਰ ਨਾਲ ਮਾਤਾ ਜੀ ਨੂੰ ਮਾਤਾ ਨਾਨਕੀ ਵੀ ਕਹਿਣਾ ਸ਼ੁਰੂ ਕਰ ਦਿੱਤਾ। (ਮਹਿਮਾ ਪ੍ਰਕਾਸ਼ ਦੇ ਅਨੁਸਾਰ ਮਾਤਾ ਦਮੋਦਰੀ ਜੀ ਹੀ ਮਾਤਾ ਨਾਨਕੀ ਜੀ ਦੇ ਨਾਂ ਨਾਲ਼ ਜਾਣੇ ਜਾਂਦੇ ਸਨ। ਭਾਈ ਵੀਰ ਸਿੰਘ ਜੀ ਨੇ ਵੀ ਇਸ ਨੂੰ ਪਰਵਾਨ ਕੀਤਾ ਹੈ।)

ਮਾਤਾ ਜੀ ਦੀ ਕੁੱਖੋਂ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਤੇਗ਼ ਬਹਾਦਰ ਜੀ ਅਤੇ ਇੱਕ ਸਪੁੱਤਰੀ ਬੀਬੀ ਵੀਰੋ ਜੀ ਪੈਦਾ ਹੋਏ।

**ਬੀਰ ਰਸ** - ਗੁਰਗੱਦੀ 'ਤੇ ਬੈਠਣ ਉਪਰੰਤ ਗੁਰੂ ਸਾਹਿਬ ਨੇ ਆਪਣੇ ਮਸੰਦਾਂ ਦੇ ਨਾਂ ਇੱਕ ਪੱਤਰ ਭੇਜਿਆ ਕਿ ਉਹ ਸਿੱਖਾਂ ਨੂੰ ਕਹਿਣ ਕਿ ਅੱਗੇ ਤੋਂ ਆਪਣੀ ਭੇਟਾ ਵਜੋਂ ਹਥਿਆਰ ਅਤੇ ਘੋੜੇ ਲਿਆਉਣ। ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਦੀ ਛੋਟੀ ਜਿਹੀ ਕਿਲ੍ਹਾ ਬੰਦੀ ਕਰਕੇ (ਜਿਸ ਨੂੰ ਲੋਹ ਗੜ੍ਹ ਕਹਿੰਦੇ ਹਨ) ਸ਼ਹਿਰ ਨੂੰ ਮਜ਼ਬੂਤ ਬਣਾਇਆ। 1609 ਈ: ਵਿੱਚ ਆਪ ਜੀ ਨੇ ਸਿੱਖਾਂ ਦੇ ਜੁੜ ਬੈਠਣ ਲਈ ਇੱਕ ਅਸਥਾਨ ਬਣਾਇਆ ਜਿਸ ਦਾ ਨਾਂ ਅਕਾਲ ਤਖ਼ਤ (ਅਕਾਲ ਬੁੰਗਾ) ਰੱਖਿਆ। ਇਸ ਅਸਥਾਨ 'ਤੇ ਗੁਰਮਤਿ ਵਿਚਾਰ ਕਰਨ ਤੋਂ ਇਲਾਵਾ ਕੌਮ ਦੀ ਭਲਾਈ ਨਾਲ ਸੰਬੰਧਿਤ ਪ੍ਰਸ਼ਨਾਂ ਉੱਤੇ ਵਿਚਾਰਾਂ ਵੀ ਹੁੰਦੀਆਂ ਸਨ। ਆਪ ਜੀ ਨੇ ੫੨ ਸੂਰਬੀਰ ਸਿੱਖਾਂ ਨੂੰ ਭਰਤੀ ਕਰਕੇ ਇੱਕ ਇਲਾਹੀ ਸੈਨਾ ਦਾ ਮੁੱਢ ਬੰਨ੍ਹਿਆ।

**ਬੰਦੀ ਛੋੜ** - ਗਵਾਲੀਅਰ ਦੇ ਕਿਲ੍ਹੇ ਵਿੱਚ ਕਈ ਪਹਾੜੀ ਰਾਜੇ ਕੈਦ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਗੁਰੂ ਨਾਨਕ ਸਾਹਿਬ ਜੀ ਦੇ ਸ਼ਰਧਾਲੂ ਸਨ, ਜੋ ਕਿਲ੍ਹੇ ਵਿੱਚੋਂ ਰਿਹਾਈ ਲਈ ਗੁਰੂ ਨਾਨਕ ਸਾਹਿਬ ਜੀ ਅੱਗੇ ਪੁਕਾਰਾਂ ਕਰ ਰਹੇ ਸਨ। ਉਨ੍ਹਾਂ ਦੀ ਪੁਕਾਰ ਸੁਣ ਕੇ ਅਕਾਲ ਪੁਰਖ ਨੇ ਇਹ ਬਿਧ ਬਣਾਈ ਕਿ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਹਾ ਕਿ ਗਵਾਲੀਅਰ ਦੇ ਕਿਲ੍ਹੇ ਵਿੱਚ ਜਾ ਕੇ ਉੱਥੇ ਕੈਦ ਰਾਜਿਆਂ ਨੂੰ ਉਪਦੇਸ ਦਿਉ ਤਾਂ ਕੇ ਉਹ ਚੰਗੇ ਇਮਾਨਦਾਰ ਰਾਜੇ ਬਣਨ। ਇਹ ਜਹਾਂਗੀਰ ਦੀ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰਨ ਦੀ ਇੱਕ ਚਾਲ ਸੀ। ਉਹ ਗੁਰੂ ਸਾਹਿਬ ਜੀ ਦੀ ਸ਼ਾਹੀ ਠਾਠ-ਬਾਠ ਦੇਖ ਕੇ ਬੜਾ ਘਬਰਾਇਆ ਹੋਇਆ ਸੀ ਤੇ ਉਸ ਨੂੰ ਡਰ ਸੀ ਕਿ ਕਿਤੇ ਗੁਰੂ ਜੀ ਉਸ ਦੇ ਤਖਤ ਲਈ ਹੀ ਖਤਰਾ ਨਾ ਬਣ ਜਾਣ, ਇਸ ਲਈ ਉਸ ਨੇ ਗੁਰੂ ਜੀ ਨੂੰ ਕੈਦ ਕਰਨ ਲਈ ਇਹ ਕੁਟਲਤਾ ਵਰਤੀ। ਗੁਰੂ ਸਾਹਿਬ ਜੀ ਜਹਾਂਗੀਰ ਦੀ ਬਦਨੀਤੀ ਨੂੰ ਜਾਣਦੇ ਸਨ। ਪਰ ਉਹ ਇਲਾਹੀ ਹੁਕਮ ਵਿੱਚ ਰਾਜਿਆਂ ਦੀ ਪੁਕਾਰ ਸੁਣਕੇ ਉਨ੍ਹਾਂ ਦੀ ਰਿਹਾਈ ਲਈ ਗਵਾਲੀਅਰ ਦੇ ਕਿਲ੍ਹੇ ਵਿੱਚ ਗਏ। ਜਹਾਂਗੀਰ ਨੇ ਬੜੀ ਚਲਾਕੀ ਅਤੇ ਤਰੀਕੇ ਨਾਲ ਗੁਰੂ ਸਾਹਿਬ ਜੀ ਨੂੰ ਉੱਥੇ ਬੰਦੀ (ਕੈਦੀ) ਬਣਾ ਲਿਆ। ਗੁਰੂ ਜੀ ਦੀ ਆਮਦ 'ਤੇ ਰਾਜੇ ਬੜੇ ਪ੍ਰਸੰਨ ਹੋਏ ਤੇ ਉਨ੍ਹਾਂ ਨੂੰ ਆਪਣੀ ਰਿਹਾਈ ਦੀ ਆਸ ਬੱਝ ਗਈ ਅਤੇ ਉਹ ਗੁਰੂ ਜੀ ਦਾ ਉਪਦੇਸ਼ ਸੁਣ ਕੇ ਬੜੇ ਪ੍ਰਸੰਨ ਤੇ ਨਿਹਾਲ ਹੋਏ ਅਤੇ ਪਰਮਾਤਮਾ ਦੀ ਭਗਤੀ ਕਰਨ ਲੱਗੇ।

ਓਧਰ ਜਹਾਂਗੀਰ ਏਨਾਂ ਬਿਮਾਰ ਹੋ ਗਿਆ ਕਿ ਉਹ ਦਿਨ-ਰਾਤ ਬੈਚੇਨ ਰਹਿੰਦਾ। ਉਸ ਨੂੰ ਰਾਤ ਨੂੰ ਨੀਂਦ ਨਾ ਆਉਂਦੀ ਤੇ ਛਾਤੀ 'ਤੇ ਸੱਪ ਅਤੇ ਸ਼ੇਰ ਨੱਚਦੇ ਨਜ਼ਰ ਆਉਂਦੇ। ਉਸ ਦੀ ਬੇਗ਼ਮ ਨੂਰ ਜਹਾਂ ਸਾਈਂ ਮੀਆਂ ਮੀਰ ਜੀ ਦੀ ਬੜੀ ਸ਼ਰਧਾਲੂ ਸੀ, ਓਸ ਨੇ ਜਹਾਂਗੀਰ ਦੀ ਬੁਰੀ ਹਾਲਤ ਦਾ ਜ਼ਿਕਰ ਸਾਈਂ ਜੀ ਕੋਲ ਕੀਤਾ ਅਤੇ ਆਪਣੇ ਪਤੀ ਦੀ ਸਲਾਮਤੀ ਲਈ ਬੇਨਤੀ ਕੀਤੀ। ਸਾਈਂ ਮੀਆਂ ਮੀਰ ਜੀ ਨੇ ਕਿਹਾ ਉਹ ਉਦੋਂ ਤੱਕ ਤੰਦਰੁਸਤ ਨਹੀਂ ਹੋ ਸਕਦਾ, ਜਦੋਂ ਤੱਕ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਨਹੀਂ ਕਰਦਾ, ਕਿਉਂਕਿ ਉਹ ਅੱਲਾ-ਤਾਲਾ ਦਾ ਨੂਰ ਹਨ ਤੇ ਇਸ ਨੇ ਉਨ੍ਹਾਂ ਨੂੰ ਕੈਦ ਕਰਕੇ ਬਹੁਤ ਵੱਡਾ ਪਾਪ ਕੀਤਾ ਹੈ। ਨੂਰ ਜਹਾਂ ਨੇ ਜਦੋਂ ਸਾਈਂ ਜੀ ਵੱਲੋਂ ਦਿੱਤੀ ਇਹ ਚੇਤਾਵਨੀ ਜਹਾਂਗੀਰ ਨੂੰ ਦੱਸੀ ਤਾਂ ਉਹ ਡਰ ਨਾਲ ਕੰਬ ਗਿਆ ਤੇ ਉਸੇ ਵੇਲੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਦੇ ਦਿੱਤੇ ਅਤੇ ਗੁਰੂ ਜੀ ਨੂੰ ਬੇਨਤੀ ਭੇਜੀ ਕਿ ਮੈਨੂੰ ਦਰਸ਼ਨ ਦੇ ਕੇ ਨਿਹਾਲ ਕਰੋ ਤਾਂ ਕਿ ਮੈਂ ਆਪਣੇ ਗੁਨਾਹ ਦੀ ਮਾਫ਼ੀ ਮੰਗ

ਸਕਾਂ। ਪਰ ਗੁਰੂ ਜੀ ਨੇ ਕਿਹਾ ਕਿ ਅਸੀਂ ਉਦੋਂ ਤੱਕ ਕਿਲ੍ਹੇ ਵਿੱਚੋਂ ਬਾਹਰ ਨਹੀਂ ਆਵਾਂਗੇ, ਜਦੋਂ ਤੱਕ ਸਾਡੇ ਨਾਲ ਸਾਰੇ ਰਾਜਿਆਂ ਨੂੰ ਵੀ ਰਿਹਾਅ ਨਹੀਂ ਕੀਤਾ ਜਾਂਦਾ। ਉਸ ਨੇ ਚਲਾਕੀ ਵਰਤਦਿਆਂ ਕਿਹਾ ਜੋ ਤੁਹਾਡਾ ਚੋਲਾ ਫੜ੍ਹ ਕੇ ਬਾਹਰ ਆ ਜਾਵੇਗਾ, ਉਸ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਗੁਰੂ ਜੀ ਨੇ ਇੱਕ ਇਲਾਹੀ ਜੁਗਤੀ ਵਰਤੀ ਕਿ ਉਨ੍ਹਾਂ ਨੇ 52 ਕਲੀਆਂ ਵਾਲਾ ਚੋਲਾ ਸਵਾਂ ਕੇ ਪਹਿਣ ਲਿਆ। ਜਿਸ ਦੀ ਇੱਕ-ਇੱਕ ਕਲੀ ਫੜ੍ਹ ਕੇ 52 ਦੇ 52 ਰਾਜੇ ਕਿਲ੍ਹੇ ਵਿੱਚੋਂ ਬਾਹਰ ਆ ਗਏ ਤੇ ਗੁਰੂ ਜੀ ਦਾ ਸ਼ੁਕਰਾਨਾ ਕਰਦੇ ਹੋਏ ਆਪਣੇ-ਆਪਣੇ ਇਲਾਕਿਆਂ ਨੂੰ ਚਲੇ ਗਏ। ਇਨ੍ਹਾਂ ਵਿੱਚੋਂ ਬਹੁਤੇ ਰਾਜੇ ਹਿਮਾਲਿਆ ਪਰਬਤ ਦੇ ਵਸਨੀਕ ਸਨ।

ਗੁਰੂ ਜੀ ਜਦੋਂ ਦਿੱਲੀ ਆਏ ਤਾਂ ਜਹਾਂਗੀਰ ਗੁਰੂ ਜੀ ਦੇ ਦਰਸ਼ਨ ਕਰਨ ਗਿਆ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਜਹਾਂਗੀਰ ਬਿਲਕੁੱਲ ਤੰਦਰੁਸਤ ਹੋ ਗਿਆ। ਉਹ ਗੁਰੂ ਜੀ ਦਾ ਬੇਹੱਦ ਸਤਿਕਾਰ ਕਰਨ ਲੱਗਾ। ਉਹ ਗੁਰੂ ਜੀ ਨੂੰ ਸ਼ਿਕਾਰ ਖੇਡਣ ਆਪਣੇ ਨਾਲ ਲਿਜਾਂਦਾ, ਜਿੱਥੇ ਇੱਕ ਵਾਰ ਗੁਰੂ ਜੀ ਨੇ ਇੱਕ ਖੂੰਖਾਰ ਸ਼ੇਰ ਦਾ ਸ਼ਿਕਾਰ ਕੀਤਾ, ਜੋ ਲੁਕਾਈ ਲਈ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਸੀ। ਗੁਰੂ ਜੀ ਦੇ ਇਸ ਕੌਤਕ ਤੋਂ ਜਹਾਂਗੀਰ ਹੋਰ ਵੀ ਪ੍ਰਭਾਵਿਤ ਹੋਇਆ ਕਿ ਗੁਰੂ ਜੀ ਤਾਂ ਬਹੁਤ ਵੱਡੇ ਬਲੀ ਤੇ ਯੋਧੇ ਹਨ। ਉਸ ਨੇ ਗੁਰੂ ਸਾਹਿਬ ਜੀ ਦਾ ਬੜਾ ਸੋਹਣਾ ਸ਼ਾਮਿਆਨਾ ਆਪਣੇ ਸ਼ਾਮਿਆਨੇ ਦੇ ਨਾਲ ਲਗਵਾਇਆ ਤੇ ਗੁਰੂ ਜੀ ਦੀ ਸੇਵਾ ਕਰਦਾ ਰਿਹਾ।

**ਗਰੀਬ ਘਾਹੀ ਸਿੱਖ** - ਇੱਕ ਦਿਨ ਇੱਕ ਗਰੀਬ ਘਾਹੀ ਸਿੱਖ (ਘਾਹ ਖੋਤਨ ਵਾਲਾ) ਗੁਰੂ ਜੀ ਦੇ ਘੋੜਿਆਂ ਲਈ ਘਾਹ ਦੀ ਪੰਡ ਅਤੇ ਇੱਕ ਟਕਾ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਉਸ ਨੇ ਆ ਕੇ ਜਹਾਂਗੀਰ ਦੇ ਸਿਪਾਹੀਆਂ ਨੂੰ ਕਿਹਾ ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਹਨ। ਸਿਪਾਹੀਆਂ ਨੇ ਸਮਝਿਆ ਕਿ ਸ਼ਾਇਦ ਇਹ ਜਹਾਂਗੀਰ ਨੂੰ ਸੱਚਾ ਪਾਤਸ਼ਾਹ ਕਹਿ ਰਿਹਾ ਹੈ ਤੇ ਉਸ ਨੂੰ ਜਹਾਂਗੀਰ ਦੇ ਤੰਬੂ ਵਿੱਚ ਭੇਜ ਦਿੱਤਾ। ਉਸ ਨੇ ਅੰਦਰ ਜਾ ਕੇ ਜਹਾਂਗੀਰ ਨੂੰ ਹੀ ਗੁਰੂ ਹਰਿਗੋਬਿੰਦ ਜੀ ਸਮਝ ਕੇ ਟਕੇ ਦਾ ਮੱਥਾ ਟੇਕਿਆ ਤੇ ਆਖਣ ਲੱਗਾ, "ਸੱਚੇ ਪਾਤਸ਼ਾਹ ਜੀ! ਕਿਰਪਾ ਕਰਨੀ ਮੇਰੀ ਲੋਕ ਤੇ ਪਰਲੋਕ ਵਿੱਚ ਰੱਖਿਆ ਕਰਨੀ ਤੇ ਗੁਰਸਿੱਖੀ ਦੀ ਦਾਤ ਬਖ਼ਸ਼ਣੀ।" ਇਹ ਸੁਣ ਕੇ ਜਹਾਂਗੀਰ ਸਮਝ ਗਿਆ ਕਿ ਇਹ ਗੁਰੂ ਜੀ ਦਾ ਸਿੱਖ ਹੈ ਤੇ ਭੁਲੇਖੇ ਨਾਲ ਇਧਰ ਆ ਗਿਆ ਹੈ। ਜਹਾਂਗੀਰ ਨੇ ਕਿਹਾ, ਸਿੱਖਾ ਮੈਂ ਇਸ ਦੁਨੀਆਂ ਦੇ ਸਾਰੇ ਪਦਾਰਥ ਤੈਨੂੰ ਦੇ ਸਕਦਾ ਹਾਂ, ਇਸ ਲਈ ਮੰਗ ਤੂੰ ਕੀ ਚਾਹੁੰਦਾ ਹੈਂ। ਉਸ ਸਿੱਖ ਨੂੰ ਜਦੋਂ ਪਤਾ ਲੱਗਾ ਕਿ ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਹੀਂ ਬਲਕਿ ਬਾਦਸ਼ਾਹ ਜਹਾਂਗੀਰ ਹੈ ਤਾਂ ਉਸ ਨੇ ਆਪਣਾ ਟਕਾ ਚੁੱਕ ਲਿਆ ਤੇ ਜਦੋਂ ਵਾਪਸ ਮੁੜਨ ਲੱਗਾ ਤਾਂ ਜਹਾਂਗੀਰ ਨੇ ਉਸ ਨੂੰ ਬੜੇ ਲਾਲਚ ਦਿੱਤੇ ਕਿ ਦੁਨੀਆਂ ਦੀ ਜੋ ਵੀ ਚੀਜ਼ ਤੂੰ ਮੰਗੇਗਾ ਮੈਂ ਤੈਨੂੰ ਉਹੋ ਹੀ ਦੇ ਦੇਵਾਂਗਾ। ਪਰ ਉਸ ਗ਼ਰੀਬ ਸਿੱਖ ਨੇ ਉਸ ਦੀ ਇੱਕ ਨਾ ਸੁਣੀ ਤੇ ਉੱਥੋਂ ਚਲਾ ਗਿਆ। ਜਹਾਂਗੀਰ ਇਹ ਦੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਜੀ ਦੇ ਸਿੱਖਾਂ ਦਾ ਆਪਣੇ ਗੁਰੂ ਨਾਲ ਕਿੰਨਾ ਪਿਆਰ ਹੈ ਕਿ ਦੁਨੀਆਂ ਦੇ ਕਿਸੇ ਵੀ ਪਦਾਰਥ ਲਈ ਉਹ ਆਪਣੇ ਗੁਰੂ ਨੂੰ ਛੱਡਣ ਲਈ ਤਿਆਰ ਨਹੀਂ ਹਨ।

ਹੁਣ ਉਹ ਸਿੱਖ ਗੁਰੂ ਜੀ ਕੋਲ ਗਿਆ ਤੇ ਜਾ ਕੇ ਟਕੇ ਦਾ ਮੱਥਾ ਟੇਕ ਕੇ ਬੇਨਤੀ ਕਰਨ ਲੱਗਾ, "ਸੱਚੇ ਪਾਤਸ਼ਾਹ ਜੀ! ਮਾਫ਼ ਕਰਨਾ ਮੈਂ ਭੁਲੇਖੇ ਨਾਲ ਗਲਤ ਥਾਂ 'ਤੇ ਚਲਾ ਗਿਆ ਸੀ, ਪਰ ਆਪ ਜੀ ਨੇ ਕਿਰਪਾ ਕਰਕੇ ਵਾਪਸ ਲੈ ਆਂਦਾ ਹੈ। ਕਿਰਪਾ ਕਰੋ ਮੈਨੂੰ ਸਿੱਖੀ ਦੀ ਦਾਤ ਬਖ਼ਸ਼ੋ ਤੇ ਮੇਰਾ ਲੋਕ-ਪਰਲੋਕ ਵਿੱਚ ਭਲਾ ਕਰਨਾ।" ਗੁਰੂ ਸਾਹਿਬ ਜੀ ਉਸ 'ਤੇ ਬੜੇ ਪ੍ਰਸੰਨ ਹੋਏ ਤੇ ਉਸ ਨੂੰ ਇਲਾਹੀ ਸ਼ਾਂਤੀ ਦਾ ਆਸ਼ੀਰਵਾਦ ਦਿੱਤਾ। ਉਹ ਗ਼ਰੀਬ ਸਿੱਖ ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਨਿਹਾਲ ਹੋਇਆ ਤੇ ਗੁਰੂ ਜੀ ਦੇ ਗੁਣ ਗਾਉਂਦਾ ਹੋਇਆ ਉੱਥੋਂ ਚਲਾ ਗਿਆ। ਕੁਝ ਸਮੇਂ ਬਾਅਦ ਉਹ ਸਿੱਖ ਬਹੁਤ ਅਮੀਰ ਵੀ ਹੋ ਗਿਆ ਅਤੇ ਪ੍ਰਭੂ ਦਾ ਭਗਤ ਵੀ ਬਣ ਗਿਆ।

ਇੱਥੋਂ ਗੁਰੂ ਸਾਹਿਬ ਜੀ ਅੰਮ੍ਰਿਤਸਰ ਗਏ। ਉਸ ਦਿਨ ਦਿਵਾਲੀ ਸੀ, ਜੋ ਹਿੰਦੂ ਮਤ ਵਿੱਚ ਸ੍ਰੀ ਰਾਮ ਚੰਦ੍ਰ ਜੀ ਦੇ 14 ਸਾਲ ਦੇ ਬਨਵਾਸ ਤੋਂ ਵਾਪਸ ਆਉਣ ਦੀ ਖ਼ੁਸ਼ੀ ਵਿੱਚ ਮਨਾਈ ਜਾਂਦੀ ਹੈ। ਗੁਰੂ ਸਾਹਿਬ ਜੀ ਦੀ ਅੰਮ੍ਰਿਤਸਰ ਵਿਖੇ ਆਮਦ ਦੀ ਖ਼ੁਸ਼ੀ ਵਿੱਚ ਬਾਬਾ ਬੁੱਢਾ ਜੀ ਦੇ ਹੁਕਮ ਅਨੁਸਾਰ ਸਾਰੇ ਸਿੱਖਾਂ ਨੇ ਅੰਮ੍ਰਿਤਸਰ ਨੂੰ ਦੀਵਿਆਂ ਤੇ ਬੱਤੀਆਂ ਦੇ ਨਾਲ ਜਗ-ਮਗਾ ਦਿੱਤਾ। ਉਸ ਦਿਨ ਤੋਂ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਦਿਵਾਲੀ ਮਨਾਉਣ ਦੀ ਪ੍ਰਥਾ ਸ਼ੁਰੂ ਹੋਈ, ਜੋ ਅੱਜ ਤੱਕ ਜਾਰੀ ਹੈ।

**ਗੁਰੂ ਸਾਹਿਬ ਦੀਆਂ ਜੰਗਾਂ** - ਜਹਾਂਗੀਰ ਦੇ ਮਰਨ ਮਗਰੋਂ ਸ਼ਾਹਜਹਾਂ ਤਖ਼ਤ 'ਤੇ ਬੈਠਾ। ਉਸ ਨੇ ਸਿੱਖਾਂ ਬਾਰੇ ਆਪਣੀ ਨੀਤੀ ਹੋਰ ਵੀ ਕਰੜੀ ਕਰ ਲਈ ਜਿਸ ਕਰਕੇ ਗੁਰੂ ਹਰਿਗੋਬਿੰਦ ਜੀ ਨੇ ਲੁਕਾਈ ਦੀ ਰੱਖਿਆ ਲਈ ਚਾਰ ਜੰਗਾਂ ਲੜੀਆਂ ਤੇ ਫ਼ਤਹਿ ਕੀਤੀਆਂ, ਪਰ ਗੁਰੂ ਸਾਹਿਬ ਨੇ ਆਪਣਾ ਰਾਜ-ਭਾਗ ਸਥਾਪਿਤ ਕਰਨ ਵਾਸਤੇ, ਇੱਕ ਇੰਚ ਇਲਾਕੇ 'ਤੇ ਵੀ ਕਬਜ਼ਾ ਨਹੀਂ ਕੀਤਾ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਲੁਕਾਈ ਦੇ ਭਲੇ ਵਾਸਤੇ ਧਰਮ ਯੁੱਧ ਹੀ ਕੀਤੇ।

**ਬਾਬਾ ਬੁੱਢਾ ਜੀ ਦਾ ਦੇਹਾਂਤ** - ੧੬੩੧ ਵਿੱਚ ਤੀਜੀ ਜੰਗ ਤੋਂ ਬਾਅਦ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਾਬਾ ਬੁੱਢਾ ਜੀ ਦੇ ਢਿੱਲੇ ਹੋਣ ਦਾ ਪਤਾ ਲੱਗਾ ਤਾਂ ਉਹ ਰਮਦਾਸ ਪੁੱਜੇ। ਬਾਬਾ ਜੀ ਦੇ ਅਕਾਲ ਚਲਾਣੇ 'ਤੇ ਆਪ ਜੀ ਨੇ ਆਪਣੇ ਹੱਥੀਂ ਉਨ੍ਹਾਂ ਦਾ ਸਸਕਾਰ

ਕੀਤਾ। ਬਾਬਾ ਬੁੱਢਾ ਜੀ ਸਾਰੀ ਉਮਰ ਆਪਣੇ ਜੀਵਨ ਤੇ ਆਚਰਨ ਦੁਆਰਾ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਇਹ ਵੀ ਸਾਰੇ ਸੰਸਾਰ ਲਈ ਇੱਕ ਲਾਸਾਨੀ ਮਿਸਾਲ ਹੈ ਕਿ ਬਾਬਾ ਜੀ ਇੱਕ ਅਜਿਹੇ ਬ੍ਰਹਮਗਿਆਨੀ ਸਨ ਕਿ ਉਨ੍ਹਾਂ ਨੇ ਆਪਣੇ ਹੱਥੀਂ ਛੇਵੀਂ ਪਾਤਸ਼ਾਹੀ ਤੱਕ ਗੁਰਿਆਈ ਦਾ ਤਿਲਕ ਦਿੱਤਾ ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਉਹ ਪੂਰਨ ਰੂਪ ਵਿੱਚ ਆਤਮ-ਦਰਸ਼ੀ ਭਾਵ ਬ੍ਰਹਮਗਿਆਨੀ ਬਣ ਚੁੱਕੇ ਸਨ, ਪਰ ਉਨ੍ਹਾਂ ਨੇ ਕਦੇ ਵੀ ਇਹ ਇੱਛਾ ਪ੍ਰਗਟ ਨਹੀਂ ਸੀ ਕੀਤੀ ਕਿ ਉਨ੍ਹਾਂ ਨੂੰ ਗੁਰੂ ਬਣਾਇਆ ਜਾਵੇ।

**ਧਰਮ ਪਰਚਾਰ** – ਜੰਗਾਂ ਮਗਰੋਂ ਗੁਰੂ ਸਾਹਿਬ ਜੀ ਕੀਰਤਪੁਰ ਵਿਖੇ ਟਿਕ ਗਏ। ਉੱਥੋਂ ਆਪ ਧਰਮ ਪਰਚਾਰ ਕਰਨ ਲਈ ਦੂਰ-ਦੂਰ ਤਕ ਗਏ। ਕਸ਼ਮੀਰ, ਨਨਕਾਣਾ ਸਾਹਿਬ, ਪੀਲੀਭੀਤ, ਮਾਲਵੇ ਆਦਿ ਵਿੱਚ ਲੱਖਾਂ ਨੂੰ ਗੁਰਸਿੱਖੀ ਦਾ ਦਾਨ ਦਿੱਤਾ ਅਤੇ ਅਨੇਕ ਹਿੰਦੂ ਮੁਸਲਮਾਨ ਸਿੱਖ ਬਣੇ। ਆਪ ਜੀ ਨੇ ਪਰਚਾਰ ਲਈ ਉਦਾਸੀ ਸਾਧੂਆਂ ਨੂੰ ਦੇਸ਼-ਦੇਸ਼ਾਂਤਰਾਂ ਵਿੱਚ ਭੇਜਿਆ।

**ਬਾਬਾ ਅਟੱਲ ਰਾਇ ਜੀ** – ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਉਨ੍ਹਾਂ ਵਿੱਚੋਂ ਗੁਰੂ ਜੀ ਦੀ ਸ਼ਖ਼ਸ਼ੀਅਤ ਤੋਂ ਪ੍ਰਭਾਵਿਤ ਬਾਬਾ ਅਟੱਲ ਰਾਇ ਜੀ ਬਚਪਨ ਤੋਂ ਹੀ ਪ੍ਰਭੂ ਨਾਮ ਨਾਲ ਜੁੜ ਗਏ ਸਨ ਤੇ ਕਾਫ਼ੀ ਅਧਿਆਤਮਕ ਸਮਰਥਾ ਨੂੰ ਪ੍ਰਾਪਤ ਕਰ ਚੁੱਕੇ ਸਨ। ਇੱਕ ਦਿਨ ਉਹ ਆਪਣੇ ਸਾਥੀਆਂ ਨਾਲ ਖਿੱਦੋ-ਖੂੰਡੀ ਖੇਡ ਰਹੇ ਸਨ। ਜਦੋਂ ਉਨ੍ਹਾਂ ਦੇ ਇੱਕ ਸਾਥੀ ਮੋਹਨ ਜੀ ਦੇ ਸਿਰ ਵਾਰੀ ਆਈ ਤਾਂ ਹਨੇਰਾ ਹੋ ਜਾਣ ’ਤੇ ਖੇਡ ਬੰਦ ਕਰ ਦਿੱਤੀ ਗਈ ਤੇ ਅਗਲੀ ਸਵੇਰ ਉਸ ਨੇ ਵਾਰੀ ਦੇਣੀ ਸੀ। ਪਰ ਰਾਤ ਨੂੰ ਸੱਪ ਲੜ ਜਾਣ ਨਾਲ ਮੋਹਨ ਦੀ ਮੌਤ ਹੋ ਗਈ। ਕਾਫ਼ੀ ਦੇਰ ਉਡੀਕਣ ਤੋਂ ਬਾਅਦ ਜਦੋਂ ਬਾਬਾ ਅਟੱਲ ਰਾਇ ਜੀ ਉਸ ਨੂੰ ਲੈਣ ਉਸ ਦੇ ਘਰ ਗਏ ਤਾਂ ਅੱਗੋਂ ਪਤਾ ਲੱਗਾ ਕਿ ਉਸ ਦੀ ਤਾਂ ਮੌਤ ਹੋ ਚੁੱਕੀ ਹੈ। ਬਾਬਾ ਜੀ ਆਖਣ ਲੱਗੇ, “ਹਾਂ, ਵਾਰੀ (ਮੀਟੀ) ਦੇਣ ਦਾ ਮਾਰਾ ਪਾਖੰਡ ਕਰ ਰਿਹਾ ਹੋਣਾ ਏ, ਮੈਂ ਦੇਖਦਾ ਹਾਂ ਇਸ ਪਾਖੰਡੀ ਨੂੰ।” ਉਨ੍ਹਾਂ ਨੇ ਜਾ ਕੇ ਖੂੰਡੀ ਉਸ ਦੇ ਗਲ ਵਿੱਚ ਪਾ ਲਈ ਤੇ ਆਖਣ ਲੱਗੇ, “ਉੱਠ ਓਇ ਪਾਖੰਡੀਆ! ਆ ਕੇ ਆਪਣੀ ਵਾਰੀ ਦੇਹ, ਵਾਰੀ ਦੇਣ ਦਾ ਮਾਰਾ ਇੱਥੇ ਲੰਮੇ ਪਿਆ ਏਂ।” ਬਾਬਾ ਜੀ ਦੇ ਇਹ ਗੱਲ ਕਹਿਣ ’ਤੇ ਉਹ ਸਚ-ਮੁੱਚ ਹੀ ਉੱਠ ਕੇ ਖੜਾ ਹੋ ਗਿਆ ਤੇ ਜਾ ਕੇ ਆਪਣੇ ਹਾਣੀਆਂ ਨਾਲ ਖੇਡਣ ਲੱਗ ਪਿਆ। ਬਾਬਾ ਜੀ ਦੀ ਇਸ ਕਰਾਮਾਤ ’ਤੇ ਪਰਿਵਾਰ ਅਤੇ ਸਾਰੇ ਸ਼ਹਿਰ ਵਾਸੀਆਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਪਰ ਜਦੋਂ ਇਸ ਗੱਲ ਦਾ ਪਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਲੱਗਾ ਤਾਂ ਉਨ੍ਹਾਂ ਨੇ ਬਾਬਾ ਅਟੱਲ ਰਾਇ ਜੀ ਨੂੰ ਕਿਹਾ, “ਪੁੱਤਰ ਜੀ! ਇਹ ਤੁਸੀਂ ਬਹੁਤ ਭਾਰੀ ਭੁੱਲ ਕੀਤੀ ਹੈ, ਇਸ ਤਰ੍ਹਾਂ ਕਰਕੇ ਤੁਸੀਂ ਸਿੱਧੀ ਪਰਮਾਤਮਾ ਦੇ ਭਾਣੇ ਵਿੱਚ ਦਖ਼ਲ ਅੰਦਾਜ਼ੀ ਕੀਤੀ ਹੈ। ਇਹ ਗੁਰੂ ਨਾਨਕ ਦੇ ਸਿਧਾਂਤਾਂ ਦੇ ਉੱਲਟ ਹੈ। ਇੱਕ ਮਿਆਨ ਵਿੱਚ ਦੋ ਕਿਰਪਾਨਾਂ ਨਹੀਂ ਰਹਿ ਸਕਦੀਆਂ।”

ਬਾਬਾ ਅਟੱਲ ਰਾਇ ਜੀ ਨੇ ਵਿਚਾਰਿਆ ਕਿ ਕਿ ਪਿਤਾ ਜੀ ਦੀ ਨਰਾਜ਼ਗੀ ਠੀਕ ਹੈ, ਮੇਰੀ ਗ਼ਲਤੀ ਮਾਫ ਕਰਨ ਦੇ ਲਾਇਕ ਨਹੀਂ ਹੈ। ਉਨ੍ਹਾਂ ਪ੍ਰਭੂ ਚਰਨਾਂ ਵਿੱਚ ਅਰਦਾਸ ਕੀਤੀ ਕਿ, “ਹੇ ਪ੍ਰਭੂ! ਮੈਂ ਹੁਣ ਜਿਉਣਾ ਨਹੀਂ ਚਾਹੁੰਦਾ। ਮੈਂ ਕਿਸ ਮੂੰਹ ਨਾਲ ਗੁਰੂ-ਪਿਤਾ ਜੀ ਦੀ ਹਜ਼ੂਰੀ ਵਿੱਚ ਜਾਇਆ ਕਰਾਂਗਾ। ਇਸ ਲਈ ਮੈਨੂੰ ਆਪਣੇ ਪਾਸ ਬੁਲਾ ਲਉ ਤੇ ਜੇਕਰ ਮੇਰੀ ਇਹ ਅਰਦਾਸ ਵੀ ਇੱਕ ਭੁੱਲ ਹੈ ਤਾਂ ਮੇਰੀਆਂ ਇਹ ਦੋਵੇਂ ਭੁੱਲਾਂ ਮਾਫ ਕਰ ਦੇਣੀਆਂ।” ਇਹ ਆਖ ਕੇ ਬਾਬਾ ਜੀ ਚਾਦਰ ਲੈ ਕੇ ਲੰਮੇ ਪੈ ਗਏ ਤੇ ਲੰਮੇ ਪਇਆਂ ਹੀ ਉਹਨਾਂ ਨੇ ਆਪਣੇ ਸਵਾਸ ਤਿਆਗ ਦਿੱਤੇ ਤੇ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ। ਅੰਮ੍ਰਿਤਸਰ ਵਿਖੇ ‘**ਹਰਿਮੰਦਰ ਸਾਹਿਬ**’ ਦੇ ਲਾਗੇ ਜਿੱਥੇ ਉਹਨਾਂ ਦੇ ਸਰੀਰ ਦਾ ਸਸਕਾਰ ਕੀਤਾ ਗਿਆ ਸੀ, ਉੱਥੇ ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ‘**ਬਾਬਾ ਅਟੱਲ ਸਾਹਿਬ**’ ਬਣਿਆ ਹੋਇਆ ਹੈ। ਬਾਬਾ ਅਟੱਲ ਰਾਇ ਜੀ ਦੀ ਉਮਰ ਉਸ ਵੇਲੇ ਨੌਂ ਵਰ੍ਹਿਆਂ ਦੀ ਸੀ, ਇਸ ਲਈ ਗੁਰਦੁਆਰੇ ਦੀਆਂ ਮੰਜ਼ਲਾਂ ਵੀ ਨੌਂ ਹਨ। ਏਥੇ ਸੰਗਤਾਂ ਲੰਗਰ ਵਾਸਤੇ ਆਪਣੇ ਘਰਾਂ ਤੋਂ ਰੋਟੀਆਂ ਪਕਾ ਕੇ ਲਿਜਾਂਦੀਆਂ ਹਨ ਤੇ ਲੋੜਵੰਦਾਂ ਨੂੰ ਛਕਾਉਂਦੀਆਂ ਹਨ। ਇਸ ਕਰਕੇ ਉੱਥੇ ਲੋਕ ਕਹਿੰਦੇ ਹਨ:

**ਬਾਬਾ ਅਟੱਲ, ਪੱਕੀਆਂ ਪਕਾਈਆਂ ਘੱਲ।**

**ਬਾਬਾ ਸ੍ਰੀ ਚੰਦ ਜੀ ਨਾਲ ਮੁਲਾਕਾਤ** – ਇੱਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਲਈ ਬਾਰਠ ਪਿੰਡ ਵਿੱਚ ਗਏ। ਬਾਬਾ ਗੁਰਦਿੱਤਾ ਜੀ ਵੀ ਉਹਨਾਂ ਦੇ ਨਾਲ ਸਨ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਸਾਹਿਬ ਜੀ ਦਾ ਬੜਾ ਸਤਿਕਾਰ ਕੀਤਾ। ਉਹ ਗੁਰੂ ਸਾਹਿਬ ਜੀ ਨਾਲ ਕਾਫੀ ਦੇਰ ਵਿਚਾਰ-ਵਿਟਾਦਰਾ ਕਰਦੇ ਰਹੇ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਸਾਹਿਬ ਜੀ ਤੋਂ ਉਨ੍ਹਾਂ ਦੇ ਇੱਕ ਸਪੁੱਤਰ ਦੀ ਮੰਗ ਕੀਤੀ। ਗੁਰੂ ਸਾਹਿਬ ਜੀ ਨੇ ਉਸੇ ਸਮੇਂ ਨਾਲ ਆਏ ਬਾਬਾ ਗੁਰਦਿੱਤਾ ਜੀ ਵੱਲ ਇਸ਼ਾਰਾ ਕਰਕੇ ਕਿਹਾ, ਇਸ ਨੂੰ ਆਪਣਾ ਪੁੱਤਰ ਹੀ ਸਮਝੋ।

ਬਾਬਾ ਸ੍ਰੀ ਚੰਦ ਜੀ ਬੜੇ ਪ੍ਰਸੰਨ ਹੋਏ ਤੇ ਕਿਹਾ, “ਤਾਂ ਫਿਰ ਇਹ ਬਾਲਕ ਅੱਜ ਤੋਂ ਸਾਡਾ ਹੋਇਆ। ਅਸੀਂ ਇਸ ਤੋਂ ਬੜੀ ਉੱਤਮ ਸੇਵਾ ਲੈਣੀ ਹੈ।” ਬਾਬਾ ਸ੍ਰੀ ਚੰਦ ਜੀ ਨੇ ਬੜੀ ਪ੍ਰਸੰਨਤਾ ਨਾਲ ਆਪਣੀ ਸੇਲੀ-ਟੋਪੀ ਸਿਰ ਤੋਂ ਲਾਹ ਕੇ ਬਾਬਾ ਗੁਰਦਿੱਤਾ ਜੀ ਦੇ ਸਿਰ

'ਤੇ ਪਹਿਨਾ ਦਿੱਤੀ ਤੇ ਨਾਲ ਹੀ ਕਿਹਾ, "ਗੁਰੂ ਸਾਹਿਬ ਜੀ! ਗੁਰਗੱਦੀ ਤਾਂ ਅੱਗੇ ਹੀ ਤੁਹਾਡੇ ਕੋਲ ਹੈ ਤੇ ਸਾਡੇ ਪਾਸ ਜੋ ਥੋੜ੍ਹਾ ਬਹੁਤ ਤਪ ਤੇ ਫਕੀਰੀ ਸੀ, ਇਹ ਵੀ ਅੱਜ ਤੋਂ ਤੁਹਾਡੇ ਹਵਾਲੇ ਹੈ।" ਇਸ ਤਰ੍ਹਾਂ ਬਾਬਾ ਗੁਰਦਿੱਤਾ ਜੀ ਗੁਰੂ-ਪਿਤਾ ਜੀ ਦੀ ਆਗਿਆ ਅਨੁਸਾਰ ਬਾਬਾ ਸ੍ਰੀ ਚੰਦ ਜੀ ਦੇ ਚੇਲੇ ਬਣ ਗਏ ਤੇ ਬਾਬਾ ਸ੍ਰੀ ਚੰਦ ਜੀ ਤੋਂ ਬਾਅਦ ਉਹਨਾਂ ਦੀ ਆਗਿਆ ਅਨੁਸਾਰ ਉਦਾਸੀ ਮੱਤ ਦੇ ਮੁਖੀ ਬਣੇ। ਗੁਰੂ ਸਾਹਿਬ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਹੁਕਮ ਦਿੱਤਾ, "ਪੁੱਤਰ ਜੀ! ਪੂਰੀ ਤਨ-ਦੇਹੀ ਨਾਲ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦਾ ਪ੍ਰਚਾਰ ਕਰੋ। ਇਸ ਕੰਮ ਲਈ ਉੱਚੇ-ਸੁੱਚੇ ਜੀਵਨ ਵਾਲੇ ਉਦਾਸੀ ਸਾਧੂ ਚੁਣੋ ਅਤੇ ਉਹਨਾਂ ਨੂੰ ਖ਼ਾਸ-ਖ਼ਾਸ ਇਲਾਕਿਆਂ ਵਿਚ ਸਿੱਖੀ ਦੇ ਪ੍ਰਚਾਰ ਲਈ ਸਥਾਪਿਤ ਕਰੋ।"

ਗੁਰੂ ਸਾਹਿਬ ਜੀ ਦੀ ਆਗਿਆ ਅਨੁਸਾਰ ਬਾਬਾ ਗੁਰਦਿੱਤਾ ਜੀ ਨੇ ਉਦਾਸੀ ਸਾਧੂਆਂ ਰਾਹੀਂ ਸਿੱਖੀ ਦਾ ਖ਼ੂਬ ਪ੍ਰਚਾਰ ਕੀਤਾ। ਉਹਨਾਂ ਨੇ ਪ੍ਰਚਾਰ ਲਈ ਚਾਰ ਮੁੱਖ ਉਦਾਸੀ ਸਾਧੂ ਚੁਣੇ ਤੇ ਉਹਨਾਂ ਦੇ ਕੇਂਦਰ ਸਥਾਪਿਤ ਕੀਤੇ, ਜਿਨ੍ਹਾਂ ਨੂੰ ਚਾਰ ਧੂਣੇ ਵੀ ਕਿਹਾ ਜਾਂਦਾ ਹੈ। ਉਹਨਾਂ ਦੇ ਨਾਂ ਸਨ- ਬਾਲੂ ਹਸਨਾ ਜੀ, ਅਲਮਸਤ ਜੀ, ਫੂਲ ਸ਼ਾਹ ਜੀ ਅਤੇ ਗੋਂਦਾ ਜੀ। ਇਹਨਾਂ ਸਭਨਾ ਨੇ ਬੜੀ ਲਗਨ ਤੇ ਉਤਸ਼ਾਹ ਨਾਲ ਸਿੱਖੀ ਦਾ ਪ੍ਰਚਾਰ ਕੀਤਾ।

**ਅਸਥਾਨ ਤੇ ਨਗਰ ਵਸਾਏ**:-

੧. ਅੰਮ੍ਰਿਤਸਰ ਵਿਖੇ ਅਕਾਲ ਤਖ਼ਤ, ਕੌਲਸਰ, ਰਾਮਸਰ ਆਦਿ ਬਣਾਏ।

੨. ਗੁਰੂ ਅਰਜਨ ਦੇਵ ਜੀ ਨੇ ਆਪਣੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਦੇ ਨਾਮ 'ਤੇ ਹਰਗੋਬਿੰਦਪੁਰ ਨਾਂ ਦਾ ਸ਼ਹਿਰ ਗੁਰਦਾਸ ਪੁਰ ਜ਼ਿਲ੍ਹੇ ਵਿੱਚ ਵਸਾਇਆ, ਜਿੱਥੇ ਸਿੱਖ ਅਤੇ ਗੁਰੂ ਜੀ ਦੇ ਸ਼ਰਧਾਲੂ ਮੁਸਲਮਾਨ ਵੀ ਰਹਿੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਸਹਿਰ ਵਿੱਚ ਜਿੱਥੇ ਸਿੱਖਾਂ ਲਈ ਇਕ ਸੋਹਣੀ ਧਰਮਸ਼ਾਲਾ ਬਣਵਾਈ ਉੱਥੇ ਮੁਸਲਮਾਨ ਸ਼ਰਧਾਲੂਆਂ ਲਈ ਇੱਕ ਸੋਹਣੀ ਮਸੀਤ ਵੀ ਬਣਵਾਈ ਤਾਂ ਕਿ ਉਹ ਅੱਲਾ-ਤਾਲਾ ਦਾ ਨਾਮ ਲੈ ਕੇ ਆਪਣਾ ਜਨਮ ਸਫ਼ਲਾ ਕਰ ਸਕਣ। ਇਹ ਸ਼ੁਭ ਕਾਰਜ਼ ਦੁਨੀਆਂ ਵਿੱਚ ਬੇਮਿਸਾਲ ਹੈ ਕਿ ਕਿਸੇ ਅਵਤਾਰੀ ਪੁਰਸ਼ ਨੇ ਦੂਜੇ ਮਤ ਦੇ ਲੋਕਾਂ ਲਈ ਉਨ੍ਹਾਂ ਦਾ ਧਰਮ ਮੰਦਰ ਬਣਵਾਇਆ ਹੋਵੇ। ਗੁਰੂ ਜੀ ਨੇ ਮੁਸਲਮਾਨਾਂ ਨੂੰ ਅੱਲਾ-ਤਾਲਾ ਦਾ ਉਪਦੇਸ਼ ਤਾਂ ਜ਼ਰੂਰ ਦਿੱਤਾ, ਪਰ ਉਨ੍ਹਾਂ ਨੂੰ ਕਦੇ ਵੀ ਜ਼ਬਰੀ ਆਪਣੇ ਸਿੱਖ ਬਣਨ ਲਈ ਨਹੀਂ ਕਿਹਾ।

੪. ਲਾਹੌਰ ਦੇ ਕਿਲ੍ਹੇ ਪਾਸ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਵਾਲੀ ਥਾਂ 'ਤੇ ਡੇਹਰਾ ਸਾਹਿਬ ਕਾਇਮ ਕੀਤਾ।

੫. ਜ਼ਿਲ੍ਹਾ ਰੋਪੜ ਦੇ ਪਹਾੜੀ ਇਲਾਕੇ ਵਿੱਚ ਸਤਲੁਜ ਦਰਿਆ ਦੇ ਕੰਢੇ ਕੀਰਤਪੁਰ ਨਾਂ ਦਾ ਇੱਕ ਨਗਰ ਵਸਾਇਆ ਅਤੇ ਇਸ ਤੋਂ ਬਾਅਦ ਬਾਕੀ ਉਮਰ ਇੱਥੇ ਹੀ ਟਿਕੇ ਰਹੇ। ਸ੍ਰੀ ਹਰਿਰਾਇ ਸਾਹਿਬ ਜੀ ਦਾ ਤੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਇੱਥੇ ਹੀ ਹੋਇਆ।

**ਜੋਤੀ ਜੋਤ ਸਮਾਉਣਾ** - ਆਪਣੇ ਪੋਤਰੇ ਸ੍ਰੀ ਹਰਿਰਾਇ ਸਾਹਿਬ ਨੂੰ ਗੁਰੂ ਨਾਨਕ ਦੀ ਗੱਦੀ 'ਤੇ ਬਿਠਾ ਕੇ ਪੰਜ ਪੈਸੇ ਨਾਰੀਅਲ ਰੱਖ ਕੇ ਪੰਜ ਪਰਕਰਮਾਂ ਕਰਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾਇਆ ਤੇ ਸੱਤਵੇਂ ਗੁਰੂ ਨਾਨਕ ਪ੍ਰਗਟ ਕੀਤੇ। ਆਪ ਜੀ ੩ ਮਾਰਚ ਸੰਨ ੧੬੪੪ ਨੂੰ ਕੀਰਤਪੁਰ ਵਿੱਚ ਜੋਤੀ ਜੋਤ ਸਮਾ ਗਏ।

## ਗੁਰੂ ਹਰਿਰਾਇ ਜੀ

ਗੁਰੂ ਹਰਿਰਾਇ ਜੀ ਦਾ ਜਨਮ ਬਾਬਾ ਗੁਰਦਿੱਤਾ ਜੀ ਦੇ ਗ੍ਰਹਿ ਵਿਖੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ 16 ਜਨਵਰੀ 1630 ਈ: ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ।

**ਪੜ੍ਹਾਈ ਲਿਖਾਈ** - ਆਪ ਜੀ ਦੀ ਪੜ੍ਹਾਈ ਸਿਖਲਾਈ ਮੀਰੀ-ਪੀਰੀ ਦੇ ਮਾਲਕ ਛੇਵੇਂ ਸਤਿਗੁਰਾਂ ਦੀ ਨਿਗਰਾਨੀ ਹੇਠ ਹੋਈ। ਆਪ ਜੀ ਨੂੰ ਧਾਰਮਿਕ ਵਿੱਦਿਆ ਦੇ ਨਾਲ-ਨਾਲ ਘੋੜ-ਸਵਾਰੀ, ਸ਼ਸਤਰਾਂ ਦੀ ਵਰਤੋਂ ਤੇ ਬਹਾਦਰੀ ਵਾਲੇ ਹੋਰ ਅਭਿਆਸ ਵੀ ਸਿਖਾਏ ਗਏ।

**ਸ੍ਰੀ ਹਰਿਰਾਇ ਜੀ ਦਾ ਕੋਮਲ ਦਿਲ** - ਇੱਕ ਦਿਨ ਸ੍ਰੀ ਹਰਿਰਾਇ ਜੀ ਬਾਗ ਵਿੱਚ ਟਹਿਲ ਰਹੇ ਸਨ ਕਿ ਉਨ੍ਹਾਂ ਦੇ ਕਲੀਆਂ ਵਾਲੇ ਖੁੱਲ੍ਹੇ ਚੋਲੇ ਨਾਲ ਅੜ ਕੇ ਇੱਕ ਟਹਿਣੀ ਨਾਲੋਂ ਫੁੱਲ ਟੁੱਟ ਕੇ ਥੱਲੇ ਡਿੱਗ ਪਏ। ਟੁੱਟੇ ਹੋਏ ਫੁੱਲਾਂ ਨੂੰ ਦੇਖ ਕੇ ਉਹ ਬੜੇ ਨਰਾਜ਼ ਹੋਏ। ਉਸੇ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਉੱਥੇ ਆ ਗਏ ਤੇ ਟੁੱਟੇ ਹੋਏ ਫੁੱਲ ਦੇਖ ਕੇ ਆਖਣ ਲੱਗੇ, "ਪੁੱਤਰ ਜੀ! ਜੇ ਖੁੱਲ੍ਹਾ ਚੋਲਾ ਪਹਿਨੀਏ ਤਾਂ ਸੰਕੋਚ ਕੇ ਚੱਲਣਾ ਚਾਹੀਦਾ ਹੈ, ਭਾਵ ਸੀ ਕਿ ਜੇ ਤਾਕਤ ਹੋਵੇ ਤਾਂ ਉਸ ਦੀ ਵਰਤੋਂ ਲੁਕਾਈ ਦੇ ਭਲੇ ਲਈ ਹੀ ਕਰਨੀ

ਚਾਹੀਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਨ੍ਹਾਂ ਬਚਨਾਂ ਦਾ ਅਸਰ ਸ੍ਰੀ ਹਰਿਰਾਇ ਜੀ ਦੇ ਮਨ ਤੇ ਅਜਿਹਾ ਗਹਿਰਾ ਹੋਇਆ ਕਿ ਉਨ੍ਹਾਂ ਨੇ ਸਾਰੇ ਜੀਵਨ ਦੌਰਾਨ ਕਦੇ ਕਿਸੇ ਦਾ ਦਿਲ ਨਾ ਦੁਖਾਇਆ ਬਲਕਿ ਹਮੇਸ਼ਾਂ ਦੂਜਿਆਂ ਦੇ ਦੁੱਖ ਦੂਰ ਕਰਨ ਦਾ ਯਤਨ ਕਰਦੇ ਰਹੇ। (੧੯੨

**ਵਿਆਹ** – ਆਪ ਜੀ ਦਾ ਵਿਆਹ, ਅਨੂਪ ਸ਼ਹਿਰ (ਉੱਤਰ ਪ੍ਰਦੇਸ਼) ਨਿਵਾਸੀ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ (ਸੁਲੱਖਣੀ) ਜੀ ਨਾਲ ਹੋਇਆ। ਇਨ੍ਹਾਂ ਦੀ ਕੁੱਖ ਤੋਂ ਦੋ ਸਪੁੱਤਰ, ਸ੍ਰੀ ਰਾਮਰਾਇ ਅਤੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਪੈਦਾ ਹੋਏ।

**ਗੁਰਗੱਦੀ** – ਆਪ ਜੀ ੩ ਮਾਰਚ ਸੰਨ ੧੬੪੪ ਨੂੰ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ।

**ਸੇਵਾ ਤੇ ਦਵਾਈ ਖਾਨਾ** – ਗੁਰੂ ਸਾਹਿਬ ਨੇ ਗ਼ਰੀਬਾਂ, ਲੋੜਵੰਦਾਂ ਤੇ ਰੋਗੀਆਂ ਦੀ ਦੇਖਭਾਲ, ਸੇਵਾ ਅਤੇ ਇਲਾਜ ਵੱਲ ਖਾਸ ਧਿਆਨ ਦਿੱਤਾ। ਆਪ ਜੀ ਦੇ ਦਵਾਈ ਖਾਨੇ ਵਿੱਚ ਅਮੀਰ-ਗ਼ਰੀਬ ਇਲਾਜ ਕਰਵਾਇਆ ਕਰਦੇ ਸਨ। ਜਦੋਂ ਜਹਾਂਗੀਰ ਦਾ ਬੇਟਾ ਦਾਰਾ ਸ਼ਿਕੋਹ ਬਹੁਤ ਬਿਮਾਰ ਹੋ ਗਿਆ ਅਤੇ ਕਿੱਧਰੇ ਵੀ ਇਲਾਜ਼ ਨਾ ਹੋਇਆ ਤਾਂ ਗੁਰੂ ਸਾਹਿਬ ਦੇ ਦਵਾਈ ਖਾਨੇ ਤੋਂ ਦਵਾਈ ਮੰਗਵਾਈ ਗਈ। ਜਿਸ ਨਾਲ ਉਹ ਤੰਦਰੁਸਤ ਹੋ ਗਿਆ।

**ਸ਼ਿਕਾਰ ਦੇ ਇਲਾਹੀ ਚੋਜ** – ਗੁਰੂ ਸਾਹਿਬ ਸ਼ਿਕਾਰ ਤਾਂ ਖੇਡਦੇ ਸਨ ਪਰ ਜਾਨਵਰਾਂ ਨੂੰ ਮਾਰਨ ਦੀ ਬਜਾਏ ਕਮਜ਼ੋਰ ਅਤੇ ਬੀਮਾਰ ਜਾਨਵਰਾਂ ਨੂੰ ਪਕੜ ਲਿਆਉਂਦੇ, ਇਲਾਜ ਕਰਦੇ ਅਤੇ ਮੁੜ ਜੰਗਲ ਵਿੱਚ ਛੱਡ ਦਿੰਦੇ।

**ਗੁਰੂ ਸਾਹਿਬ ਦੀ ਫੌਜ** – ਗੁਰੂ ਸਾਹਿਬ ਪਾਸ ਹਰ ਵੇਲੇ ਤਿਆਰ-ਬਰ-ਤਿਆਰ ੨੨●● ਸਵਾਰ ਰਹਿੰਦੇ ਪਰ ਆਪ ਜੀ ਨੇ ਕੋਈ ਜੰਗ ਨਹੀਂ ਲੜੀ। ਜਦੋਂ ਦਾਰਾ ਸ਼ਿਕੋਹ ਆਪਣੇ ਭਰਾ ਔਰੰਗਜ਼ੇਬ ਤੋਂ ਬਚਣ ਲਈ ਗੁਰੂ ਜੀ ਦੀ ਸ਼ਰਨ ਗੋਇੰਦਵਾਲ ਵਿਖੇ ਪਹੁੰਚਿਆ ਅਤੇ ਉਸ ਨੇ ਸਹਾਇਤਾ ਦੀ ਪੁਕਾਰ ਕੀਤੀ ਤਾਂ ਗੁਰੂ ਸਾਹਿਬ ਨੇ ਮਗਰ ਆ ਰਹੀ ਔਰੰਗਜ਼ੇਬ ਦੀ ਫੌਜ ਨੂੰ ਦਰਿਆ ਤੋਂ ਪਾਰ ਡੱਕ ਦਿੱਤਾ ਅਤੇ ਦਾਰਾ ਸ਼ਿਕੋਹ ਬਚ ਕੇ ਲਾਹੌਰ ਜਾ ਪੁੱਜਾ। ਜਦੋਂ ਬ੍ਰਾਹਮਣਾਂ ਅਤੇ ਮੌਲਾਣਿਆਂ ਨੇ ਇਸ ਗੱਲ ਬਾਰੇ ਔਰੰਗਜ਼ੇਬ ਦੇ ਕੰਨ ਭਰੇ ਤਾਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ। ਗੁਰੂ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਭੇਜਿਆ। ਬਾਬਾ ਰਾਮਰਾਇ ਜੀ ਨੇ ਬਹੁਤ ਹੀ ਕਰਾਮਾਤਾਂ ਦਿਖਾ ਕੇ ਔਰੰਗਜ਼ੇਬ ਨੂੰ ਕਾਇਲ ਕਰ ਲਿਆ ਪਰ ਜਦੋਂ ਕਾਜ਼ੀਆਂ ਅਤੇ ਮੌਲਾਣਿਆਂ ਦੇ ਕਹਿਣ 'ਤੇ ਬਾਬਾ ਰਾਮਰਾਇ ਨੂੰ ਪੁੱਛਿਆ ਗਿਆ ਕਿ ਆਦਿ ਗ੍ਰੰਥ ਵਿੱਚ ਤਾਂ ਸ਼ਬਦ ਹੈ ਕਿ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥' ਤਾਂ ਉਹਨਾਂ ਨੇ ਉੱਤਰ ਦਿੱਤਾ ਕਿ ਬਾਣੀ ਵਿੱਚ ਲਫ਼ਜ਼ ਮਿੱਟੀ ਮੁਸਲਮਾਨ ਕੀ ਨਹੀਂ, ਬੇਈਮਾਨ ਕੀ ਹੈ। ਜਦੋਂ ਗੁਰੂ ਹਰਿਰਾਇ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਹੁਕਮ ਕੀਤਾ ਕਿ ਰਾਮਰਾਇ ਸਾਡਾ ਸਪੁੱਤਰ ਨਹੀਂ ਅਤੇ ਸਾਡੇ ਮੱਥੇ ਨਾ ਲੱਗੇ।

**ਜੋਤੀ ਜੋਤ ਸਮਾਉਣਾ** – ੭ ਜੁਲਾਈ ਸੰਨ ੧੬੬੧ ਈ: ਵਿੱਚ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰੂ ਨਾਨਕ ਦੀ ਗੱਦੀ 'ਤੇ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਰੱਖ, ਪੰਜ ਪਰਕਰਮਾਂ ਕਰਕੇ ਮੱਥਾ ਟੇਕਿਆ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ ਅਤੇ ਅੱਠਵੇਂ ਗੁਰੂ ਨਾਨਕ ਪ੍ਰਗਟ ਕੀਤੇ। ਇਸ ਤੋਂ ਬਾਅਦ ਆਪ ਜੋਤੀ ਜੋਤ ਸਮਾ ਗਏ।

## ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਗੁਰੂ ਹਰਿਰਾਇ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ੭ ਜੁਲਾਈ ਸੰਨ ੧੬੫੬ ਨੂੰ ਕੀਰਤਪੁਰ ਜਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੜਪੋਤਰੇ ਸਨ।

**ਗੁਰ-ਗੱਦੀ** – ਆਪ ਜੀ ੭ ਜੁਲਾਈ ੧੬੬੧ ਈ. ਵਿੱਚ ਗੁਰਗੱਦੀ 'ਤੇ ਬਿਰਾਜਮਾਨ ਹੋ ਕੇ ਅੱਠਵੇਂ ਗੁਰੂ ਨਾਨਕ ਬਣੇ। ਆਪ ਜੀ ਦੀ ਉਮਰ ਉਸ ਵੇਲੇ ਸਵਾ ਪੰਜ ਸਾਲ ਦੀ ਸੀ। ਅੱਜ ਤਕ ਸੰਸਾਰ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਏਨੀ ਛੋਟੀ ਉਮਰ ਦੇ ਬਾਲਕ ਨੇ ਅਕਾਲ ਪੁਰਖ ਦੇ ਸੱਚੇ ਮਾਰਗ ਨੂੰ ਪ੍ਰਸਾਰਨ ਲਈ ਅਵਤਾਰ ਲਿਆ। ਇਸ ਇਲਾਹੀ ਕੌਤਕ ਨੇ ਸੰਸਾਰ ਨੂੰ ਦਰਸਾ ਦਿੱਤਾ ਕਿ ਬ੍ਰਹਮ ਗਿਆਨ ਦਾ ਇਨਸਾਨ ਦੀ ਉਮਰ ਜਾਂ ਸਰੀਰ ਨਾਲ ਕੋਈ ਸੰਬੰਧ ਨਹੀਂ। ਇਹ ਤਾਂ ਅਕਾਲ ਪੁਰਖ ਦੀ ਬਖਸ਼ਸ਼ ਹੈ। ਇੱਕ ਛੋਟੇ ਜਿਹੇ ਬਾਲਕ ਤੋਂ ਲੈ ਕੇ ਬਿਰਧ ਤੋਂ ਬਿਰਧ ਇਨਸਾਨ ਵੀ ਬ੍ਰਹਮਗਿਆਨੀ ਬਣ ਸਕਦਾ ਹੈ, ਜਿਵੇਂ ਕਿ ਭਗਤ ਧਰੂ ਤੇ ਪ੍ਰਹਿਲਾਦ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਛੋਟੀ ਜਿਹੀ ਉਮਰ ਵਿੱਚ ਹੀ ਬ੍ਰਹਮਗਿਆਨ ਨੂੰ ਪ੍ਰਾਪਤ ਕਰਨਾ ਕੀਤਾ। ਇਵੇਂ ਹੀ ਚਾਰੇ ਸਾਹਿਬਜ਼ਾਦਿਆਂ ਨੇ ਇੰਨੀ ਛੋਟੀ ਅਵਸਥਾ ਵਿੱਚ ਉਹ ਕੁਰਬਾਨੀ ਕੀਤੀ ਜੋ ਬੇਮਿਸਾਲ ਹੈ ਅਤੇ ਦੂਜੇ ਪਾਸੇ ਗੁਰੂ ਅਮਰਦਾਸ ਜੀ ਨੇ ਲਗਭਗ ੭● ਸਾਲ ਦੀ ਉਮਰ ਵਿੱਚ ਬ੍ਰਹਮਗਿਆਨ ਨੂੰ ਪ੍ਰਾਪਤ ਕਰਨਾ ਕੀਤਾ। ਗੁਰਬਾਣੀ ਦਾ ਫਰਮਾਨ ਹੈ :

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥

(ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੧੩੭੮)

**ਰਾਮਰਾਇ ਦਾ ਵਿਰੋਧ** - ਜਦੋਂ ਇਸ ਗੱਲ ਦਾ ਪਤਾ ਆਪ ਜੀ ਦੇ ਵੱਡੇ ਭਰਾ ਰਾਮਰਾਇ ਨੂੰ ਲੱਗਾ ਤਾਂ ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿੱਚ ਮੁਕੱਦਮਾ ਦਰਜ ਕੀਤਾ ਕਿ ਮੈਂ ਵੱਡਾ ਪੁੱਤਰ ਹੋਣ ਦੇ ਨਾਤੇ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਹਾਂ। ਪਰ ਮੇਰੇ ਛੋਟੇ ਭਰਾ ਨੇ ਧੋਖੇ ਨਾਲ ਮੇਰੇ ਪਿਤਾ ਕੋਲੋਂ ਗੁਰਗੱਦੀ ਪ੍ਰਾਪਤ ਕਰ ਲਈ ਹੈ। ਔਰੰਗਜ਼ੇਬ ਨੇ ਬੜੀ ਜੁਗਤ ਦੇ ਨਾਲ ਰਾਜਾ ਜੈ ਸਿੰਘ ਦੇ ਰਾਹੀਂ (ਜੋ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ) ਗੁਰੂ ਜੀ ਨੂੰ ਦਿੱਲੀ ਸੱਦਿਆ। ਓਧਰ ਦਿੱਲੀ ਦੀਆਂ ਸੰਗਤਾਂ ਵੀ ਬਾਬਾ ਰਾਮਰਾਇ ਤੋਂ ਤੰਗ ਆ ਕੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਯਾਦ ਕਰ ਰਹੀਆਂ ਸਨ। ਰਾਜਾ ਜੈ ਸਿੰਘ ਤੇ ਦਿੱਲੀ ਦੀਆਂ ਸੰਗਤਾਂ ਦੀ ਬੇਨਤੀ ਮੰਨ ਕੇ ਗੁਰੂ ਸਾਹਿਬ ਦਿੱਲੀ ਜਾਣ ਲਈ ਤਿਆਰ ਹੋ ਗਏ।

**ਗੁਰੂ ਸਾਹਿਬ ਦਾ ਦਿੱਲੀ ਜਾਣਾ** - ਗੁਰੂ ਹਰਿਰਾਇ ਜੀ ਨੇ ਫ਼ੈਸਲਾ ਕੀਤਾ ਸੀ ਕਿ ਜ਼ਾਲਮ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ ਅਤੇ ਆਪਣੇ ਛੋਟੇ ਸਪੁੱਤਰ ਨੂੰ ਗੁਰਗੱਦੀ ਦੇਣ ਲੱਗਿਆਂ ਕਿਹਾ ਸੀ ਕਿ ਉਹ ਵੀ ਇਸ ਜ਼ਾਲਮ ਬਾਦਸ਼ਾਹ ਦੇ ਮੱਥੇ ਨਾ ਲੱਗੇ, ਪਰ ਰਾਜਾ ਜੈ ਸਿੰਘ ਤੇ ਦਿੱਲੀ ਦੀਆਂ ਸੰਗਤਾਂ ਦੀ ਬੇਨਤੀ ਮੰਨ ਕੇ ਗੁਰੂ ਸਾਹਿਬ ਦਿੱਲੀ ਨੂੰ ਰਵਾਨਾ ਹੋ ਗਏ ਅਤੇ ਪਹਿਲਾ ਪੜਾਓ ਪੰਜੋਖੜਾ, ਜ਼ਿਲ੍ਹਾ ਅੰਬਾਲਾ (ਹਰਿਆਣਾ) ਵਿਖੇ ਕੀਤਾ। ਇੱਥੇ ਇੱਕ ਹੰਕਾਰੀ ਬ੍ਰਾਹਮਣ ਲਾਲ ਚੰਦ ਕਹਿਣ ਲੱਗਾ ਕਿ ਆਪ ਹਰਿਕ੍ਰਿਸ਼ਨ ਅਖਵਾਉਂਦੇ ਹੋ ਅਤੇ ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨਾਲੋਂ ਵੀ ਵੱਡੇ ਬਣਦੇ ਹੋ। ਸ੍ਰੀ ਕ੍ਰਿਸ਼ਨ ਜੀ ਨੇ ਤਾਂ ਗੀਤਾ ਰਚੀ ਸੀ, ਤੁਸੀਂ ਉਸ ਦੇ ਅਰਥ ਕਰਕੇ ਹੀ ਵਿਖਾ ਦੇਵੋ ਤਾਂ ਮੈਂ ਆਪ ਜੀ ਨੂੰ ਗੁਰੂ ਮੰਨਾਗਾ। ਗੁਰੂ ਜੀ ਨੇ ਕਿਹਾ ਕਿ ਮੈਂ ਤਾਂ ਨਿਮਾਣਾ ਜਿਹਾ ਅਕਾਲ ਪੁਰਖ ਦਾ ਸੇਵਕ ਹਾਂ। ਆਪ ਪਿੰਡ ਵਿਚੋਂ ਕਿਸੇ ਨੂੰ ਵੀ ਲੈ ਆਉ, ਉਹ ਤੁਹਾਡੇ ਲਈ ਗੀਤਾ ਦੇ ਅਰਥ ਕਰ ਦੇਵੇਗਾ। ਪੰਡਤ, ਛੱਜੂ ਝੀਵਰ ਨੂੰ ਲੈ ਆਇਆ, ਜੋ ਮਹਾਂ ਮੂਰਖ ਅਤੇ ਗੂੰਗਾ ਸੀ। ਗੁਰੂ ਸਾਹਿਬ ਨੇ ਉਸ ਦੇ ਸਿਰ 'ਤੇ ਆਪਣੀ ਛੜੀ ਰੱਖੀ ਅਤੇ ਕਿਹਾ ਕਿ ਗੀਤਾ ਦੇ ਅਰਥ ਕਰੋ। ਪੰਡਤ ਦੇ ਵੇਖਦੇ ਹੀ ਵੇਖਦੇ ਛੱਜੂ ਝੀਵਰ ਨੇ ਗੀਤਾ ਦੇ ਬੜੇ ਹੀ ਸੁੰਦਰ ਅਰਥ ਕਰਨੇ ਸ਼ੁਰੂ ਕਰ ਦਿੱਤੇ। ਇਹ ਇਲਾਹੀ ਕੌਤਕ ਵੇਖ ਕੇ ਪੰਡਤ ਲਾਲ ਚੰਦ ਆਪਣਾ ਹੰਕਾਰ ਛੱਡ, ਗੁਰੂ ਸਾਹਿਬ ਦੇ ਚਰਨਾਂ 'ਤੇ ਢਹਿ ਪਿਆ ਅਤੇ ਗੁਰੂ ਸਾਹਿਬ ਦਾ ਸਿੱਖ ਬਣ ਗਿਆ।

**ਰਾਜਾ ਜੈ ਸਿੰਘ ਦੇ ਬੰਗਲੇ 'ਤੇ ਆਸਣ** - ਜਗ੍ਹਾ-ਜਗ੍ਹਾ ਪੜਾਓ ਕਰਦੇ ਅਤੇ ਸੱਚ ਦਾ ਉਪਦੇਸ਼ ਦਿੰਦੇ ਹੋਏ ਗੁਰੂ ਸਾਹਿਬ ਦਿੱਲੀ ਪਹੁੰਚੇ ਅਤੇ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਆਸਣ ਕੀਤਾ, ਜਿੱਥੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ। ਔਰੰਗਜ਼ੇਬ ਨੇ ਬੜਾ ਯਤਨ ਕੀਤਾ ਕਿ ਗੁਰੂ ਸਾਹਿਬ ਦੇ ਦਰਸ਼ਨ ਕਰਾਂ ਪਰ ਇਹ ਨਾ ਹੋ ਸਕਿਆ। ਇਸਲਾਮ ਵਿੱਚ ਕਰਾਮਾਤੀ ਪੁਰਸ਼ ਅੱਲਾ-ਤਾਲਾ ਦੇ ਨੇੜੇ ਸਮਝਿਆ ਜਾਂਦਾ ਹੈ। ਇਸ ਕਰਕੇ ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਕਿਹਾ ਕਿ ਇਨ੍ਹਾਂ ਦੀ ਕੋਈ ਕਰਾਮਾਤ ਵੇਖੋ। ਰਾਜਾ ਜੈ ਸਿੰਘ ਨੇ ਇੱਕ ਹਾਲ ਕਮਰੇ ਵਿੱਚ ਆਪਣੀ ਰਾਣੀ ਨੂੰ ਗੋਲੀ (ਨੌਕਰਾਣੀ) ਦੇ ਕੱਪੜੇ ਪਹਿਨਾ ਕੇ ਸਾਰੀਆਂ ਗੋਲੀਆਂ ਵਿਚਕਾਰ ਬਿਠਾ ਦਿੱਤਾ ਅਤੇ ਕਿਹਾ ਕਿ ਆਪ ਜੀ ਨੂੰ ਮੇਰੀ ਰਾਣੀ ਗੋਦ ਵਿੱਚ ਲੈ ਕੇ ਪਿਆਰ ਦੇਣਾ ਚਾਹੁੰਦੀ ਹੈ। ਗੁਰੂ ਸਾਹਿਬ ਆਪਣੀ ਛੜੀ ਹਰ ਗੋਲੀ ਦੇ ਸਿਰ 'ਤੇ ਰੱਖ ਕੇ ਕਹਿੰਦੇ ਗਏ, "ਇਹ ਵੀ ਨਹੀਂ ਰਾਣੀ, ਇਹ ਵੀ ਨਹੀਂ ਰਾਣੀ।" ਤੇ ਆਖਰ ਰਾਣੀ ਦੀ ਗੋਦ ਵਿੱਚ ਬੈਠ ਗਏ ਅਤੇ ਕਹਿਣ ਲੱਗੇ, "ਰਾਣੀ ਇਹ ਹੈ।" ਰਾਜਾ ਜੈ ਸਿੰਘ ਨੇ ਇਹ ਕਰਾਮਾਤ ਜਦੋਂ ਔਰੰਗਜ਼ੇਬ ਨੂੰ ਦੱਸੀ ਤਾਂ ਔਰੰਗਜ਼ੇਬ ਨੇ ਬਾਬਾ ਰਾਮਰਾਇ ਜੀ ਦਾ ਮੁਕੱਦਮਾ ਇਹ ਕਹਿ ਕੇ ਖ਼ਾਰਜ ਕਰ ਦਿੱਤਾ ਕਿ ਸ੍ਰੀ ਹਰਿਕ੍ਰਿਸ਼ਨ ਜੀ ਅੱਲਾ-ਤਾਲਾ ਦੇ ਰੂਪ ਹਨ ਤੇ ਗੁਰਗੱਦੀ ਦੇ ਹੱਕਦਾਰ ਹਨ। ਔਰੰਗਜ਼ੇਬ ਦਾ ਸ਼ਹਿਜ਼ਾਦਾ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਅਤੇ ਆਤਮਿਕ ਉਪਦੇਸ਼ ਲੈ ਕੇ ਨਿਹਾਲ ਹੋ ਗਿਆ।

**ਲੁਕਾਈ ਦਾ ਦੁੱਖ ਹਰਨਾ** - ਦਿੱਲੀ ਸ਼ਹਿਰ ਦੇ ਲੋਕਾਂ ਨੂੰ ਚੇਚਕ ਦੀ ਬਿਮਾਰੀ ਨੇ ਬੁਰੀ ਤਰ੍ਹਾਂ ਗ੍ਰਸ ਲਿਆ। ਸੰਗਤਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮਹਾਰਾਜ ਦਿੱਲੀ ਦੀ ਸੜਦੀ-ਬਲਦੀ ਲੁਕਾਈ ਦੇ ਉੱਪਰ ਮਿਹਰ ਭਰਿਆ ਹੱਥ ਰੱਖੋ।

ਗੁਰੂ ਸਾਹਿਬ ਨੇ ਸਾਰੀ ਲੁਕਾਈ ਦਾ ਕਸ਼ਟ ਆਪਣੇ ਸਰੀਰ 'ਤੇ ਲੈ ਲਿਆ ਅਤੇ ਬਹੁਤ ਬਿਮਾਰ ਹੋ ਗਏ। ਅੰਤ ਸਮਾਂ ਜਾਣਦੇ ਹੋਏ ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਦੇ ਸਰੀਰ ਛੱਡਣ ਤੋਂ ਬਾਅਦ ਸਾਡੀ ਬਾਂਹ ਕੌਣ ਫੜੇਗਾ ਅਤੇ ਸੱਚ ਦੇ ਮਾਰਗ ਦਾ ਉਪਦੇਸ਼ ਕੌਣ ਦੇਵੇਗਾ, ਤਾਂ ਗੁਰੂ ਜੀ ਨੇ ਪੰਜ ਪੈਸੇ ਅਤੇ ਨਾਰੀਅਲ ਲੈ ਕੇ, ਹਵਾ (ਅਕਾਸ਼) ਵਿੱਚ ਬਕਾਲੇ ਵੱਲ ਹੱਥ ਕਰਕੇ, ਤਿੰਨ ਵਾਰ ਘੁਮਾਇਆ ਅਤੇ ਫ਼ਰਮਾਇਆ 'ਬਾਬਾ ਬਕਾਲੇ'। ਅਥਵਾ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਪਿੰਡ ਬਕਾਲੇ ਬਿਰਾਜਮਾਨ ਹੈ।

**ਜੋਤੀ ਜੋਤ ਸਮਾਉਣਾ** - ਇਹ ਕੌਤਕ ਵਰਤਾ ਕੇ ਗੁਰੂ ਜੀ 30 ਮਾਰਚ ਸੰਨ ੧੬੬੪ ਵਿੱਚ ਜੋਤੀ ਜੋਤ ਸਮਾ ਗਏ।

# ਗੁਰੂ ਤੇਗ਼ ਬਹਾਦਰ ਜੀ

**ਜਨਮ** – ਗੁਰੂ ਤੇਗ਼ ਬਹਾਦਰ ਜੀ ਦਾ ਜਨਮ ੧ ਅਪਰੈਲ ਸੰਨ ੧੬੨੧ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹਿ, ਮਾਤਾ ਨਾਨਕੀ ਜੀ ਦੀ ਕੁੱਖੋਂ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ।

**ਵਿਆਹ** – ਆਪ ਜੀ ਦਾ ਵਿਆਹ ਸ੍ਰੀ ਲਾਲ ਚੰਦ ਖੱਤਰੀ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਆਪ ਜੀ ਦੇ ਇਕਲੌਤੇ ਸਾਹਿਬਜ਼ਾਦੇ ਗੋਬਿੰਦ ਰਾਇ ਜੀ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਆਪ ਜੀ ਆਪਣੀ ਮਾਤਾ ਨਾਨਕੀ ਜੀ ਅਤੇ ਸੁਪਤਨੀ ਮਾਤਾ ਗੁਜਰੀ ਜੀ ਨਾਲ ਬਕਾਲੇ ਆ ਗਏ।

**ਗੁਰਗੱਦੀ** – ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਸਮਾਉਣ ਵੇਲੇ ਸਿੱਖਾਂ ਨੂੰ ਇਸ਼ਾਰਾ ਕਰ ਗਏ ਸੀ ਕਿ 'ਬਾਬਾ ਬਕਾਲੇ'। ਗੁਰਗੱਦੀ ਦੇ ਲਾਲਚੀ ਧੀਰ ਮੱਲ ਅਤੇ ਕਈ ਸੋਢੀਆਂ ਨੇ ਬਕਾਲੇ ਜਾ ਕੇ ੨੨ ਮੰਜੀਆਂ ਕਾਇਮ ਕੀਤੀਆਂ ਤੇ ਆਪਣੇ ਆਪ ਨੂੰ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ, ਪਰ ਗੁਰੂ ਤੇਗ਼ ਬਹਾਦਰ ਜੀ ਇਕਾਂਤ ਆਪਣੇ ਭੋਰੇ ਵਿੱਚ ਅਕਾਲ ਪੁਰਖ ਵਿੱਚ ਲੀਨ, ਸਮਾਧੀ ਸਥਿਤ ਰਹੇ। ਕੁਝ ਸਮੇਂ ਤਕ ਸਿੱਖਾਂ ਨੂੰ ਸੱਚ ਦਾ ਮਾਰਗ ਦਰਸਾਉਣ ਵਾਲਾ ਆਪਣਾ ਸੱਚਾ ਗੁਰੂ ਨਾ ਲੱਭਾ। ਇੱਕ ਵਾਰ ਇੱਕ ਸਿੱਖ ਵਪਾਰੀ ਮੱਖਣ ਸ਼ਾਹ ਲੁਬਾਣੇ ਦਾ ਮਾਲ ਨਾਲ ਭਰਿਆ ਜਹਾਜ ਸਮੁੰਦਰ ਦੀ ਜਿਲ੍ਹਣ ਵਿੱਚ ਫੱਸ ਗਿਆ ਅਤੇ ਡੁੱਬਣ ਲੱਗਾ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਅਰਾਧਿਆ ਅਤੇ ਦਸਵੰਧ ਦੀਆਂ ਪੰਜ ਸੌ ਮੋਹਰਾਂ ਦੀ ਭੇਟਾ ਕਰਨ ਦੀ ਅਰਦਾਸ ਕੀਤੀ। ਗੁਰੂ ਜੀ ਦੀ ਮਿਹਰ ਸਦਕਾ ਉਸ ਦਾ ਜਹਾਜ ਕਿਨਾਰੇ ਲੱਗ ਗਿਆ। ਮੱਖਣ ਸ਼ਾਹ ਗੁਰੂ ਨਾਨਕ ਦੀ ਨੌਵੀਂ ਜੋਤ ਨੂੰ ਭਾਲਦਾ ਭਾਲਦਾ ਬਕਾਲੇ ਆ ਪੁੱਜਾ ਪਰ ਕੀ ਦੇਖਦਾ ਹੈ ਕਿ ਉੱਥੇ ੨੨ ਸੋਢੀ ਮੰਜੀਆਂ ਡਾਹ ਕੇ ਬੈਠੇ ਹੋਏ ਹਨ ਅਤੇ ਹਰ ਇੱਕ ਗੁਰੂ ਹੋਣ ਦਾ ਦਾਅਵਾ ਕਰ ਰਿਹਾ ਹੈ। ਏਨੇ ਗੁਰੂ ਬਣੇ ਦੇਖ ਕੇ ਮੱਖਣ ਸ਼ਾਹ ਦੁਬਿਧਾ ਵਿੱਚ ਪੈ ਗਿਆ ਕਿ ਕਿਵੇਂ ਪਤਾ ਲੱਗੇ ਕਿ ਅਸਲੀ ਗੁਰੂ ਕੌਣ ਹੈ। ਗੁਰੂ ਨਾਨਕ ਸਾਹਿਬ ਜੀ ਨੇ ਉਸ ਨੂੰ ਇੱਕ ਇਲਾਹੀ ਜੁਗਤੀ ਬਖ਼ਸ਼ੀ।

ਉਹ ਹਰ ਇੱਕ ਅੱਗੇ ਦੋ-ਦੋ ਮੋਹਰਾਂ ਦਾ ਮੱਥਾ ਟੇਕਦਾ ਗਿਆ ਤੇ ਅਸ਼ੀਰਵਾਦ ਲੈਂਦਾ ਗਿਆ ਪਰ ਕਿਸੇ ਨੇ ਦਸਵੰਧ ਦੀਆਂ ਪੰਜ ਸੌ ਮੋਹਰਾਂ ਨਾ ਮੰਗੀਆਂ। ਜਦੋਂ ਭੋਰੇ ਵਿੱਚ ਜਾ ਕੇ ਗੁਰੂ ਤੇਗ਼ ਬਹਾਦਰ ਜੀ ਅੱਗੇ ਉਸ ਨੇ ਦੋ ਮੋਹਰਾਂ ਦਾ ਮੱਥਾ ਟੇਕਿਆ ਤਾਂ ਗੁਰੂ ਸਾਹਿਬ ਮੁਸਕਰਾਇ ਅਤੇ ਫ਼ਰਮਾਇਆ ਕਿ ਭਾਈ ਸਿੱਖਾ! ਪੰਜ ਸੌ ਮੋਹਰਾਂ ਦਸਵੰਧ ਸੁੱਖ ਕੇ ਸਿਰਫ ਦੋ ਮੋਹਰਾਂ ਦਾ ਹੀ ਮੱਥਾ ਟੇਕ ਰਿਹਾ ਹੈਂ। ਇਹ ਗੁਰੂ ਨਾਲ ਧੋਖਾ ਹੈ। ਮੱਖਣ ਸ਼ਾਹ ਪ੍ਰੇਮ ਵਿੱਚ ਬਹਿਬਲ ਹੋ ਗਿਆ ਅਤੇ ਕੋਠੇ 'ਤੇ ਚੜ੍ਹ ਕੇ ਪੁਕਾਰਨ ਲੱਗਾ "ਗੁਰੂ ਲਾਧੋ ਰੇ, ਗੁਰੂ ਲਾਧੋ ਰੇ" ਭਾਵ ਗੁਰੂ ਲੱਭ ਪਿਆ ਹੈ। ਸੰਗਤਾਂ ਇਕੱਠੀਆਂ ਹੋ ਗਈਆਂ, ਦੀਵਾਨ ਸਜਾ ਕੇ ਗੁਰੂ ਸਾਹਿਬ ਨੂੰ ਗੁਰੂ ਨਾਨਕ ਦੀ ਗੱਦੀ 'ਤੇ ਬਿਠਾਇਆ। ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਗੁਰਿਆਈ ਦਾ ਤਿਲਕ ਲਗਾਇਆ। ਭਾਈ ਮੱਖਣ ਸ਼ਾਹ ਜੀ ਨੇ ਗੁਰੂ ਸਾਹਿਬ ਨੂੰ ਦੁਸ਼ਾਲੇ ਅਤੇ ਦਸਵੰਧ ਭੇਟਾ ਕਰਕੇ ਨੌਵਾਂ ਗੁਰੂ ਪ੍ਰਗਟ ਕੀਤਾ।

**ਗੁਰਮਤਿ ਪਰਚਾਰ** – ਗੁਰੂ ਤੇਗ਼ ਬਹਾਦਰ ਸਾਹਿਬ ਨੇ ਰਿਆਸਤ ਕਹਿਲੂਰ ਦੇ ਰਾਜੇ ਦੀਪ ਚੰਦ ਦੇ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਨਗਰ ਅਨੰਦਪੁਰ ਵਸਾਇਆ। ਅਕਤੂਬਰ ਸੰਨ ੧੬੬੫ ਨੂੰ ਅਨੰਦਪੁਰ ਦੀ ਨੀਂਹ ਰੱਖੀ। ਫਿਰ ਗੁਰੂ ਸਾਹਿਬ ਮੁਗ਼ਲ ਸਰਕਾਰ ਦੇ ਜ਼ੁਲਮ ਤੋਂ ਘਬਰਾਈ ਹੋਈ ਲੁਕਾਈ ਨੂੰ ਧਰਵਾਸ ਦੇਣ ਲਈ ਪਰਿਵਾਰ ਸਹਿਤ ਪੂਰਬ ਵੱਲ ਰਵਾਨਾ ਹੋਏ। ਗੁਰੂ ਤੇਗ਼ ਬਹਾਦਰ ਜੀ ਨੇ ਮਾਲਵੇ ਅਤੇ ਬੰਗਾਲ ਵਿੱਚ ਲੋਕਾਂ ਦੀ ਆਰਥਿਕ ਅਤੇ ਸਦਾਚਾਰਕ ਹਾਲਤ ਸੁਧਾਰਨ ਵੱਲ ਖਾਸ ਧਿਆਨ ਦਿੱਤਾ। ਅਨੰਦਪੁਰ ਤੋਂ ਚੱਲ ਕੇ ਕਨੌਲੀ, ਰੋਪੜ, ਦਾਦੂ ਮਾਜਰਾ, ਨੌਂ ਲੱਖਾ ਆਦਿਕ ਪਿੰਡਾਂ ਵਿਚੋਂ ਦੀ ਹੋ ਕੇ ਸਤਿਗੁਰੂ ਜੀ ਪਿੰਡ ਮੂਲੋਵਾਲ ਪਹੁੰਚੇ। ਇੱਥੇ ਪੰਜ ਦਿਨ ਟਿਕਾਣਾ ਕੀਤਾ। ਮੂਲੋਵਾਲ ਤੋਂ ਫਰਵਾਹੀ, ਹੰਢਾਇਆ, ਭਮਦੇਹਰ, ਖੀਵਾ, ਭਿੱਖੀ ਆਦਿਕ ਪਿੰਡਾਂ ਵਿੱਚ ਸਤਿਗੁਰੂ ਜੀ ਨੇ ਲੋੜ ਅਨੁਸਾਰ ਟਿਕਾਣਾ ਕੀਤਾ। ਭਿੱਖੀ ਤੋਂ ਅੱਗੇ ਪਿੰਡ ਦਲੇਉ, ਅਲੀਸ਼ੇਰ, ਖਿਆਲਾ, ਮੌੜ ਮਾਈਸਰ ਖਾਨਾ ਆਦਿਕ ਤੋਂ ਹੁੰਦੇ ਹੋਏ ਆਪ ਸਾਬੋ ਕੀ ਤਲਵੰਡੀ ਪਹੁੰਚੇ। ਤਲਵੰਡੀ ਵਿੱਚ ਸਤਿਗੁਰੂ ਜੀ ਨੇ ਕਈ ਦਿਨ ਟਿਕਾਣਾ ਕੀਤਾ। ਕਈ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਗੁਰੂ ਸਾਹਿਬ ਧਮਧਾਨ ਪਹੁੰਚੇ। ਇੱਥੇ ਭਾਈ ਰਾਮਦੇਵ, ਜੋ ਸੰਗਤਾਂ ਵਿੱਚ ਜਲ ਦੀ ਸੇਵਾ ਕਰਦਾ ਸੀ ਨੂੰ 'ਭਾਈ ਮੀਹਾਂ' ਨਾਮ ਦਿੱਤਾ ਅਤੇ ਪੂਰਬ ਦੇਸ ਵੱਲ ਸਿੱਖ ਧਰਮ ਦਾ ਪਰਚਾਰ ਕਰਨ ਭੇਜਿਆ। ਇਸ ਤੋਂ ਬਾਅਦ ਗੁਰੂ ਸਾਹਿਬ ਕੈਥਲ, ਥਨੇਸਰ ਹੁੰਦੇ ਹੋਏ ਕੁਰਕਸ਼ੇਤਰ ਪਹੁੰਚੇ। ਥਨੇਸਰ ਤੋਂ ਬਨੀ ਬੇਦਰ, ਕੜਾ ਮਾਣਕਪੁਰ ਪਹੁੰਚੇ। ਇੱਥੋਂ ਦਾ ਜੋਗੀ ਰਾਜ ਮਲੂਕ ਦਾਸ ਸ਼ਰਧਾਲੂ ਬਣਿਆ। ਗੁਰੂ ਸਾਹਿਬ ਪੰਜ ਦਿਨ ਇੱਥੇ ਰਹੇ। ਅੱਗੇ ਗੁਰੂ ਸਾਹਿਬ ਉੱਤਰ ਪ੍ਰਦੇਸ਼, ਮਥੁਰਾ, ਆਗਰਾ, ਅਟਾਵਾ, ਕਾਨਪੁਰੋਂ ਅਲਾਹਬਾਦ (ਪ੍ਰਯਾਗ) ਵਿੱਚ ਆਈਪੁਰ ਦੇ ਮਹੱਲੇ 'ਤੇ ਡੇਰਾ ਕੀਤਾ। ਇੱਥੇ ਹੁਣ ਗੁਰਦੁਆਰਾ 'ਪੱਕੀ ਸੰਗਤ' ਸੁਸ਼ੋਭਿਤ ਹੈ। ਪ੍ਰਯਾਗ ਤੋਂ ਮਿਰਜ਼ਾਪੁਰ, ਕਾਂਸ਼ੀ ਵਿੱਚ ਰੇਸ਼ਮ ਦੇ

ਮਹੱਲੇ 'ਤੇ ਟਿਕਾਣਾ ਕੀਤਾ। ਇਸ ਤੋਂ ਬਾਅਦ ਕਾਂਸ਼ੀ ਅਤੇ ਸਸਰਾਮ ਹੁੰਦੇ ਹੋਏ ਪਟਨਾ ਗਏ। ਇੱਥੇ ਭਾਈ ਜੈਤੇ ਹਲਵਾਈ ਦੇ ਘਰ ਡੇਰਾ ਕੀਤਾ। ਪਰਿਵਾਰ ਨੂੰ ਇੱਥੇ ਹੀ ਛੱਡ ਕੇ ਪਟਨੇ ਤੋਂ ਮੁੰਗੇਰ, ਭਾਗਲਪੁਰ, ਰਾਜ ਮਹਿਲ, ਮਾਲਦਾ, ਮੁਸ਼ੀਰਾਬਾਦ, ਢਾਕਾ ਤੋਂ ਹੁੰਦੇ ਅੱਗੇ ਅਸਾਮ ਵੱਲ ਚਲੇ ਗਏ।

**ਰਾਜਾ ਰਾਮ ਸਿੰਘ ਦੀ ਸਹਾਇਤਾ** – ਔਰੰਗਜ਼ੇਬ ਨੇ ਦਸੰਬਰ ਸੰਨ ੧੬੬੭ ਵਿੱਚ ਮਿਰਜਾ ਰਾਜਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਨੂੰ ਅਸਾਮ ਵੱਲ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਅਸਾਮ ਵਿੱਚ ਜਾਦੂਗਰਾਂ ਦਾ ਗੜ੍ਹ ਹੋਣ ਕਰਕੇ ਜਿਸ ਨੇ ਵੀ ਉਸ ਨੂੰ ਫ਼ਤਹਿ ਕਰਨ ਦਾ ਯਤਨ ਕੀਤਾ, ਉਹ ਮਾਰਿਆ ਗਿਆ ਇਸ ਕਰਕੇ ਰਾਜਾ ਰਾਮ ਸਿੰਘ ਡਰਦਾ ਮਾਰਾ ਗੁਰੂ ਨਾਨਕ ਜੀ ਦਾ ਧਿਆਨ ਧਰ ਕੇ ਅਰਦਾਸਾਂ ਕਰਦਾ ਸੀ। ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਢਾਕੇ ਵਿੱਚ ਸੰਗਤਾਂ ਨੂੰ ਤਾਰ ਰਹੇ ਹਨ, ਤਾਂ ਉਸ ਨੇ ਜਾ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਜੀ ਮੇਰੀ ਰੱਖਿਆ ਕਰੋ। ਜੇ ਮੈਂ ਅਸਾਮ 'ਤੇ ਚੜ੍ਹਾਈ ਕੀਤੀ ਤਾਂ ਜਾਦੂਗਰਾਂ ਨੇ ਮੈਨੂੰ ਸਣੇ ਫ਼ੌਜ ਦੇ ਮਾਰ ਦੇਣਾ ਹੈ ਅਤੇ ਜੇ ਮੈਂ ਹਾਰ ਖਾ ਕੇ ਵਾਪਸ ਦਿੱਲੀ ਗਿਆ ਤਾਂ ਔਰੰਗਜ਼ੇਬ ਨੇ ਕਤਲ ਕਰ ਦੇਣਾ ਹੈ। ਮੇਰੇ ਵੱਡੇ-ਵਡੇਰਿਆਂ ਨੇ ਗੁਰੂ ਨਾਨਕ ਦੇਵ ਜੀ ਦਾ ਹੀ ਓਟ ਆਸਰਾ ਲਿਆ ਹੈ। ਆਪ ਮੇਰੇ 'ਤੇ ਵੀ ਬਖਸ਼ਸ਼ ਕਰੋ। ਦਿਆਲੂ-ਕਿਰਪਾਲੂ ਗੁਰੂ ਸਾਹਿਬ ਉਸ ਨਾਲ ਅਸਾਮ ਗਏ ਤੇ ਬ੍ਰਹਮਪੁੱਤਰ ਦੇ ਕਿਨਾਰੇ ਧੋਬੜੀ ਦੇ ਅਸਥਾਨ 'ਤੇ ਟਿਕਾਣਾ ਕੀਤਾ। ਗੁਰੂ ਤੇਗ਼ ਬਹਾਦਰ ਜੀ ਨੇ ਰਾਜਾ ਰਾਮ ਸਿੰਘ ਨੂੰ ਕਿਹਾ ਕਿ ਸਾਰੀਆਂ ਫ਼ੌਜਾਂ ਨੂੰ ਮੂਲ ਮੰਤਰ, "**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥**" ਦਾ ਜਾਪ ਕਰਵਾਓ, ਇਸ ਤਰ੍ਹਾਂ ਕਰਨ ਨਾਲ ਜਾਦੂਗਰਾਂ ਦਾ ਜਾਦੂ ਨਹੀਂ ਚੱਲੇਗਾ ਅਤੇ ਮੋਰਚੇ ਫ਼ਤਹਿ ਹੋ ਜਾਣਗੇ। ਜਾਦੂਗਰਾਂ ਨੇ ਬ੍ਰਹਮਪੁੱਤਰ ਨਦੀ 'ਤੇ ਹੜ੍ਹ ਲਿਆਂਦਾ। ਜਿਨ੍ਹਾਂ ਨੇ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਜਾਪ ਕੀਤਾ, ਉਹ ਬਚ ਗਏ ਅਤੇ ਬਾਕੀ ਰੁੜ੍ਹ ਗਏ। ਜਾਦੂਗਰਾਂ ਦੀ ਰਾਣੀ ਧੋਬਣ ਨੇ ਇੱਕ ਬਹੁਤ ਵੱਡਾ ਪੱਥਰ ਗੁਰੂ ਸਾਹਿਬ ਵੱਲ ਸੁੱਟਿਆ ਪਰ ਕੁਝ ਨਾ ਹੋਇਆ, ਫਿਰ ਜਦੋਂ ਪਿੱਪਲ ਦਾ ਦਰਖ਼ਤ ਉਖਾੜ ਕੇ ਸੁੱਟਣ ਲੱਗੀ ਤਾਂ ਕੀਲੀ ਗਈ। ਜਦੋਂ ਜਾਦੂਗਰ ਹਾਰ ਗਏ ਤਾਂ ਗੁਰੂ ਸਾਹਿਬ ਦੇ ਸ਼ਰਨੀ ਆ ਪਏ। ਜਾਦੂਗਰਾਂ ਦੇ ਮਹਾਰਾਜੇ ਨੇ ਰਾਜਾ ਰਾਮ ਸਿੰਘ ਦੀ ਈਨ ਮੰਨੀ ਅਤੇ ਗੁਰੂ ਸਾਹਿਬ ਨੇ ਦੋਨੋਂ ਰਾਜਿਆਂ ਦੀ ਸੁਲਾਹ ਕਰਵਾ ਦਿੱਤੀ। ਜਾਦੂਗਰਾਂ ਦੇ ਮਹਾਰਾਜੇ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰੇ ਘਰ ਪੁੱਤਰ ਦੀ ਦਾਤ ਬਖਸ਼ੋ। ਗੁਰੂ ਸਾਹਿਬ ਜੀ ਨੇ ਪੁੱਤਰ ਹੋਣ ਦਾ ਆਸ਼ੀਰਵਾਦ ਦਿੱਤਾ। ਰਾਜੇ ਨੇ ਜਦੋਂ ਇਹ ਸਵਾਲ ਕੀਤਾ ਕਿ ਗੁਰੂ ਸਾਹਿਬ ਜੀ ਸਾਨੂੰ ਕਿਵੇਂ ਪਤਾ ਲੱਗੇਗਾ ਕਿ ਸਾਡਾ ਇਹ ਪੁੱਤਰ ਤੁਹਾਡੀ ਦਾਤ ਹੈ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਉਸ ਦੇ ਮੱਥੇ 'ਤੇ ਸਾਡੀ ਨਿਸ਼ਾਨੀ ਹੋਵੇਗੀ। ਗੁਰੂ ਸਾਹਿਬ ਜੀ ਦੇ ਬਚਨਾਂ ਅਨੁਸਾਰ ਉਸ ਦੇ ਘਰ ਪੁੱਤਰ ਪੈਦਾ ਹੋਇਆ ਤੇ ਉਸ ਦੇ ਮੱਥੇ 'ਤੇ ਇੱਕ ਕਾਲੇ ਰੰਗ ਦਾ ਨਿਸ਼ਾਨ ਸੀ। ਰਾਜੇ ਨੇ ਪੁੱਤਰ ਦਾ ਨਾਂ ਰਤਨ ਰਾਇ ਰੱਖਿਆ। ਜਦੋਂ ਉਹ ਵੱਡਾ ਹੋਇਆ ਤਾਂ ਮੱਥੇ 'ਤੇ ਕਾਲੇ ਰੰਗ ਦੇ ਨਿਸ਼ਾਨ ਬਾਰੇ ਪੁੱਛਿਆ ਤਾਂ ਮਾਤਾ ਜੀ ਨੇ ਦੱਸਿਆ ਕਿ ਇਹ ਗੁਰੂ ਤੇਗ਼ ਬਹਾਦਰ ਜੀ ਦੀ ਨਿਸ਼ਾਨੀ ਹੈ, ਜਿਨ੍ਹਾਂ ਦੀ ਬਖ਼ਸ਼ਿਸ਼ ਨਾਲ ਉਹ ਪੈਦਾ ਹੋਇਆ ਹੈ। ਉਸ ਨੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਮਾਤਾ ਜੀ ਨੇ ਦੱਸਿਆ ਕਿ ਇਸ ਸਮੇਂ ਉਨ੍ਹਾਂ ਦੀ ਗੱਦੀ 'ਤੇ ਗੁਰੂ ਗੋਬਿੰਦ ਸਿੰਘ ਜੀ ਬਿਰਾਜ਼ਮਾਨ ਹਨ। ਉਹ ਕੀਮਤੀ ਭੇਟਾਵਾਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਨੰਦਪੁਰ ਸਾਹਿਬ ਆਇਆ। ਉਨ੍ਹਾਂ ਕੀਮਤੀ ਭੇਟਾਵਾਂ ਵਿੱਚ ਇੱਕ ਚਿੱਟੇ ਰੰਗ ਦਾ ਪਰਸਾਦੀ ਹਾਥੀ ਸੀ, ਜਿਸ ਦੀ ਸੁੰਢ ਤੋਂ ਲੈ ਕੇ ਪੂਛ ਤੱਕ ਕਾਲੇ ਰੰਗ ਦੀ ਧਾਰੀ ਸੀ ਤੇ ਬਹੁਤ ਕੁਝ ਸਿੱਖਿਆ ਹੋਇਆ ਸੀ, ਜਿਵੇਂ ਸਲਾਮੀ ਦੇਣੀ, ਵਾਜਾ ਵਜਾਉਣਾ ਅਤੇ ਆਖਣ 'ਤੇ ਕੋਈ ਚੀਜ਼ ਉਠਾ ਕੇ ਲਿਆਉਣੀ ਆਦਿ। ਦੂਜਾ ਇੱਕ ਪੰਜ ਕਲਾ ਸ਼ਸ਼ਤਰ ਸੀ, ਜੋ ਬਟਨ ਦਬਾਉਣ ਨਾਲ ਅਲੱਗ-ਅਲੱਗ ਹਥਿਆਰਾਂ ਦੀ ਸ਼ਕਲ ਵਿੱਚ ਪ੍ਰਗਟ ਹੁੰਦਾ ਸੀ ਤੇ ਤੀਜਾ ਇੱਕ ਸੁਨਹਿਰੀ ਪਿਆਲਾ ਸੀ।

**ਗੁਰੂ ਸਾਹਿਬ ਜੀ ਦੀ ਅਨੰਦਪੁਰ ਵਾਪਸੀ**:- ਔਰੰਗਜ਼ੇਬ ਦੇ ਜ਼ੁਲਮ ਦਾ ਅਸਰ ਵਧਦਾ ਦੇਖ ਗੁਰੂ ਸਾਹਿਬ ਮੁੜ ਪੰਜਾਬ ਵੱਲ ਪਰਤ ਗਏ। ਰਾਹ ਵਿੱਚ ਪਟਨੇ ਥੋੜ੍ਹਾ ਸਮਾਂ ਰੁਕੇ ਅਤੇ ਪਰਿਵਾਰ ਨੂੰ ਉੱਥੇ ਹੀ ਟਿਕੇ ਰਹਿਣ ਦਿੱਤਾ। ਬਕਸਰ, ਬਨਾਰਸ, ਅਯੁੱਧਿਆ ਆਦਿ ਤੋਂ ਹੁੰਦੇ ਹੋਏ ਆਪ ਢਾਈ ਤਿੰਨ ਮਹੀਨਿਆਂ ਵਿੱਚ ਅਨੰਦਪੁਰ ਪਹੁੰਚੇ। ਥੋੜ੍ਹੇ ਹੀ ਚਿਰ ਪਿੱਛੋਂ ਸਾਰੇ ਪਰਿਵਾਰ ਨੂੰ ਵੀ ਪਟਨੇ ਤੋਂ ਮੰਗਵਾ ਲਿਆ।

**ਕਸ਼ਮੀਰੀ ਪੰਡਤਾਂ ਦੀ ਪੁਕਾਰ** – ਔਰੰਗਜ਼ੇਬ ਦੇ ਹੁਕਮ ਨਾਲ ਕਸ਼ਮੀਰੀ ਪੰਡਤਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਉਨ੍ਹਾਂ ਨੇ ਅਨੰਦਪੁਰ ਆ ਕੇ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਵਿੱਚ ਪੁਕਾਰ ਕੀਤੀ, "ਸਾਡਾ ਤਿਲਕ ਜਨੇਹੂ ਅਥਵਾ ਹਿੰਦੂ ਧਰਮ ਬਚਾ ਲਵੋ। ਸਾਡੇ 'ਤੇ ਬੜੇ ਜ਼ਬਰ-ਜ਼ੁਲਮ ਹੋ ਰਹੇ ਹਨ।" ਬਾਲਕ ਗੋਬਿੰਦ ਰਾਇ ਜੀ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਇਹ ਨਿਤਾਣੇ ਗ਼ਰੀਬਾਂ ਨੂੰ ਜ਼ਬਰ-ਜ਼ੁਲਮ ਤੋਂ ਕਿਸ ਤਰ੍ਹਾਂ ਬਚਾਇਆ ਜਾ ਸਕਦਾ ਹੈ ਤਾਂ ਗੁਰੂ ਸਾਹਿਬ ਨੇ ਸਮਝਾਇਆ ਕਿ ਬੇਟਾ ਕਿਸੇ ਬਲੀ ਮਹਾਂਪੁਰਸ਼ ਦੀ ਸ਼ਹੀਦੀ ਦੀ ਲੋੜ ਹੈ ਜਿਸ ਦੇ ਖੂਨ ਦੇ ਕਤਰੇ ਨਾਲ ਇਹ ਜ਼ੁਲਮ ਦੀ ਅੱਗ ਬੁਝ ਸਕਦੀ ਹੈ। ਬਾਲਕ ਗੋਬਿੰਦ ਰਾਇ ਜੀ ਨੇ ਗੁਰੂ ਪਿਤਾ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਇਸ ਸਮੇਂ ਸੰਸਾਰ ਵਿੱਚ ਆਪ ਤੋਂ ਵੱਡਾ ਮਹਾਂਪੁਰਸ਼ ਹੋਰ ਕੋਈ ਨਹੀਂ

ਹੈ। ਆਪ ਹੀ ਅਕਾਲ ਪੁਰਖ ਦੇ ਹੁਕਮ ਵਿੱਚ ਸ਼ਹੀਦੀ ਦੇ ਕੇ ਇਨ੍ਹਾਂ ਦੇ ਧਰਮ ਨੂੰ ਬਚਾਓ। ਗੁਰੂ ਜੀ ਨੇ ਬ੍ਰਾਹਮਣਾਂ ਦੀ ਬੇਨਤੀ ਕਬੂਲਦੇ ਹੋਇਆਂ ਸਮਝਾਇਆ ਕਿ ਉਹ ਬਾਦਸ਼ਾਹ ਔਰੰਗਜ਼ੇਬ ਨੂੰ ਕਹਿ ਦੇਣ ਕਿ ਜੇ ਗੁਰੂ ਤੇਗ਼ ਬਹਾਦਰ ਜੀ ਨੂੰ ਮੁਸਲਮਾਨ ਬਣਾ ਲਵੇ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ। ਕਸ਼ਮੀਰੀ ਪੰਡਤਾਂ ਨੇ ਇਹ ਖ਼ਬਰ ਔਰੰਗਜ਼ੇਬ ਤਕ ਪਹੁੰਚਾਈ ਅਤੇ ਗੁਰੂ ਤੇਗ਼ ਬਹਾਦਰ ਜੀ ਦਿੱਲੀ ਸ਼ਹੀਦੀ ਦੇਣ ਵਾਸਤੇ ਚੱਲ ਪਏ।

**ਗੁਰੂ ਸਾਹਿਬ ਜੀ ਦਾ ਦਿੱਲੀ ਪਹੁੰਚਣਾ** – ਕਸ਼ਮੀਰੀ ਪੰਡਤਾਂ ਨੂੰ ਧਰਵਾਸ ਦੇ ਕੇ ਸਤਿਗੁਰੂ ਜੀ ਦੇਸ਼ ਦੀ ਸਹਿਮੀ ਹੋਈ ਹਿੰਦੂ ਜਨਤਾ ਵਿੱਚ ਨਿਡਰਤਾ ਦਾ ਪਰਚਾਰ ਕਰਨ ਲਈ ਅਨੰਦਪੁਰ ਤੋਂ ਕੀਰਤਪੁਰ, ਫ਼ੈਜ਼ਾਬਾਦ, ਸਮਾਣਾ, ਕੈਥਲ, ਲਖਣ ਮਾਜਰਾ, ਰੋਹਤਕ ਆਦਿ ਗਏ। ਆਪ ਜੀ ਦੇ ਨਾਲ ਆਪ ਦੇ ਪੰਜ ਖਾਸ ਸੇਵਕ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਉਦੈ ਅਤੇ ਭਾਈ ਜੈਤਾ ਜੀ ਸਨ। ਰਸਤੇ ਵਿੱਚ ਸੰਗਤਾਂ ਦਰਸ਼ਨਾਂ ਲਈ ਹੁੰਮ-ਹੁੰਮਾ ਕੇ ਇਕੱਠੀਆਂ ਹੋ ਗਈਆਂ। ਗੁਰਮਤਿ ਪਰਚਾਰ ਕਰਦੇ ਹੋਏ ਗੁਰੂ ਸਾਹਿਬ ਆਗਰੇ ਪਹੁੰਚੇ ਅਤੇ ਉੱਥੇ ਇਸ ਕਾਰਜ ਲਈ ਆਪਣੀ ਗ੍ਰਿਫਤਾਰੀ ਦਾ ਕੌਤਕ ਰਚਾਇਆ। ਗੁਰੂ ਸਾਹਿਬ ਜੀ ਨੂੰ ਔਰੰਗਜ਼ੇਬ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਬਾਦਸ਼ਾਹ ਨੇ ਕਿਹਾ ਕਿ ਕਮਾਲ ਦੀ ਗੱਲ ਹੈ ਕਿ ਤੁਸੀਂ ਤਿਲਕ ਤੇ ਜਨੇਹੂ ਨਹੀਂ ਪਾਉਂਦੇ ਪਰ ਇਸ ਪਿੱਛੇ ਆਪਣਾ ਬਲੀਦਾਨ ਦੇ ਰਹੇ ਹੋ। ਗੁਰੂ ਸਾਹਿਬ ਨੇ ਫ਼ਰਮਾਇਆ ਕਿ ਅਸੀਂ ਤੇਰੇ ਜ਼ੁਲਮ ਦੇ ਵਿਰੁੱਧ ਨਿਤਾਣੇ ਹਿੰਦੂਆਂ ਦੇ ਧਰਮ ਦੀ ਰੱਖਿਆ ਕਰਨੀ ਹੈ। ਜਿਨ੍ਹਾਂ ਦਾ ਹੋਰ ਕੋਈ ਸਹਾਰਾ ਨਹੀਂ, ਉਨ੍ਹਾਂ ਦਾ ਸਹਾਰਾ ਗੁਰੂ ਨਾਨਕ ਹੈ। ਜੇ ਮੁਸਲਮਾਨਾਂ ਦੇ ਧਰਮ ਦੇ ਵਿਰੁੱਧ ਵੀ ਧੱਕਾ ਤੇ ਜ਼ੁਲਮ ਹੁੰਦਾ ਅਤੇ ਉਹ ਗੁਰੂ ਨਾਨਕ ਦਾ ਓਟ ਆਸਰਾ ਲੈਂਦੇ ਤਾਂ ਅਸੀਂ ਉਨ੍ਹਾਂ ਦੀ ਖ਼ਾਤਰ ਵੀ ਆਪਣੀ ਸ਼ਹੀਦੀ ਦਿੰਦੇ। ਇਹ ਤਾਂ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਬਿਰਦ ਹੈ।

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੫੪੪)

**ਸ਼ਹੀਦੀ** – ਜਦੋਂ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿੱਖਾਂ ਨੇ ਇਸਲਾਮ ਧਰਮ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਔਰੰਗਜ਼ੇਬ ਦੇ ਅਹਿਲਕਾਰਾਂ ਨੇ ਗੁਰੂ ਜੀ ਦੇ ਸਿੱਖ ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ, ਭਾਈ ਸਤੀਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਿਆ ਅਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ। ੧੧ ਨਵੰਬਰ ਸੰਨ ੧੬੭੫ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ, ਜਿਸ ਕਰਕੇ ਅੱਜ ਵੀ ਗੁਰੂ ਸਾਹਿਬ ਨੂੰ 'ਧਰਮ ਦੀ ਚਾਦਰ' ਕਹਿ ਕੇ ਪੁਕਾਰਿਆ ਜਾਂਦਾ ਹੈ। ਗੁਰੂ ਸਾਹਿਬ ਦੀ ਸ਼ਹੀਦੀ ਸਮੇਂ ਇੰਨਾਂ ਹਨ੍ਹੇਰੀ ਝੱਖੜ ਆਇਆ ਕਿ ਕਿਸੇ ਨੂੰ ਕੁਝ ਵੀ ਨਾ ਸੁੱਝਿਆ ਅਤੇ ਅੱਖਾਂ ਵਿੱਚ ਘੱਟਾ ਪੈ ਗਿਆ। ਗੁਰੂ ਸਾਹਿਬ ਦੇ ਸ਼ਰਧਾਲੂ ਲੱਖੀਸ਼ਾਹ ਵਣਜਾਰੇ ਨੇ ਗੁਰੂ ਜੀ ਦਾ ਧੜ੍ਹ ਆਪਣੇ ਗੱਡੇ ਵਿੱਚ ਰੱਖ ਕੇ ਆਪਣੇ ਘਰ ਲਿਜਾ ਕੇ ਘਰ ਸਮੇਤ ਅੱਗ ਲਾ ਕੇ ਸਸਕਾਰ ਕਰ ਦਿੱਤਾ। ਇੱਥੇ ਹੁਣ ਗੁਰਦੁਆਰਾ ਰਕਾਬਗੰਜ ਸਾਹਿਬ (ਦਿੱਲੀ) ਸੁਸ਼ੋਭਿਤ ਹੈ। ਦੂਜੇ ਪਾਸੇ ਗੁਰੂ ਦਾ ਸਿੱਖ ਭਾਈ ਜੈਤਾ ਜੀ 'ਰੰਘਰੇਟੇ' ਨੇ ਗੁਰੂ ਸਾਹਿਬ ਜੀ ਦਾ ਸੀਸ ਆਪਣੀ ਚਾਦਰ ਵਿੱਚ ਲਪੇਟਿਆ ਅਤੇ ਅਨੰਦਪੁਰ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਰਪਣ ਕੀਤਾ। ਗੁਰੂ ਸਾਹਿਬ ਦੇ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਵਿਖੇ ਬੜੇ ਅਦਬ ਅਤੇ ਸਤਿਕਾਰ ਨਾਲ ਕੀਤਾ ਗਿਆ। ਉੱਥੇ ਹੁਣ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ। ਗੁਰੂ ਸਾਹਿਬ ਦਿੱਲੀ ਜਾਣ ਤੋਂ ਪਹਿਲਾਂ ਫ਼ਰਮਾ ਗਏ ਸਨ ਕਿ ਸਾਹਿਬਜ਼ਾਦੇ ਗੋਬਿੰਦ ਰਾਇ ਨੂੰ ਗੁਰੂ ਨਾਨਕ ਦੀ ਗੱਦੀ 'ਤੇ ਬਿਠਾ ਕੇ ਦਸਵਾਂ ਗੁਰੂ ਨਾਨਕ ਪ੍ਰਗਟ ਕਰ ਦੇਣਾ।

## ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਰਾਇ ਜੀ ਦਾ ਜਨਮ ੨੫ ਦਸੰਬਰ ਸੰਨ ੧੬੬੬ ਵਿੱਚ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦੇ ਗ੍ਰਿਹਿ, ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ (ਬਿਹਾਰ) ਵਿਖੇ ਹੋਇਆ।

**ਪੀਰ ਭੀਖਣ ਸ਼ਾਹ ਜੀ** – ਪੀਰ ਭੀਖਣ ਸ਼ਾਹ ਜੀ ਪਿੰਡ ਠਸਕਾ ਜ਼ਿਲ੍ਹਾ ਕਰਨਾਲ ਦੇ ਰਹਿਣ ਵਾਲੇ ਸਨ। ਪਟਨੇ ਵਿਖੇ ਗੁਰੂ ਸਾਹਿਬ ਦੇ ਜਨਮ ਹੋਣ 'ਤੇ ਪੀਰ ਜੀ ਨੇ ਆਪਣੀ ਨਿਮਾਜ਼ ਮੱਕੇ ਦੀ ਬਜਾਏ ਪਟਨੇ ਵੱਲ ਮੂੰਹ ਕਰਕੇ ਪੜ੍ਹੀ ਅਤੇ ਸਿਜ਼ਦਾ ਕੀਤਾ। ਮੁਰੀਦਾਂ ਦੇ ਸ਼ੰਕਾ ਅਤੇ ਇਤਰਾਜ਼ ਕਰਨ 'ਤੇ ਪੀਰ ਜੀ ਨੇ ਫ਼ਰਮਾਇਆ ਕਿ ਅੱਲਾ ਦਾ ਨੂਰ ਅੱਜ ਪਟਨੇ ਵਿੱਚ ਪ੍ਰਕਾਸ਼ਮਾਨ ਹੋਇਆ ਹੈ। ਉਪਰੰਤ ਪੀਰ ਜੀ ਆਪਣੇ ਸਾਰੇ ਮੁਰੀਦਾਂ ਨੂੰ ਨਾਲ ਲੈ ਕੇ ਵਾਹੋ-ਦਾਹੀ ਦਰਸ਼ਨ ਕਰਨ ਲਈ ਚੱਲ ਪਏ। ਇਹ ਪਰਖ ਕਰਨ ਵਾਸਤੇ ਕਿ ਇਹ ਅੱਲਾ ਦਾ ਨੂਰ, ਹਿੰਦੂਆਂ ਦਾ ਪੱਖ ਕਰੇਗਾ ਜਾਂ ਮੁਸਲਮਾਨਾਂ ਦਾ। ਪੀਰ ਜੀ ਨੇ ਇੱਕ ਪਾਣੀ ਦੀ ਕੁੱਜੀ ਹਿੰਦੂਆਂ ਅਤੇ ਦੂਜੀ ਦੁੱਧ ਦੀ ਕੁੱਜੀ

ਇਸਲਾਮ ਵੱਲੋਂ ਬਾਲ ਗੁਰੂ ਦੇ ਅੱਗੇ ਕੀਤੀ, ਇਲਾਹੀ ਬਾਲਕ ਨੇ ਦੋਨੋਂ ਹੱਥ ਕੁੰਜੀਆਂ 'ਤੇ ਰੱਖ ਕੇ ਦਰਸਾਇਆ ਕਿ ਇਲਾਹੀ ਹੁਕਮ ਵਿੱਚ ਸਾਡੇ ਲਈ ਦੋਨੋਂ ਹੀ ਮਜ਼੍ਹਬ ਇੱਕ ਸਮਾਨ ਹਨ।

**ਬਾਲ ਲੀਲਾ** – ਬਾਲਕ ਗੋਬਿੰਦ ਰਾਇ ਜੀ ਨੇ ਪਟਨੇ ਵਿਖੇ ਕਈ ਇਲਾਹੀ ਚੋਜ ਅਤੇ ਕੌਤਕ ਕੀਤੇ। ਗ਼ਰੀਬ ਔਰਤਾਂ ਦੇ ਪਾਣੀ ਵਾਲੇ ਕੱਚੇ ਘੜਿਆਂ ਨੂੰ ਤੀਰ ਨਾਲ ਤੋੜ ਕੇ ਮਾਤਾ ਜੀ ਕੋਲੋਂ ਕੀਮਤੀ ਤਾਂਬੇ ਦੀਆਂ ਗਾਗਰਾਂ ਦਿਵਾਈਆਂ। ਕਿਸੇ ਸ਼ਰਧਾਲੂ ਨੇ ਬੜੇ ਸੋਹਣੇ ਦੋ ਸੋਨੇ ਦੇ ਕੰਗਣ ਮਾਤਾ ਗੁਜਰੀ ਜੀ ਨੂੰ ਭੇਟ ਕੀਤੇ। ਮਾਤਾ ਗੁਜਰੀ ਜੀ ਨੇ ਉਹ ਕੰਗਣ ਬਾਲਕ ਗੋਬਿੰਦ ਰਾਇ ਦੇ ਹੱਥਾਂ ਵਿੱਚ ਪਾ ਦਿੱਤੇ। ਹਰ ਰੋਜ਼ ਦੀ ਤਰ੍ਹਾਂ ਬਾਲਾ ਪ੍ਰੀਤਮ ਬੱਚਿਆਂ ਨਾਲ ਗੰਗਾ ਕਿਨਾਰੇ ਖੇਡਣ ਗਏ ਅਤੇ ਆਪਣਾ ਇੱਕ ਕੰਗਣ ਗੰਗਾ ਦਰਿਆ ਵਿੱਚ ਸੁੱਟ ਆਏ। ਮਾਮਾ ਕਿਰਪਾਲ ਦਾਸ ਜੀ ਨੇ ਜਦੋਂ ਪੁੱਛਿਆ ਕਿ ਸੋਨੇ ਦਾ ਕੰਗਣ ਕਿੱਥੇ ਡਿੱਗ ਪਿਆ ਹੈ ਤਾਂ ਉਹਨਾਂ ਨੇ ਮਾਮਾ ਜੀ ਨੂੰ ਗੰਗਾ ਦੇ ਘਾਟ ਲਿਜਾ ਕੇ ਦੂਸਰਾ ਕੰਗਣ ਵੀ ਸੁੱਟ ਕੇ ਕਿਹਾ, "ਉਸ ਜਗ੍ਹਾ 'ਤੇ।" ਮਾਮਾ ਕਿਰਪਾਲ ਦਾਸ ਜੀ ਨੇ ਬੜੀ ਖੋਜ ਕੀਤੀ ਪਰ ਕੰਗਣ ਨਾ ਮਿਲੇ। ਬਾਲਾ ਪ੍ਰੀਤਮ ਨੇ ਸੰਗਤਾਂ ਨੂੰ ਇਹ ਚੋਜ ਵਰਤਾ ਕੇ ਦਰਸਾਇਆ ਕਿ ਸਾਨੂੰ ਸੋਨਾ ਅਤੇ ਹੋਰ ਕੀਮਤੀ ਪਦਾਰਥਾਂ ਨਾਲ ਕੋਈ ਮੋਹ ਨਹੀਂ ਕਰਨਾ ਚਾਹੀਦਾ।

**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੪੬੮)

**ਅਨੰਦਪੁਰ ਆਗਮਨ** – ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਰਿਵਾਰ ਨੂੰ ਪਟਨੇ ਤੋਂ ਅਨੰਦਪੁਰ ਸਾਹਿਬ ਬੁਲਾ ਲਿਆ। ਪਟਨੇ ਤੋਂ ਆਉਂਦੇ ਹੋਏ ਬਾਲਾ ਪ੍ਰੀਤਮ ਗੋਬਿੰਦ ਰਾਇ ਰਸਤੇ ਵਿੱਚ ਪੜਾਅ ਕਰਦੇ ਹੋਏ ਗੁਰੂ ਤੇਗ਼ ਬਹਾਦਰ ਜੀ ਦੇ ਹੁਕਮ ਵਿੱਚ ਲਖਨੌਰ ਪਹੁੰਚੇ। ਇੱਥੇ ਪੀਰ ਆਰਫ਼ ਦੀਨ ਨੇ ਬਾਲਕ ਗੋਬਿੰਦ ਰਾਇ ਜੀ ਨੂੰ ਖ਼ੁਦਾ ਦਾ ਨੂਰ ਜਾਣ ਕੇ ਸੀਸ ਝੁਕਾਇਆ। ਇੱਥੋਂ ਚੱਲ ਕੇ ਗੁਰੂ ਜੀ ਦਾ ਸਾਰਾ ਪਰਿਵਾਰ ਅਨੰਦਪੁਰ ਸਾਹਿਬ ਪਹੁੰਚਿਆ।

**ਗੁਰੂ ਸਾਹਿਬ ਜੀ ਦੀ ਪੜ੍ਹਾਈ ਸਿਖਲਾਈ** – ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਆਪਣੇ ਸਾਹਿਬਜ਼ਾਦੇ ਦੀ ਪੜ੍ਹਾਈ-ਲਿਖਾਈ ਲਈ ਖਾਸ ਪ੍ਰਬੰਧ ਕੀਤੇ। ਗੁਰਬਾਣੀ ਦਾ ਪਾਠ ਕਰਨ ਲਈ ਆਪ ਨੂੰ ਮੁਨਸ਼ੀ ਸਾਹਿਬ ਚੰਦ ਪਾਸ ਬਿਠਾਇਆ ਗਿਆ। ਨਾਲ-ਨਾਲ ਹੀ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ ਆਦਿ ਦੀ ਵੀ ਚੰਗੀ ਸਿਖਲਾਈ ਕਰਵਾਈ।

**ਗੁਰਗੱਦੀ** – ਗੁਰੂ ਤੇਗ਼ ਬਹਾਦਰ ਜੀ ਜਦੋਂ ਤਿਲਕ ਜਨੇਊ ਦੀ ਰਾਖੀ ਲਈ ਆਪਣੇ ਸੀਸ ਦਾ ਬਲੀਦਾਨ ਦੇ ਕੇ ਸ਼ਹੀਦ ਹੋ ਗਏ ਤਾਂ ਸ੍ਰੀ ਗੁਰੂ ਗੋਬਿੰਦ ਰਾਇ ਜੀ ਨੂੰ ੧੧ ਨਵੰਬਰ ੧੬੭੫ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਠਾਇਆ ਅਤੇ ਬਾਬਾ ਰਾਮ ਕੰਵਰ ਜੀ, ਜੋ ਬਾਬਾ ਬੁੱਢਾ ਜੀ ਦੇ ਅੰਸ਼ ਵਿਚੋਂ ਸਨ, ਨੇ ਗੁਰਿਆਈ ਦਾ ਤਿਲਕ ਲਾ, ਜਿਗਹ ਕਲਗੀ ਸਜਾ ਕੇ ਗੁਰਿਆਈ ਦੀ ਰਸਮ ਪੂਰੀ ਕੀਤੀ। ਇਸ ਤਰ੍ਹਾਂ ਨੌਂ ਸਾਲ ਦੇ ਬਾਲਕ ਗੋਬਿੰਦ ਰਾਇ ਦਸਵੇਂ ਗੁਰੂ ਨਾਨਕ ਪ੍ਰਗਟ ਹੋਏ।

**ਵਿਆਹ ਤੇ ਸੰਤਾਨ** – ਅਨੁਭਵੀ ਦਿੱਬ-ਦ੍ਰਿਸ਼ਟੀ ਵਾਲੇ ਮਹਾਂਪੁਰਖਾਂ ਨੇ ਜੋ ਖੋਜ ਕੀਤੀ ਹੈ, ਉਹਨਾਂ ਦੇ ਅਨੁਸਾਰ ਗੁਰੂ ਸਾਹਿਬ ਦਾ ਵਿਆਹ ਲਾਹੌਰ ਨਿਵਾਸੀ ਸ੍ਰੀ ਹਰਿਜਸ ਖੱਤਰੀ ਦੀ ਸਪੁੱਤਰੀ ਮਾਤਾ ਜੀਤੋ ਜੀ ਨਾਲ ੨੦ ਜੂਨ ੧੬੭੭ ਵਿੱਚ ਅਨੰਦਪੁਰ ਸਾਹਿਬ ਤੋਂ ੧੦ ਮੀਲ ਦੀ ਦੂਰੀ 'ਤੇ 'ਗੁਰੂ ਕਾ ਲਾਹੌਰ' ਵਿਖੇ ਹੋਇਆ। ਮਾਤਾ ਜੀਤੋ ਜੀ ਦੀ ਕੁੱਖੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ੭ ਜਨਵਰੀ 1687 ਈ: ਵਿੱਚ ਪਾਉਂਟਾ ਸਾਹਿਬ ਵਿਖੇ ਜਨਮ ਲਿਆ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਪੈਦਾਇਸ਼ 3 ਅਪਰੈਲ 1690 ਵਿੱਚ ਅਨੰਦਪੁਰ ਵਿਖੇ ਹੋਈ। ਮਾਤਾ ਜੀਤੋ ਜੀ ਨਾਮ ਬਾਣੀ ਸਿਮਰਨ ਕਰਕੇ ਅਨੁਭਵੀ ਹੋ ਚੁੱਕੇ ਸਨ। ਇੱਕ ਦਿਨ ਸਮਾਧੀ ਸਥਿਤ ਆਪ ਜੀ ਨੂੰ ਇਹ ਦ੍ਰਿਸ਼ਟਾਂਤ ਹੋਇਆ ਕਿ ਚਮਕੌਰ ਵਿੱਚ ਜੰਗ ਕਰਦੇ ਉਹਨਾਂ ਦੇ ਦੋਨੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋ ਗਈ ਹੈ ਅਤੇ ਗੁਰੂ ਸਾਹਿਬ ਇਸ ਭਿਆਨਕ ਜੰਗ ਵਿਚੋਂ ਬਚ ਕੇ ਨੰਗੇ ਪੈਰੀਂ ਲੰਘਦੇ ਹੋਏ ਮਾਛੀਵਾੜੇ ਦੇ ਜੰਗਲ ਵਿੱਚ ਟਿੰਡ ਦਾ ਸਿਰਹਾਣਾ ਲੈ ਕੇ ਆਪਣੇ ਪ੍ਰੀਤਮ ਦੀ ਯਾਦ ਦਾ ਇਲਾਹੀ ਅਨੰਦ ਮਾਣ ਰਹੇ ਹਨ। ਇਸ ਭਿਆਨਕ ਦ੍ਰਿਸ਼ਟਾਂਤ ਤੋਂ ਤ੍ਰਬਕ ਕੇ ਉਹਨਾਂ ਦੀ ਸਮਾਧੀ ਖੁਲ੍ਹ ਗਈ ਅਤੇ ਉਹ ਵਾਹੋ-ਦਾਹੀ ਗੁਰੂ ਸਾਹਿਬ ਜੀ ਪਾਸ ਜਾ ਕੇ ਇਸ ਭਿਆਨਕ ਦ੍ਰਿਸ਼ ਦਾ ਵਰਣਨ ਕਰਨ ਲੱਗੇ ਤੇ ਪੁੱਛਿਆ ਕਿ ਮਹਾਰਾਜ ਕੀ ਇਹ ਸੱਚ ਹੈ? ਗੁਰੂ ਸਾਹਿਬ ਨੇ ਕਿਹਾ ਹਾਂ ਬਿਲਕੁਲ ਸੱਚ ਹੈ। ਮਾਤਾ ਜੀ ਨੇ ਕਿਹਾ ਮਹਾਰਾਜ ਮੇਰੇ ਕੋਲੋਂ ਸਹਾਰਿਆ ਨਹੀਂ ਜਾਂਦਾ। ਗੁਰੂ ਸਾਹਿਬ ਨੇ ਫ਼ਰਮਾਇਆ ਕਿ ਜੇ ਸਹਾਰਿਆ ਨਹੀਂ ਜਾਂਦਾ ਤਾਂ ਸਰੀਰ ਛੱਡ ਦਿਉ। ਮਾਤਾ ਜੀ ਨੇ ਅਕਾਲ ਪੁਰਖ ਦੇ ਹੁਕਮ ਵਿੱਚ 1693 ਦੀ ਵਿਸਾਖੀ ਨੂੰ ਸਰੀਰ ਤਿਆਗ ਦਿੱਤਾ।

ਮਾਤਾ ਜੀਤੋ ਜੀ ਦੇ ਚਲਾਣੇ ਤੋਂ ਬਾਅਦ ਮਾਤਾ ਗੁਜਰੀ ਜੀ ਅਤੇ ਸੰਗਤਾਂ ਦੀ ਪੁਰਜ਼ੋਰ ਬੇਨਤੀ ਕਰਨ 'ਤੇ ਗੁਰੂ ਸਾਹਿਬ ਦਾ ਅਨੰਦ ਕਾਰਜ ਲਾਹੌਰ ਨਿਵਾਸੀ ਸ੍ਰੀ ਰਾਮਸਰਨ ਖੱਤਰੀ ਦੀ ਸਪੁੱਤਰੀ ਮਾਤਾ ਸੁੰਦਰੀ ਜੀ ਨਾਲ ਸੰਨ ੧੬੯੪ ਈ: ਦੀ ਵਿਸਾਖੀ ਵਾਲੇ ਦਿਨ

ਹੋਇਆ। ਇਨ੍ਹਾਂ ਦੀ ਕੁੱਖ ਤੋਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦਾ ਜਨਮ ੧੩ ਨਵੰਬਰ ਸੰਨ ੧੬੯੬ ਨੂੰ ਅਨੰਦਪੁਰ ਵਿਖੇ ਹੋਇਆ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਦਾ ਜਨਮ ੧੩ ਫਰਵਰੀ ੧੬੯੯ ਈ: ਵਿੱਚ ਹੋਇਆ।

ਗੁਰੂ ਸਾਹਿਬ ਦੇ ਤੀਜੇ ਮਹਿਲ ਮਾਤਾ ਸਾਹਿਬ ਦੇਵਾਂ ਦਾ ਜਨਮ ਰੁਹਤਾਸ ਜ਼ਿਲ੍ਹਾ ਜੇਹਲਮ (ਪਾਕਿਸਤਾਨ) ਵਿੱਚ ਸ੍ਰੀ ਰਾਮ ਬਸੀ ਖੱਤਰੀ ਦੇ ਘਰ ਹੋਇਆ। ਆਪ ਜੀ ਛੋਟੀ ਉਮਰ ਤੋਂ ਹੀ ਨਾਮ ਸਿਮਰਨ ਕਰਦੇ ਅਤੇ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਜਦੋਂ ਆਪ ਜਵਾਨੀ ਦੀ ਅਵਸਥਾ ਵਿੱਚ ਆਏ ਤਾਂ ਮਾਤਾ-ਪਿਤਾ ਆਪ ਜੀ ਲਈ ਵਰ ਲੱਭਣ ਲੱਗੇ। ਆਪ ਜੀ ਨੇ ਫ਼ਰਮਾਇਆ ਕਿ ਮੈਂ ਤਾਂ ਛੋਟੀ ਉਮਰ ਤੋਂ ਹੀ ਤਨ, ਮਨ, ਧਨ ਗੁਰੂ ਨੂੰ ਅਰਪਣ ਕਰ ਚੁੱਕੀ ਹਾਂ। ਮੇਰਾ ਸਾਰਾ ਜੀਵਨ ਗੁਰੂ ਸਾਹਿਬ ਦੇ ਚਰਨ ਕਮਲਾਂ ਵਿੱਚ ਹੀ ਬਤੀਤ ਹੋਵੇਗਾ। ਉਹਨਾਂ ਦੀ ਇਹ ਦ੍ਰਿੜਤਾ ਦੇਖ ਕੇ ਸਾਰੀ ਸੰਗਤ ਤੇ ਉਹਨਾਂ ਦੇ ਮਾਤਾ-ਪਿਤਾ ਉਹਨਾਂ ਨੂੰ ਵਿਸਾਖੀ ’ਤੇ ਅਨੰਦਪੁਰ ਸਾਹਿਬ ਲੈ ਆਏ। ਜਦੋਂ ਸੰਗਤ ਨੇ ਗੁਰੂ ਸਾਹਿਬ ਜੀ ਨੂੰ ਮਾਤਾ ਸਾਹਿਬ ਦੇਵਾਂ ਜੀ ਦਾ ਆਸ਼ਾ ਪ੍ਰਗਟ ਕੀਤਾ ਤਾਂ ਗੁਰੂ ਸਾਹਿਬ ਨੇ ਫ਼ਰਮਾਇਆ ਕਿ ਅਕਾਲ ਪੁਰਖ ਦੇ ਹੁਕਮ ਵਿੱਚ ਹੁਣ ਸਾਡਾ ਸਰੀਰਕ ਵਿਆਹ ਤਾਂ ਕੋਈ ਨਹੀਂ ਹੋਵੇਗਾ। ਜੇਕਰ ਇਸ ਬੀਬੀ ਦੀ ਗੁਰੂ ਨਾਨਕ ਦੇ ਚਰਨਾਂ ਵਿੱਚ ਇੰਨੀ ਲੀਨਤਾ ਹੈ ਤਾਂ ਇਹ ਤਨ, ਮਨ, ਧਨ ਗੁਰੂ ਨਾਨਕ ਨੂੰ ਅਰਪਣ ਕਰਕੇ ਆਤਮਿਕ ਵਿਆਹ ਕਰੇ ਅਤੇ ਆਪਣਾ ਜੀਵਨ ਨਾਮ ਬਾਣੀ ਸਿਮਰਨ ਕਰਕੇ ਸੇਵਾ ਵਿੱਚ ਲਾਵੇ। ਗੁਰੂ ਸਾਹਿਬ ਦੇ ਵਾਕ ਸੁਣ ਸਾਰੀ ਸੰਗਤ ਤੇ ਉਨ੍ਹਾਂ ਦੇ ਮਾਤਾ-ਪਿਤਾ ਨੇ ਮਾਤਾ ਸਾਹਿਬ ਦੇਵਾਂ ਨੂੰ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਪਿਤ ਕਰ ਦਿੱਤਾ। ਮਾਤਾ ਜੀ ਦਾ ਗੁਰੂ ਸਾਹਿਬ ਨਾਲ ਸਰੀਰਕ ਵਿਆਹ ਤਾਂ ਨਹੀਂ ਹੋਇਆ ਪਰ ਆਤਮਿਕ ਲੀਨਤਾ ਇੰਨੀ ਹੋਈ ਕਿ ਬਾਅਦ ਵਿੱਚ ਗੁਰੂ ਸਾਹਿਬ ਨੇ ਮਾਤਾ ਜੀ ਦੀ ਝੋਲੀ ਸਾਰਾ ਪੰਥ ਪਾ ਕੇ ਮਾਤਾ ਜੀ ਨੂੰ ਸਮੂਹ ਖ਼ਾਲਸਾ ਪੰਥ ਦੀ ਮਾਤਾ ਦਾ ਰੁਤਬਾ ਬਖ਼ਸ਼ਿਆ। ਗੁਰੂ ਸਾਹਿਬ ਨੇ ੧੬੯੯ ਦੀ ਵਿਸਾਖੀ ’ਤੇ ਅੰਮ੍ਰਿਤ ਤਿਆਰ ਕਰਨ ਵੇਲੇ ਇਨ੍ਹਾਂ ਤੋਂ ਹੀ ਜਲ ਵਿੱਚ ਪਤਾਸੇ ਪਵਾਏ ਸਨ।

**ਗੁਰੂ ਸਾਹਿਬ ਜੀ ਦੇ ਯੁੱਧ** - ਗੁਰੂ ਸਾਹਿਬ ਨੇ ਕੁਲ ਛੋਟੀਆਂ ਵੱਡੀਆਂ ਲੱਗ-ਭਗ ਚੌਦਾਂ ਜੰਗਾਂ ਮੁਗ਼ਲ ਸਰਕਾਰ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨਾਲ ਜ਼ੁਲਮ ਦੇ ਟਾਕਰੇ ਲਈ ਲੜੀਆਂ ਅਤੇ ਸਾਰੀਆਂ ’ਤੇ ਫ਼ਤਹਿ ਪਾਈ ਪਰ ਗੁਰੂ ਸਾਹਿਬ ਨੇ ਮੁਗ਼ਲ ਸਰਕਾਰ ਅਤੇ ਪਹਾੜੀ ਰਾਜਿਆਂ ਦੇ ਇਲਾਕੇ ਦੀ ਇੱਕ ਇੰਚ ਵੀ ਜ਼ਮੀਨ ’ਤੇ ਕਬਜ਼ਾ ਨਹੀਂ ਕੀਤਾ ਅਤੇ ਨਾ ਹੀ ਕਿਸੇ ਯੁੱਧ ਵਿੱਚ ਪਹਿਲਾਂ ਹਮਲਾ ਕੀਤਾ। ਜਦੋਂ ਜੰਗ ਆਪਣੇ ਉੱਪਰ ਪਈ ਤਾਂ ਮਹਾਰਾਜ ਨੇ ਲੜਾਈ ਕੀਤੀ। ਇਹ ਤਾਂ ਇਲਾਹੀ ਹੁਕਮ ਵਿੱਚ ਜ਼ੁਲਮ ਦੇ ਟਾਕਰੇ ਲਈ ਧਰਮ ਯੁੱਧ ਸਨ। ਜੇ ਗੁਰੂ ਜੀ ਚਾਹੁੰਦੇ ਤਾਂ ਪਹਾੜੀ ਰਾਜਿਆਂ ਤੇ ਮੁਗ਼ਲਾਂ ਦੇ ਇਲਾਕੇ ਨੂੰ ਜਿੱਤ ਕੇ ਇੱਕ ਬਹੁਤ ਵੱਡਾ ਰਾਜ ਕਾਇਮ ਕਰ ਸਕਦੇ ਸਨ। ਪਰ ਉਨ੍ਹਾਂ ਨੇ ਇਲਾਹੀ ਹੁਕਮ ਵਿੱਚ ਜ਼ੁਲਮ ਨੂੰ ਖਤਮ ਕਰਨ ਵਾਸਤੇ ਧਰਮ ਯੁੱਧ ਕੀਤੇ।

**ਗੁਰੂ ਸਾਹਿਬ ਜੀ ਦਾ ਨਾਹਨ ਰਿਆਸਤ ਜਾਣਾ** - ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਨੂੰ ਪਰਵਾਨ ਕਰ ਗੁਰੂ ਸਾਹਿਬ ਨੇ ਨਾਹਨ ਰਿਆਸਤ ਵਿੱਚ ਚਰਨ ਪਾਏ। ਗੁਰੂ ਸਾਹਿਬ ਦੇ ਤੇਜ ਦਾ ਅਨੁਭਵ ਕਰਕੇ ਬਾਬਾ ਰਾਮਰਾਇ ਨੇ ਆਪਣੇ ਮੁਰੀਦ ਰਾਜਾ ਫ਼ਤਹਿ ਚੰਦ ਨੂੰ ਮੇਦਨੀ ਪ੍ਰਕਾਸ਼ ਦਾ ਇਲਾਕਾ ਵਾਪਸ ਕਰਕੇ ਸੁਲਾਹ ਲਈ ਉਕਸਾਇਆ ਅਤੇ ਅੰਤ ਗੁਰੂ ਸਾਹਿਬ ਦੇ ਪ੍ਰਤਾਪ ਵਜੋਂ ਦੋਨੋਂ ਰਾਜਿਆਂ ਦੀ ਸੁਲਾਹ ਹੋ ਗਈ। ਮੇਦਨੀ ਪ੍ਰਕਾਸ਼ ਨੇ ਇਹ ਅਚੰਭਾ ਦੇਖਿਆ ਕਿ ਮੈਂ ਸਾਰੀ ਉਮਰ ਰਾਜਾ ਫ਼ਤਹਿ ਚੰਦ ਨਾਲ ਆਪਣਾ ਇਲਾਕਾ ਵਾਪਸ ਲੈਣ ਵਾਸਤੇ ਲੜਦਾ ਰਿਹਾ ਪਰ ਉਹ ਮੇਰੀ ਰਿਆਸਤ ਵਿੱਚ ਅੱਗੇ ਹੀ ਵਧਦਾ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪੈਣ ਨਾਲ ਮੇਰਾ ਇਲਾਕਾ ਉਸ ਨੇ ਖਾਲੀ ਹੀ ਨਹੀਂ ਕੀਤਾ ਬਲਕਿ ਮੇਰੇ ਨਾਲ ਮਿੱਤਰਤਾ ਪਾਉਣ ਲਈ ਹੱਥ ਅੱਗੇ ਕੀਤਾ। ਇਸ ਇਲਾਹੀ ਕੌਤਕ ਨੂੰ ਦੇਖ ਕੇ ਰਾਜਾ ਮੇਦਨੀ ਪ੍ਰਕਾਸ਼ ਗੁਰੂ ਸਾਹਿਬ ਦਾ ਬੜਾ ਹੀ ਸ਼ਰਧਾਲੂ ਸੇਵਕ ਬਣ ਗਿਆ।

ਨਾਹਨ ਵਿਖੇ ਗੁਰੂ ਸਾਹਿਬ ਨੇ ਬੜੇ ਕੌਤਕ ਵਿਖਾਏ। ਇੱਕ ਖੂੰਖਾਰ ਆਦਮਖੋਰ ਸ਼ੇਰ ਦਾ ਸ਼ਿਕਾਰ ਕੀਤਾ। ਇੱਥੋਂ ਨਾਹਨ ਦਾ ਰਾਜਾ ਮੇਦਨੀ ਪ੍ਰਕਾਸ਼ ਗੁਰੂ ਸਾਹਿਬ ਨੂੰ ਸੁੰਦਰ ਜੰਗਲ ਵਿੱਚ ਲੈ ਗਿਆ ਜਿੱਥੇ ਠੰਡੇ ਪਾਣੀ ਦੇ ਚਸ਼ਮੇ ਵਗਦੇ ਸਨ। ਇਨ੍ਹਾਂ ਚਸ਼ਮਿਆਂ ਦਾ ਪਾਣੀ ਨਾਹਨ ਦਾ ਰਾਜਾ ਮੰਗਵਾ ਕੇ ਪੀਂਦਾ ਸੀ, ਜਿਸ ਨਾਲ ਉਹ ਤੰਦਰੁਸਤ ਰਹਿੰਦਾ ਸੀ, ਉਸ ਨੂੰ ਇਸ ਜਗ੍ਹਾ ਨਾਲ ਬਹੁਤ ਸ਼ਰਧਾ ਸੀ। ਜਾਣੀ-ਜਾਣ ਗੁਰੂ ਸਾਹਿਬ ਨੇ ਇਸ ਅਸਥਾਨ ’ਤੇ ਚਰਨ ਪਾਏ। ਇਸ ਅਸਥਾਨ ’ਤੇ ਪੁਰਾਤਨ ਸਮੇਂ ਤੋਂ ਬਹੁਤ ਜਪ-ਤਪ ਹੋਏ ਸਨ। ਗੁਰੂ ਸਾਹਿਬ ਦੀ ਛੋਹ ਪ੍ਰਾਪਤ ਹੋਣ ਕਰਕੇ ਲੋਕਾਂ ਨੇ ਇਸ ਧਰਤੀ ਨੂੰ ਬੜੂ (ਬਹੁਤ ਵੱਡਾ) ਕਹਿਣਾ ਸ਼ੁਰੂ ਕਰ ਦਿੱਤਾ। ਹੁਣ ਇਸ ਅਸਥਾਨ ’ਤੇ ਗੁਰਦੁਆਰਾ ਬੜੂ ਸਾਹਿਬ ਸੁਸ਼ੋਭਿਤ ਹੈ।

**ਪਾਉਂਟਾ ਸਾਹਿਬ ਵਸਾਉਣਾ** - ਕੁਝ ਸਮਾਂ ਨਾਹਨ ਰਹਿ ਕੇ ਗੁਰੂ ਸਾਹਿਬ ਦੂਨ ਘਾਟੀ ਆਏ। ਰਾਜਾ ਮੇਦਨੀ ਪ੍ਰਕਾਸ਼ ਨੇ ਜਮਨਾ ਦੇ ਕਿਨਾਰੇ ਇੱਕ ਸ਼ਹਿਰ ਵਸਾਉਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਬੜੀ ਸੁੰਦਰ ਜਗ੍ਹਾ ਦੇਖ ਕੇ ਉਸ ਧਰਤੀ ’ਤੇ ਪੈਰ ਟਿਕਾਇਆ ਅਤੇ ਉਸ ਦਾ ਨਾਮ ਪਾਂਉ-ਟਿਕਾ ਅਥਵਾ ਪਾਉਂਟਾ ਸਾਹਿਬ ਹੋ ਗਿਆ।

੧. ਇੱਥੇ ਮਹਾਰਾਜ ੫੨ ਕਵੀਆਂ ਦਾ ਦਰਬਾਰ ਲਾਉਂਦੇ ਸਨ।

੨. ਗੁਰੂ ਸਾਹਿਬ ਨੇ ਪਾਉਂਟਾ ਸਾਹਿਬ ਤੋਂ ਹੀ ਪੰਜ ਸਿੰਘ ਬਨਾਰਸ ਸੰਸਕ੍ਰਿਤ ਪੜ੍ਹਨ ਲਈ ਭੇਜੇ, ਜਿਨ੍ਹਾਂ ਨੇ ਸਿੱਖ ਜਗਤ ਵਿੱਚ ਵਿੱਦਿਆ ਦੀ ਪ੍ਰਣਾਲੀ ਚਲਾਈ ਜਿਨ੍ਹਾਂ ਨੂੰ ਬਾਅਦ ਵਿੱਚ ਨਿਰਮਲੇ ਕਿਹਾ ਗਿਆ।

੩. ਇੱਥੇ ਹੀ ਗੁਰੂ ਸਾਹਿਬ ਨੇ ੧੬੮੭ ਈ: ਵਿੱਚ ਭੰਗਾਣੀ ਦਾ ਯੁੱਧ ਲੜਿਆ। ਇਸ ਪਰ ਰਾਜਾ ਭੀਮ ਚੰਦ ਤੇ ਹੋਰ ਪਹਾੜੀ ਰਾਜਿਆਂ ਨੇ ਭੰਗਾਣੀ ਪਿੰਡ ਦੇ ਕੋਲ ਜਮਨਾ 'ਤੇ ਗਿਰੀ ਨਦੀ ਦੇ ਵਿਚਕਾਰ ਹੱਲਾ ਬੋਲ ਦਿੱਤਾ। ਇਹ ਯੁੱਧ ਤਿੰਨ ਦਿਨ ਚੱਲਿਆ। ਅੰਤ ਫੌਜਾਂ ਵਿੱਚ ਭਾਜੜ ਪੈ ਗਈ ਅਤੇ ਗੁਰੂ ਸਾਹਿਬ ਦੀ ਜਿੱਤ ਹੋਈ। ਇੱਥੇ ਹੀ ਸੰਢੌਰੇ ਦਾ ਪੀਰ ਸੱਯਦ ਬੁੱਧੂ ਸ਼ਾਹ ਗੁਰੂ ਸਾਹਿਬ ਦਾ ਸੇਵਕ ਬਣਿਆ। ਇਸੇ ਪੀਰ ਦੀ ਸਿਫ਼ਾਰਸ਼ 'ਤੇ ਹੀ ਗੁਰੂ ਸਾਹਿਬ ਨੇ ਪੰਜ ਸੌ ਪਠਾਣ ਜੋ ਬੇਰੋਜ਼ਗਾਰ ਫਿਰਦੇ ਸਨ, ਨੌਕਰ ਰੱਖੇ। ਭੰਗਾਣੀ ਦੇ ਯੁੱਧ ਵਿੱਚ ਜਦੋਂ ਇਹ ਪਠਾਣ ਗੁਰੂ ਸਾਹਿਬ ਨਾਲ ਦਗਾ ਕਰਕੇ ਦੁਸ਼ਮਣਾਂ ਨਾਲ ਮਿਲ ਗਏ ਤਾਂ ਪੀਰ ਬੁੱਧੂ ਸ਼ਾਹ ਚਾਰ ਪੁੱਤਰ ਤੇ ਮੁਰੀਦ ਲਿਆ ਕੇ ਗੁਰੂ ਸਾਹਿਬ ਵੱਲੋਂ ਭੰਗਾਣੀ ਦੇ ਯੁੱਧ ਵਿੱਚ ਦੁਸ਼ਮਣਾਂ ਨਾਲ ਲੜੇ। ਜਿੱਥੇ ਉਸ ਦੇ ਦੋ ਪੁੱਤਰ ਤੇ ਬਹੁਤ ਸਾਰੇ ਮੁਰੀਦ ਸ਼ਹੀਦ ਹੋ ਗਏ। ਯੁੱਧ ਜਿੱਤਣ ਤੋਂ ਬਾਅਦ ਗੁਰੂ ਸਾਹਿਬ ਜੀ ਨੇ ਪਾਉਂਟਾ ਸਾਹਿਬ ਵਿਖੇ ਯੋਧਿਆਂ ਨੂੰ ਮਾਇਆ ਦੀਆਂ ਢਾਲਾਂ ਭਰ-ਭਰ ਕੇ ਇਨਾਮ ਵਜੋਂ ਦਿੱਤੀਆਂ। ਜਦੋਂ ਪੀਰ ਬੁੱਧੂ ਸ਼ਾਹ ਜੀ ਗੁਰੂ ਸਾਹਿਬ ਜੀ ਦੀ ਬਖਸ਼ਸ਼ ਲੈਣ ਲਈ ਆਏ ਤਾਂ ਗੁਰੂ ਸਾਹਿਬ ਉਸ ਸਮੇਂ ਕੇਸਾਂ ਵਿੱਚ ਕੰਘਾ ਕਰ ਰਹੇ ਸਨ। ਪੀਰ ਬੁੱਧੂ ਸ਼ਾਹ ਦੀ ਕੁਰਬਾਨੀ 'ਤੇ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਫ਼ਰਮਾਇਆ, "ਪੀਰ ਜੀ ਗੁਰੂ ਨਾਨਕ ਤਰੁੱਠਾ ਹੈ ਮੰਗ ਲਓ ਦੀਨ ਦੁਨੀਆਂ ਦੀ ਪਾਤਸ਼ਾਹੀ।" ਪੀਰ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੇ ਤਰੁੱਠੇ ਹੋ ਤਾਂ ਆਪ ਜੀ ਆਪਣੇ ਕੇਸਾਂ ਸਮੇਤ ਕੰਘਾ ਬਖਸ਼ਸ਼ ਕਰ ਦਿਓ। ਭਾਈ ਨੰਦ ਲਾਲ ਜੀ ਫ਼ਰਮਾਉਂਦੇ ਹਨ ਕਿ ਆਪ ਦੇ ਇੱਕ ਇੱਕ ਰੋਮ ਵਿੱਚ ਦੀਨ ਦੁਨੀਆਂ ਦੀ ਪਾਤਸ਼ਾਹੀ ਛੁਪੀ ਹੈ।

**ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ।**

**ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ।**

ਪੀਰ ਜੀ ਨੇ ਜਦੋਂ ਹੱਥ ਅੱਡ ਕੇ ਕੰਘਾ ਤੇ ਕੇਸਾਂ ਦੀ ਬਖਸ਼ਸ਼ ਲਈ ਅਤੇ ਇਸ ਦਾਤ ਨੂੰ ਚੁੰਮਿਆਂ ਅਤੇ ਸਿਜਦਾ ਕੀਤਾ। ਘਰ ਆ ਕੇ ਆਪਣੀ ਬੇਗਮ ਨਸੀਰਾਂ ਨੂੰ ਇਹ ਅਮੁੱਲੀ ਦਾਤ ਦਿੱਤੀ ਤੇ ਪੁੱਤਰਾਂ ਦੀ ਸ਼ਹੀਦੀ ਬਾਰੇ ਦੱਸਿਆ ਤਾਂ ਉਹਨਾਂ ਦੀ ਬੇਗਮ ਨਸੀਰਾਂ ਨੇ ਵੀ ਬਗ਼ੈਰ ਕਿਸੇ ਗ਼ਮ ਦੇ ਖਿੜੇ ਮੱਥੇ ਗੁਰੂ ਸਾਹਿਬ ਜੀ ਦੀ ਇਸ ਦਾਤ ਨੂੰ ਚੁੰਮਿਆਂ ਅਤੇ ਸੰਭਾਲ ਕੇ ਰੱਖੀ।

ਪਹਾੜੀ ਰਾਜੇ ਭੰਗਾਣੀ ਦੇ ਯੁੱਧ ਵਿੱਚ ਆਪਣੀਆਂ ਫੌਜਾਂ ਦੀ ਹਾਰ ਉਪਰੰਤ ਨੁਕਸਾਨ ਕਰਵਾ ਕੇ ਨੱਠ ਗਏ। ਗੁਰੂ ਸਾਹਿਬ ਭੰਗਾਣੀ ਦਾ ਯੁੱਧ ਜਿੱਤ ਕੇ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਚਲੇ ਗਏ।

**ਭਾਈ ਨੰਦ ਲਾਲ ਜੀ** – ਸੰਨ ੧੬੯੩ ਈ: ਵਿੱਚ ਭਾਈ ਨੰਦ ਲਾਲ ਜੀ ਗੁਰੂ ਸਾਹਿਬ ਕੇ ਅਨਿੰਨ ਸਿੱਖ ਬਣੇ। ਭਾਈ ਨੰਦ ਲਾਲ ਜੀ ਔਰੰਗਜ਼ੇਬ ਦੇ ਦਰਬਾਰ ਵਿੱਚ ਨੌਕਰੀ ਕਰਿਆ ਕਰਦੇ ਸਨ। ਉਹ ਫਾਰਸੀ ਦੇ ਬਹੁਤ ਵੱਡੇ ਵਿਦਵਾਨ ਸਨ। ਹੋਰ ਸਾਰੇ ਕਾਜੀ-ਮੁੱਲਾਂ ਉਨ੍ਹਾਂ ਦੀ ਇਸ ਵਿਦਵਤਾ ਤੋਂ ਅਚੰਭਿਤ ਸਨ। ਉਨ੍ਹਾਂ ਨੇ ਔਰੰਗਜ਼ੇਬ ਨੂੰ ਉਕਸਾਇਆ ਕਿ ਫਾਰਸੀ ਦਾ ਏਨਾਂ ਵੱਡਾ ਵਿਦਵਾਨ ਤਾਂ ਮੁਸਲਮਾਨ ਹੋਣਾ ਚਾਹੀਦਾ ਹੈ, ਇਸ ਨਾਲ ਇਸਲਾਮ ਦੀ ਸ਼ੁਹਬਤ ਵਿੱਚ ਵਾਧਾ ਹੋਵੇਗਾ। ਔਰੰਗਜ਼ੇਬ ਨੇ ਭਾਈ ਨੰਦ ਲਾਲ ਜੀ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ ਤੇ ਨਾਂਹ ਕਰਨ ਦੀ ਸਜ਼ਾ ਵਿੱਚ ਮੌਤ ਦਾ ਡਰਾਵਾ ਦਿੱਤਾ। ਭਾਈ ਨੰਦ ਲਾਲ ਜੀ ਔਰੰਗਜ਼ੇਬ ਦੇ ਬੇਟੇ ਬਹਾਦਰ ਸ਼ਾਹ ਨੂੰ ਫਾਰਸੀ ਸਿਖਾਇਆ ਕਰਦੇ ਸਨ, ਉਸਤਾਦ ਪ੍ਰਤੀ ਹਮਦਰਦੀ ਹੋਣ ਕਰਕੇ ਉਹ ਬਹਾਦਰ ਸ਼ਾਹ ਦੀ ਸਹਾਇਤਾ ਨਾਲ ਉੱਥੋਂ ਭੱਜਣ ਵਿੱਚ ਕਾਮਯਾਬ ਹੋ ਗਏ ਅਤੇ ਬਹਾਦਰ ਸ਼ਾਹ ਦੀ ਸਾਲਾਹ ਅਨੁਸਾਰ ਪਿਤਾ ਔਰੰਗਜ਼ੇਬ ਦੇ ਜ਼ੁਲਮ ਤੋਂ ਆਪਣੇ ਬਚਾਅ ਲਈ ਸਿੱਧਾ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਆ ਪੁੱਜੇ। ਇੱਥੇ ਆਏ ਤਾਂ ਔਰਗਜ਼ੇਬ ਦੇ ਜ਼ੁਲਮ ਤੋਂ ਬਚਾਅ ਲਈ ਸਨ, ਪਰ ਇਲਾਹੀ ਨੂਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਕੇ ਤੇ ਉਨ੍ਹਾਂ ਦਾ ਉਪਦੇਸ਼ ਸੁਣ ਕੇ ਹਮੇਸ਼ਾ ਲਈ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ ਤੇ ਸਿੱਖੀ ਧਾਰਨ ਕਰਕੇ ਉਨ੍ਹਾਂ ਦੇ ਚਰਨਾਂ ਦੇ ਭੌਰੇ ਬਣ ਗਏ। ਬਹੁਤ ਸਾਰਾ ਸਮਾਂ ਗੁਰੂ ਜੀ ਦੀ ਸ਼ਰਨ ਵਿੱਚ ਬਿਤਾ ਕੇ ਗੁਰਮਤਿ ਨੂੰ ਚੰਗੀ ਤਰ੍ਹਾਂ ਸਮਝ ਕੇ ਇਨ੍ਹਾਂ ਨੇ ਕੁਝ ਰਚਨਾਵਾਂ ਲਿਖੀਆਂ ਜਿਨ੍ਹਾਂ ਨੂੰ ਸਿੱਖ ਜਗਤ ਵਿੱਚ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੋਂ ਬਾਅਦ ਸੰਗਤ ਵਿੱਚ ਕੀਰਤਨ ਅਤੇ ਕਥਾ ਕਰਨ ਲਈ ਪ੍ਰਮਾਣਿਕਤਾ ਮਿਲੀ ਹੋਈ ਹੈ। ਆਪ ਜੀ ਨੇ ਫਾਰਸੀ ਵਿੱਚ 'ਬੰਦਗੀ ਨਾਮਾ' ਨਾਮ ਦੀ ਇੱਕ ਕਾਵਿ ਰਚਨਾ ਲਿਖੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਪੜ੍ਹਨ ਤੋਂ ਬਾਅਦ ਕਿਹਾ ਇਹ ਬੰਦਗੀ ਨਾਮਾ ਨਹੀਂ 'ਜ਼ਿੰਦਗੀ ਨਾਮਾ' ਹੈ, ਭਾਵ ਜਿੰਦਗੀ ਜੀਉਣ ਦਾ ਅਰਥ ਸਮਝਾਉਂਦੀ ਹੈ, ਸੋ ਗੁਰੂ

ਸਾਹਿਬ ਜੀ ਨੇ ਇਸ ਦਾ ਨਾਮ 'ਜ਼ਿੰਦਗੀ ਨਾਮਾ' ਰੱਖ ਦਿੱਤਾ। ਭਾਈ ਨੰਦ ਲਾਲ ਜੀ ਦੇ ਲਿਖੇ ਰਹਿਤਨਾਮਿਆਂ ਨੂੰ ਵੀ ਸਿੱਖ ਜਗਤ ਵਿੱਚ ਬੜਾ ਮਾਨ-ਸਤਿਕਾਰ ਦਿੱਤਾ ਜਾਂਦਾ ਹੈ।

**ਮਸੰਦਾਂ ਦੀ ਸੋਧ** - ਗੁਰੂ ਅਮਰਦਾਸ ਜੀ ਨੇ ਪਰਚਾਰ ਲਈ ੨੨ ਕੇਂਦਰ ਬਣਾਏ। ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਪਰਚਾਰ ਵਾਸਤੇ ਅਤੇ ਦਸਵੰਧ ਇਕੱਠਾ ਕਰਨ ਵਾਸਤੇ ਗੁਰਸਿੱਖਾਂ ਨੂੰ ਮਸੰਦ ਥਾਪਿਆ। ਇਨ੍ਹਾਂ ਮਸੰਦਾਂ ਨੇ ਬਹੁਤ ਧਰਮ ਪਰਚਾਰ ਕੀਤਾ ਪਰ ਸਮਾਂ ਪਾ ਕੇ ਇਨ੍ਹਾਂ ਵਿੱਚ ਬਹੁਤ ਕੁਰੀਤੀਆਂ ਆ ਗਈਆਂ। ਇਹ ਗੁਰੂ-ਘਰ ਦਾ ਧੰਨ ਖਾਣ ਲੱਗ ਪਏ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੀਆਂ ਕਰਤੂਤਾਂ ਦੇਖ ਕੇ ਇਨ੍ਹਾਂ ਨੂੰ ਜੁਰਮ ਮੁਤਾਬਕ ਸਜ਼ਾਵਾਂ ਦਿੱਤੀਆਂ। ਇਸ ਤੋਂ ਬਾਅਦ ਗੁਰੂ ਸਾਹਿਬ ਨੇ ਮਸੰਦਾਂ ਦਾ ਸਿਲਸਿਲਾ ਖ਼ਤਮ ਕਰ ਦਿੱਤਾ।

**ਅੰਮ੍ਰਿਤ ਸੰਚਾਰ** - ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਪੰਜ ਸਿੱਖਾਂ ਦੇ ਸੀਸ ਲਏ ਅਤੇ 'ਅੰਮ੍ਰਿਤ' ਛਕਾ ਕੇ 'ਖ਼ਾਲਸਾ' ਪੰਥ ਤਿਆਰ ਕੀਤਾ। ਸਾਰੀ ਲੁਕਾਈ ਨੂੰ ਅੰਮ੍ਰਿਤ ਦੀ ਦਾਤ ਪ੍ਰਗਟ ਕਰਕੇ ਦਰਸਾ ਦਿੱਤਾ ਕਿ ਕਿਸ ਤਰ੍ਹਾਂ ਗੁਰੂ ਆਪਣੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ-ਪੰਥ ਦਾ ਰੁਤਬਾ ਬਖ਼ਸ਼ਦਾ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਨੇ ਅੰਮ੍ਰਿਤ ਦਾ ਦਾਤਾ ਹੁੰਦਿਆਂ ਹੋਇਆਂ ਵੀ ਆਪਣੇ ਦੋਵੇਂ ਹੱਥ ਜੋੜ ਕੇ ਘੁਟਨੇ ਟੇਕ ਕੇ ਪੰਜਾਂ ਪਿਆਰਿਆਂ ਨੂੰ ਗੁਰੂ-ਪੰਥ ਸਮਝ ਕੇ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣਾ ਨਾਂ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਰਖਵਾਇਆ। ਇਸ ਤੋਂ ਬਾਅਦ ਹਜ਼ਾਰਾਂ ਹੀ ਮਾਈ-ਭਾਈ ਨੇ ਇਹ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਭਾਈਆਂ ਦੇ ਨਾਂ ਪਿੱਛੇ ਸਿੰਘ ਅਤੇ ਬੀਬੀਆਂ ਦੇ ਨਾਂ ਪਿੱਛੇ ਕੌਰ ਲਗਾਇਆ ਗਿਆ।

**ਹੋਲਾ ਮਹੱਲਾ** - ਗੁਰੂ ਜੀ ਨੇ ਇਹ ਤਿਉਹਾਰ ਮਨਾਉਣ ਦਾ ਨਵਾਂ ਤਰੀਕਾ ਅਰੰਭ ਕੀਤਾ, ਜੋ ਉੱਚੀ-ਸੁੱਚੀ ਅਜ਼ਾਦ ਤੇ ਸੂਰਬੀਰ ਕੌਮ ਲਈ ਢੁਕਵਾਂ ਤੇ ਸ਼ੋਭਨੀਕ ਹੈ। ਇਸ ਸਮੇਂ ਦੀਵਾਨ ਸਜਦੇ, ਨਾਮ ਬਾਣੀ ਸਿਮਰਨ, ਕੀਰਤਨ ਹੁੰਦਾ ਅਤੇ ਸ਼ਾਮ ਨੂੰ ਸ਼ਸਤਰ ਵਿੱਦਿਆ ਦੇ ਜੌਹਰ ਵਿਖਾਏ ਜਾਂਦੇ, ਘੋੜ ਸਵਾਰਾਂ ਦੇ ਮੁਕਾਬਲੇ ਅਤੇ ਹੋਰ ਸੂਰਬੀਰਾਂ ਦੀਆਂ ਖੇਡਾਂ ਹੁੰਦੀਆਂ।

**ਸੰਨ ੧੭੦੦ ਤੋਂ ਸੰਨ ੧੭੦੩ ਈ:** - ਇਸ ਦੌਰਾਨ ਗੁਰੂ ਸਾਹਿਬ ਨੇ ਚਾਰ ਜੰਗਾਂ ਲੜੀਆਂ ਜਿਸ ਵਿੱਚ ਪੈਂਦੇ ਖਾਂ ਨੂੰ ਗੁਰੂ ਸਾਹਿਬ ਨੇ ਤੀਰ ਨਾਲ ਮਾਰ ਦਿੱਤਾ, ਦੀਨਾ ਬੇਗ ਜ਼ਖਮੀ ਹੋ ਕੇ ਭੱਜ ਗਿਆ ਅਤੇ ਸਯਾਦ ਬੇਗ ਤੇ ਸੈਦ ਖਾਂ ਗੁਰੂ ਸਾਹਿਬ ਦੇ ਸਿੱਖ ਹੋ ਗਏ।

**ਭਾਈ ਬਚਿੱਤਰ ਸਿੰਘ ਜੀ** - ਦੂਜੀ ਜੰਗ ਵਿੱਚ ਹਾਰ ਤੋਂ ਬਾਅਦ ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਲੋਹਗੜ੍ਹ ਦਾ ਦਰਵਾਜ਼ਾ ਭੰਨ ਕੇ ਕਿਲ੍ਹੇ ਵਿੱਚ ਦਾਖਲ ਹੋਣ ਦੀ ਵਿਉਂਤ ਬਣਾਈ। ਇਸ ਕੰਮ ਲਈ ਉਨ੍ਹਾਂ ਨੇ ਸੁੱਖਾ ਤੇ ਸ਼ਰਾਬ ਪੀਆ ਕੇ ਅਤੇ ਮੱਥੇ 'ਤੇ ਪੱਕੀਆਂ ਢਾਲਾਂ ਤੇ ਬਰਛੀਆਂ ਨੇਜੇ ਆਦਿ ਬੰਨ੍ਹ ਕੇ ਇੱਕ ਮਸਤ ਹਾਥੀ ਤਿਆਰ ਕੀਤਾ। ਉਨ੍ਹਾਂ ਦਾ ਖਿਆਲ ਸੀ ਕਿ ਇਹ ਮਸਤ ਹਾਥੀ ਕਿਲ੍ਹੇ ਦੇ ਦਰਵਾਜ਼ੇ ਨੂੰ ਟੱਕਰ ਮਾਰ ਕੇ ਦਰਵਾਜ਼ਾ ਭੰਨ ਦੇਵੇਗਾ ਤੇ ਫਿਰ ਇਸ ਤਰ੍ਹਾਂ ਅਸੀਂ ਕਿਲ੍ਹੇ ਨੂੰ ਸਰ ਕਰ ਲਵਾਂਗੇ।

ਸਿੱਖਾਂ ਨੂੰ ਇਸ ਗੱਲ ਦਾ ਪਤਾ ਲੱਗਣ 'ਤੇ ਉਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਮਸਤ ਹਾਥੀ ਬਾਰੇ ਦੱਸਿਆ। ਗੁਰੂ ਜੀ ਮੁਸਕਰਾਅ ਕੇ ਕਹਿਣ ਲੱਗੇ ਕੋਈ ਗੱਲ ਨਹੀਂ ਸਾਡੇ ਕੋਲ ਵੀ ਇੱਕ ਹਾਥੀ ਹੈ, ਜੋ ਉਸ ਦਾ ਮੁਕਾਬਲਾ ਕਰੇਗਾ। ਗੁਰੂ ਜੀ ਦਾ ਇਸ਼ਾਰਾ ਦੁਨੀ ਚੰਦ ਵੱਲ ਸੀ। ਦੁਨੀ ਚੰਦ ਚੰਗਾ-ਚੋਖਾ ਖਾਂਦਾ-ਪੀਂਦਾ ਹੋਣ ਕਰਕੇ ਬੜਾ ਮੋਟਾ-ਤਾਜ਼ਾ ਸੀ। ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਗੁਰੂ ਜੀ ਮੈਨੂੰ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਭੇਜਣਾ ਚਾਹੁੰਦੇ ਹਨ ਤਾਂ ਉਹ ਡਰਦਾ ਮਾਰਾ ਚੋਰੀ ਕਿਲ੍ਹੇ ਦੀ ਕੰਧ ਟੱਪ ਕੇ ਭੱਜਣ ਲੱਗਾ। ਪਰ ਗੁਰੂ ਜੀ ਨੂੰ ਧੋਖਾ ਦੇ ਕੇ ਭੱਜ ਨਾ ਸਕਿਆ। ਕੰਧ ਟੱਪਣ ਲੱਗਾ ਸਰੀਰ ਜ਼ਿਆਦਾ ਭਾਰੀ ਹੋਣ ਕਰਕੇ ਕੰਧ ਤੋਂ ਡਿੱਗ ਪਿਆ ਅਤੇ ਲੱਤ ਟੁੱਟ ਗਈ ਅਤੇ ਕੁਝ ਸਮੇਂ ਬਾਅਦ ਹੀ ਮਰ ਗਿਆ।

ਓਧਰ ਜਦੋਂ ਸਿੱਖਾਂ ਨੇ ਗੁਰੂ ਜੀ ਨੂੰ ਦੁਨੀ ਚੰਦ ਦੇ ਭੱਜ ਜਾਣ ਬਾਰੇ ਦੱਸਿਆ ਤਾਂ ਗੁਰੂ ਸਾਹਿਬ ਜੀ ਕਹਿਣ ਲੱਗੇ ਕੋਈ ਗੱਲ ਨਹੀਂ ਸਾਡੇ ਕੋਲ ਇੱਕ ਹੋਰ ਹਾਥੀ ਹੈ, ਜੋ ਉਸ ਮਸਤ ਹਾਥੀ ਦਾ ਮੁਕਾਬਲਾ ਕਰੇਗਾ। ਇਹ ਕਹਿ ਕੇ ਗੁਰੂ ਸਾਹਿਬ ਜੀ ਨੇ ਸੰਗਤ ਵਿੱਚ ਬੈਠੇ ਭਾਈ ਬਚਿੱਤਰ ਸਿੰਘ ਜੀ ਵੱਲ ਇਸ਼ਾਰਾ ਕੀਤਾ। ਭਾਈ ਬਚਿੱਤਰ ਸਿੰਘ ਜੀ ਭਾਈ ਮਨੀ ਸਿੰਘ ਜੀ ਦੇ ਪੰਜ ਯੋਧੇ ਸਪੁੱਤਰਾਂ ਵਿੱਚੋਂ ਇੱਕ ਸਨ। ਭਾਈ ਬਚਿੱਤਰ ਸਿੰਘ ਜੀ ਬੜੇ ਪਤਲੇ-ਦੁਬਲੇ ਜਿਹੇ ਸਰੀਰ ਦੇ ਮਾਲਕ ਸਨ। ਸਾਰੇ ਸਿੱਖ ਗੁਰੂ ਜੀ ਦੇ ਇਹ ਬਚਨ ਸੁਣ ਕੇ ਹੈਰਾਨ ਹੋ ਗਏ ਕਿ ਇਹ ਕਿਸ ਤਰ੍ਹਾਂ ਮਸਤ ਹਾਥੀ ਦਾ ਮੁਕਾਬਲਾ ਕਰ ਸਕਦਾ ਹੈ। ਪਰ ਗੁਰੂ ਸਾਹਿਬ ਜੀ ਦਾ ਹੁਕਮ ਸੁਣਦਿਆਂ ਸਾਰ ਹੀ ਭਾਈ ਬਚਿੱਤਰ ਸਿੰਘ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਤੇ ਆਖਣ ਲੱਗਾ, "ਪਾਤਸ਼ਾਹ ਜੀ! ਮੈਂ ਤੁਹਾਡਾ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ ਹੋਇਆ ਹੈ, ਜਿਸ ਸਦਕਾ ਮੈਨੂੰ ਮੌਤ ਦਾ ਕੋਈ ਭੈਅ ਨਹੀਂ, ਸੋ ਜੇਕਰ ਆਪ ਜੀ ਆਪਣਾ ਮਿਹਰ ਭਰਿਆ ਹੱਥ ਮੇਰੇ ਸਿਰ 'ਤੇ ਰੱਖੋ ਤਾਂ ਮੈਂ ਇਕ ਕੀ ਅਜਿਹੇ ਸੈਂਕੜੇ ਮਸਤ ਹਾਥੀਆਂ ਦਾ ਮੁਕਾਬਲਾ ਕਰ ਸਕਦਾ ਹਾਂ।" ਭਾਈ ਬਚਿੱਤਰ ਸਿੰਘ ਜੀ ਦੀ

ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਬੜੇ ਪ੍ਰਸੰਨ ਹੋਏ ਤੇ ਥਾਪੜਾ ਦੇ ਕੇ ਭਾਈ ਬਚਿੱਤਰ ਸਿੰਘ ਜੀ ਨੂੰ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਤੋਰਿਆ।

ਘੋੜੇ ਤੇ ਸਵਾਰ ਹੋ ਅਤੇ ਹੱਥ ਵਿੱਚ ਨਾਗਨੀ (ਬਰਸ਼ੀ) ਲੈ ਕੇ ਭਾਈ ਬਚਿੱਤਰ ਸਿੰਘ ਜੀ ਕਿਲ੍ਹੇ ਵਿੱਚੋਂ ਬਾਹਰ ਨਿਕਲੇ ਤੇ ਜੈਕਾਰੇ ਗਜ਼ਾਉਂਦੇ ਹੋਏ ਹਾਥੀ 'ਤੇ ਜਾ ਹਮਲਾਵਰ ਹੋਏ। ਗੁਰੂ ਪਾਤਸ਼ਾਹ ਦਾ ਧਿਆਨ ਧਰਕੇ ਬਰਸ਼ੀ ਨਾਲ ਅਜਿਹਾ ਭਰਵਾਂ ਵਾਰ ਕੀਤਾ ਕਿ ਉਹ ਬਰਸ਼ੀ ਹਾਥੀ ਦੇ ਮੱਥੇ 'ਤੇ ਬੰਨ੍ਹੀਆਂ ਢਾਲਾਂ ਨੂੰ ਚੀਰਦੀ ਹੋਈ ਹਾਥੀ ਦੇ ਮੱਥੇ ਵਿੱਚ ਜਾ ਠੁਕੀ। ਪੀੜ ਨੂੰ ਨਾ ਸਹਾਰਦਾ ਹੋਇਆ ਦਰਦ ਦਾ ਮਾਰਿਆ ਹਾਥੀ ਦੁਸ਼ਮਣ ਦੀਆਂ ਫੌਜਾਂ ਨੂੰ ਆਪਣੇ ਪੈਰਾਂ ਥੱਲੇ ਲਿਤਾੜਦਾ ਹੋਇਆ ਪਿਛਾਂਹ ਨੂੰ ਦੌੜ ਗਿਆ।

ਸੋ ਇਹ ਹੈ ਅੰਮ੍ਰਿਤ ਦੀ ਮਹਾਨਤਾ ਕਿ ਜਿਸ ਨਾਲ ਭਾਈ ਬੱਚਿਤਰ ਸਿੰਘ ਜੀ ਵਿੱਚ ਅਥਾਹ ਜੋਸ਼ ਤੇ ਨਿਡਰਤਾ ਆ ਗਈ, ਜਦੋਂ ਕਿ ਦੁਨੀ ਚੰਦ ਦਾ ਅੰਮ੍ਰਿਤ ਨਾ ਛਕਿਆ ਹੋਣ ਕਰਕੇ ਉਹ ਡਰਦਾ ਮਾਰਿਆ ਜਾਨ ਬਚਾ ਕੇ ਉੱਥੋਂ ਭੱਜ ਗਿਆ, ਪਰ ਬਚ ਫਿਰ ਵੀ ਨਾ ਸਕਿਆ।

**ਸੈਦ ਖਾਂ ਦਾ ਸ਼ਰਨ ਆਉਣਾ** – ਇੱਕ ਵਾਰ ਔਰੰਗਜ਼ੇਬ ਨੇ ਆਪਣੇ ਦਰਬਾਰ ਵਿੱਚ ਲਲਕਾਰ ਕੇ ਕਿਹਾ ਕਿ ਕੀ ਮੇਰੀ ਸੈਨਾ ਵਿੱਚ ਕੋਈ ਵੀ ਅਜਿਹਾ ਯੋਧਾ ਨਹੀਂ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਮੁਕਾਬਲਾ ਕਰ ਸਕੇ? ਔਰੰਗਜ਼ੇਬ ਦੀ ਇਹ ਲਲਕਾਰ ਸੁਣ ਕੇ ਸੈਦ ਖਾਂ ਖੜਾ ਹੋਇਆ ਤੇ ਆਖਣ ਲੱਗਾ ਕਿ ਮੈਂ ਪ੍ਰਣ ਕਰਦਾ ਹਾਂ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਉਂਦਾ ਫੜ੍ਹ ਕੇ ਲਿਆਵਾਂਗਾ। ਸੈਦ ਖਾਂ ਪੀਰ ਬੁੱਧੂ ਸ਼ਾਹ ਜੀ ਦਾ ਸਾਲਾ ਸੀ। ਜਦੋਂ ਇਹ ਚੜ੍ਹਾਈ ਕਰਕੇ ਅਨੰਦਪੁਰ ਸਾਹਿਬ ਨੂੰ ਜਾ ਰਿਹਾ ਸੀ ਤਾਂ ਇਹ ਰਸਤੇ ਵਿੱਚ ਆਪਣੀ ਭੈਣ ਨਸੀਰਾ ਨੂੰ ਮਿਲਣ ਲਈ ਸਢੌਰੇ ਚਲਾ ਗਿਆ। ਇਸ ਦੀ ਭੈਣ ਤੇ ਪੀਰ ਬੁੱਧੂ ਸ਼ਾਹ ਜੀ ਨੇ ਇਸ ਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ ਅਤੇ ਕਿਹਾ ਕਿ ਉਹ ਜਿਉਂਦੇ-ਜਾਗਦੇ ਖੁਦਾ ਨਾਲ ਮੱਥਾ ਨਾ ਲਾਵੇ। ਪਰ ਇਹ ਨਾ ਸਮਝਿਆ ਤੇ ਆਪਣੀ ਜ਼ਿਦ ਤੇ ਅੜਿਆ ਰਿਹਾ। ਭੈਣ ਨਸੀਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰਦਿਆਂ ਬੇਨਤੀ ਕੀਤੀ ਕਿ ਉਹ ਇਸ ਨੂੰ ਸੁਮੱਤ ਬਖ਼ਸ਼ਣ ਤੇ ਆਪਣੇ ਚਰਨਾਂ ਨਾਲ ਜੋੜਨ। ਸੈਦ ਖਾਂ ਆਪਣੀ ਸੈਨਾ ਨਾਲ ਮਾਰੋ-ਮਾਰ ਕਰਦਾ ਹੋਇਆ ਅਨੰਦਪੁਰ ਸਾਹਿਬ ਜਾ ਪੁੱਜਿਆ। ਉੱਥੇ ਜੰਮ ਕੇ ਲੜਾਈ ਹੋਈ। ਸਯਾਦ ਬੇਗ ਜੋ ਗੁਰੂ ਸਾਹਿਬ ਜੀ ਦਾ ਸ਼ਰਧਾਲੂ ਬਣ ਚੁੱਕਾ ਸੀ, ਉਸ ਨੇ ਵੀ ਇਸ ਨੂੰ ਗੁਰੂ ਸਾਹਿਬ ਜੀ ਦੀ ਅਥਾਹ ਸਮਰਥਾ ਦਾ ਬੋਧ ਕਰਵਾਉਂਦਿਆਂ ਹੋਇਆਂ, ਵਾਪਸ ਮੁੜ ਜਾਣ ਲਈ ਕਿਹਾ। ਪਰ ਇਹ ਨਾ ਮੰਨਿਆ। ਸੈਦ ਖਾਂ ਗੁਰੂ ਸਾਹਿਬ ਜੀ ਦੀ ਅਜ਼ਮਤ ਬਾਰੇ ਪਹਿਲਾਂ ਤੋਂ ਹੀ ਬੜਾ ਕੁਝ ਸੁਣ ਚੁੱਕਾ ਸੀ। ਭੈਣ ਨਸੀਰਾਂ, ਪੀਰ ਬੁੱਧੂ ਸ਼ਾਹ ਜੀ ਅਤੇ ਸਯਾਦ ਬੇਗ ਦੀਆਂ ਨਸੀਹਤਾਂ ਨੇ ਇਸ ਨੂੰ ਕੁਝ ਪ੍ਰਭਾਵਿਤ ਕੀਤਾ ਤੇ ਇਹ ਮਨ ਵਿੱਚ ਸੋਚਣ ਲੱਗਾ ਕਿ ਜੇ ਗੁਰੂ ਸਾਹਿਬ ਜੀ ਸੱਚ-ਮੁੱਚ ਹੀ ਅਜ਼ਮਤ ਵਾਲੇ ਤੇ ਅੰਤਰਜਾਮੀ ਹਨ ਤਾਂ ਮੇਰੇ ਸਾਹਮਣੇ ਆ ਕੇ ਮੇਰੇ ਨਾਲ ਹੱਥੋ-ਹੱਥ ਦੀ ਲੜਾਈ ਲੜਨ, ਇਵੇਂ ਹੋਰ ਬੇਗੁਨਾਹਾਂ ਨੂੰ ਕਿਉਂ ਮਰਵਾ ਰਹੇ ਹਨ।

ਘਟ-ਘਟ ਦੀ ਜਾਣਨਹਾਰ ਅੰਤਰਜਾਮੀ ਗੁਰੂ ਪਾਤਸ਼ਾਹ ਜੀ ਸੈਦ ਖਾਂ ਦੀ ਇਹ ਇੱਛਾ ਜਾਣ ਕੇ ਆਪਣਾ ਘੋੜਾ ਦੌੜਾ ਕੇ ਉਸ ਦੇ ਸਾਹਮਣੇ ਆ ਖਲੋਤੇ ਤੇ ਉਸ ਨੂੰ ਵਾਰ ਕਰਨ ਲਈ ਕਿਹਾ। ਗੁਰੂ ਜੀ ਦੇ ਦਰਸ਼ਨਾ ਦਾ ਝਲਕਾਰਾ ਪਾ ਕੇ ਉਹ ਕੰਬ ਗਿਆ ਤੇ ਕਿਰਪਾਨ ਉਸ ਦੇ ਹੱਥੋਂ ਹੇਠਾਂ ਡਿੱਗ ਪਈ ਅਤੇ ਪੁਕਾਰ ਉੱਠਿਆ : "ਲੋਕੋ ! ਰੱਬ ਆ ਗਿਆ ਰੱਬ, ਇਹ ਤਾਂ ਰੱਬ ਦਾ ਨੂਰ ਸਰੀਰਕ ਜਾਮੇ ਵਿੱਚ ਆਇਆ ਹੋਇਆ ਹੈ, ਜਿਸ ਨੇ ਮੈਨੂੰ ਮੁਰਦੇ ਨੂੰ ਜਿਵਾਲ ਦਿੱਤਾ ਹੈ।" ਸੈਦ ਖਾਂ ਨੇ ਹਥਿਆਰ ਸੁੱਟ ਦਿੱਤੇ ਤੇ ਗੁਰੂ ਜੀ ਤੋਂ ਹੋਈ ਗਲਤੀ ਲਈ ਮਾਫ਼ੀ ਮੰਗਦਾ ਹੋਇਆ, ਗੁਰੂ ਜੀ ਦੀ ਫੌਜ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕਰਨ ਲੱਗਾ। ਗੁਰੂ ਜੀ ਨੇ ਉਸ ਨੂੰ ਹਥਿਆਰ ਚੁੱਕਣ ਦੀ ਬਜਾਏ ਅੱਲਾ-ਤਾਲਾ ਦੀ ਬੰਦਗੀ ਕਰਨ ਲਈ ਕਾਂਗੜੇ ਭੇਜ ਦਿੱਤਾ। ਬਾਅਦ ਵਿੱਚ ਜਦੋਂ ਗੁਰੂ ਸਾਹਿਬ ਜੀ ਚਮਕੌਰ ਤੋਂ ਮੁਕਤਸਰ ਵੱਲ ਨੂੰ ਗਏ ਤਾਂ ਸੈਦ ਖਾ ਗੁਰੂ ਜੀ ਪਾਸ ਆ ਗਿਆ ਤੇ ਆਖ਼ਰੀ ਸਮੇਂ ਤੱਕ ਗੁਰੂ ਜੀ ਦੇ ਨਾਲ ਰਿਹਾ।

**ਅਨੰਦਪੁਰ ਦਾ ਯੁੱਧ** – ੧੭੦੪ ਈ: ਵਿੱਚ ਪਹਾੜੀ ਰਾਜੇ, ਸ਼ਾਹੀ ਫੌਜ ਅਤੇ ਸਰਹੰਦ ਦੇ ਸੂਬੇ ਦੀ ਫੌਜ ਨੇ ਅਨੰਦਪੁਰ ਦੇ ਕਿਲ੍ਹੇ 'ਤੇ ਅੱਠ ਮਹੀਨੇ ਘੇਰਾ ਪਾਈ ਰੱਖਿਆ। ਬਾਹਰੋਂ ਰਾਸ਼ਨ ਪਾਣੀ ਵੀ ਬੰਦ ਕਰ ਦਿੱਤਾ। ਸਿੱਖ ਦਰਖ਼ਤਾਂ ਦੇ ਪੱਤੇ ਅਤੇ ਸੱਕ (ਛਿੱਲੜ) ਪੀਸ ਕੇ, ਉਬਾਲ ਕੇ, ਖਾ ਕੇ ਵੀ ਯੁੱਧ ਕਰਦੇ ਰਹੇ। ਸਿੱਖ ਅੰਮ੍ਰਿਤ ਛਕ ਕੇ ਨਾਮ ਬਾਣੀ ਦੇ ਰਸੀਏ ਹੋ ਚੁੱਕੇ ਸਨ ਅਤੇ ਉਨ੍ਹਾਂ ਦੀ ਬਿਰਤੀ ਸਰੀਰ ਦੇ ਦੁੱਖਾਂ ਭੁੱਖਾਂ ਤੋਂ ਉੱਚੀ ਉੱਠ ਚੁੱਕੀ ਸੀ। ਰਾਸ਼ਨ ਪਾਣੀ ਬੰਦ ਕਰਨ ਦੇ ਬਾਵਜੂਦ ਵੀ ਜਦੋਂ ਮੁਗ਼ਲ ਸਰਕਾਰ ਨੂੰ ਅਨੰਦਪੁਰ ਦੇ ਕਿਲ੍ਹੇ 'ਤੇ ਫ਼ਤਹਿ ਨਾ ਮਿਲੀ ਤਾਂ ਔਰੰਗਜ਼ੇਬ ਨੇ ਆਪਣੇ ਕਾਜ਼ੀਆਂ ਦੇ ਰਾਹੀਂ ਕੁਰਾਨ ਦੀ ਕਸਮ ਖਾ ਕੇ ਇਹ ਲਿਖ ਕੇ ਭੇਜ ਦਿੱਤਾ ਕਿ ਤੁਸੀਂ ਕਿਲ੍ਹਾ ਛੱਡ ਦਿਉ, ਅਸੀਂ ਕੋਈ ਵਾਰ ਨਹੀਂ ਕਰਾਂਗੇ। ਮਾਤਾ ਗੁਜਰੀ ਜੀ, ਮਸੰਦਾਂ ਅਤੇ ਕੁਝ ਸਿੰਘਾਂ ਨੇ ਉਨ੍ਹਾਂ ਉੱਪਰ ਵਿਸ਼ਵਾਸ ਕਰ ਲਿਆ। ਮਾਤਾ ਜੀ ਦੇ ਜ਼ੋਰ ਦੇਣ 'ਤੇ ਗੁਰੂ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ। ਆਪ ਜੀ ਜਦੋਂ ਸਰਸਾ ਨਦੀ 'ਤੇ ਪਹੁੰਚੇ ਤਾਂ ਜ਼ਾਲਮ ਮੁਗ਼ਲ ਸਰਕਾਰ ਨੇ ਆਪਣੀ ਕੁਰਾਨ ਦੀ ਕਸਮ ਤੋੜ ਕੇ ਹਮਲਾ ਕਰ ਦਿੱਤਾ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਤੇ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਮਾਤਾ ਗੁਜਰੀ ਜੀ ਨਾਲ ਮੁਰਿੰਡੇ ਪਿੰਡ ਵੱਲ ਚਲੇ ਗਏ, ਜਿੱਥੇ ਉਨ੍ਹਾਂ ਨੂੰ ਗੰਗੂ ਨੇ

ਗ੍ਰਿਫਤਾਰ ਕਰਵਾ ਕੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ। ਸੂਬਾ ਸਰਹਿੰਦ ਵਜ਼ੀਰ ਖਾਂ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਪਰ ਛੋਟੇ ਬੱਚਿਆਂ ਨੇ ਇਸ ਨੂੰ ਠੁਕਰਾ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ੨੭ ਦਸੰਬਰ ੧੭੦੪ ਈ: ਵਾਲੇ ਦਿਨ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦੇ ਕਹਿਣ 'ਤੇ ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਚਲੇ ਗਏ।

**ਚਮਕੌਰ ਦੀ ਜੰਗ** - ਗੁਰੂ ਜੀ, ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੁਝਾਰ ਸਿੰਘ ਜੀ ਅਤੇ ੪੦ ਸਿੰਘ ਚਮਕੌਰ ਵੱਲ ਚਲੇ ਗਏ। ਜਿੱਥੇ ਉਨ੍ਹਾਂ ਨੂੰ ਦਸ ਲੱਖ ਮੁਸਲਮਾਨਾਂ ਨੇ ਘੇਰਾ ਪਾ ਲਿਆ। ੨੨ ਦਸੰਬਰ ੧੭੦੪ ਈ: ਵਿੱਚ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦੇ ਤੇ ਸਿੰਘ ਹਜ਼ਾਰਾਂ ਮੁਗ਼ਲਾਂ ਦੇ ਆਹੂ ਲਾਹੁੰਦੇ ਹੋਏ ਸ਼ਹੀਦ ਹੋ ਗਏ। ਗੁਰੂ ਸਾਹਿਬ ਪੰਜਾਂ ਪਿਆਰਿਆਂ ਦਾ ਹੁਕਮ ਮੰਨ ਕੇ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਨਾਲ ਮਾਛੀਵਾੜੇ ਵੱਲ ਚਲੇ ਗਏ।

**ਉੱਚ ਦੇ ਪੀਰ** - ਦੁੱਖਾਂ-ਤਕਲੀਫਾਂ ਨਾਲ ਭਰਿਆ ਹੋਇਆ ਸਫ਼ਰ ਤੈਅ ਕਰਦੇ ਹੋਏ ਗੁਰੂ ਸਾਹਿਬ ਜੀ ਮਾਛੀਵਾੜੇ ਦੇ ਜੰਗਲ ਵਿੱਚ ਆ ਪਹੁੰਚੇ ਤੇ ਉੱਥੇ ਇੱਕ ਬਾਗ਼ ਵਿੱਚ ਆ ਟਿਕੇ। ਏਥੇ ਹੀ ਗੁਰੂ ਸਾਹਿਬ ਜੀ ਨੂੰ ਤਿੰਨੇ ਸਿੰਘ ਵੀ ਆ ਮਿਲੇ। ਜਿਸ ਬਾਗ਼ ਵਿੱਚ ਗੁਰੂ ਸਾਹਿਬ ਜੀ ਠਹਿਰੇ ਹੋਏ ਸਨ, ਉਹ ਬਾਗ਼ ਗੁਲਾਬੇ ਮਸੰਦ ਦਾ ਸੀ। ਗੁਰੂ ਜੀ ਦੇ ਆਉਣ ਦਾ ਪਤਾ ਲੱਗਣ 'ਤੇ ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਤੇ ਉਹਨਾਂ ਨੂੰ ਆਪਣੇ ਚੁਬਾਰੇ ਵਿੱਚ ਠਹਿਰਾਇਆ। ਗੁਰੂ ਜੀ ਕਾਫੀ ਸਮਾਂ ਉੱਥੇ ਟਿਕੇ। ਦੂਜੇ ਪਾਸੇ ਸਰਹਿੰਦ ਦੇ ਨਵਾਬ ਦੀ ਫੌਜ ਗੁਰੂ ਜੀ ਦਾ ਪਿੱਛਾ ਕਰਦੀ ਹੋਈ ਆ ਰਹੀ ਸੀ। ਉਹ ਸੂਹ ਲੈ-ਲੈ ਕੇ ਗੁਰੂ ਜੀ ਦੀ ਭਾਲ ਕਰ ਰਹੀ ਸੀ। ਇਸ ਲਈ ਗੁਰੂ ਜੀ ਨੇ ਉੱਥੋਂ ਅੱਗੇ ਜਾਣ ਦਾ ਫੈਸਲਾ ਕੀਤਾ।

ਮਾਛੀਵਾੜੇ ਵਿਚ ਹੀ ਗਨੀ ਖਾਂ ਤੇ ਨਬੀ ਖਾਂ ਨਾਂ ਦੇ ਦੋ ਪਠਾਣ ਭਰਾ ਰਹਿੰਦੇ ਸਨ। ਉਹ ਕੁਝ ਸਮਾਂ ਅਨੰਦਪੁਰ ਸਾਹਿਬ ਵਿਖੇ ਦਸ਼ਮੇਸ਼ ਜੀ ਦੇ ਦਰਬਾਰ ਵਿੱਚ ਰਹੇ ਸਨ, ਇਸ ਲਈ ਉਹ ਗੁਰੂ ਜੀ ਦੇ ਬੜੇ ਸ਼ਰਧਾਲੂ ਸਨ। ਜਦੋਂ ਉਹਨਾਂ ਨੂੰ ਗੁਰੂ ਜੀ ਨਾਲ ਵਾਪਰੀਆਂ ਸਾਰੀਆਂ ਘਟਨਾਵਾਂ (ਅਨੰਦਪੁਰ ਸਾਹਿਬ ਦੇ ਜੰਗ ਤੋਂ ਗੁਲਾਬੇ ਦੇ ਘਰ ਪਹੁੰਚਣ ਤੱਕ) ਦਾ ਪਤਾ ਲੱਗਾ ਤਾਂ ਉਹ ਬੜੇ ਦੁਖੀ ਹੋਏ। ਇਹ ਪਤਾ ਲੱਗਣ 'ਤੇ ਕਿ ਇਸ ਸਮੇਂ ਗੁਰੂ ਸਾਹਿਬ ਜੀ ਗੁਲਾਬੇ ਮਸੰਦ ਦੇ ਘਰ ਠਹਿਰੇ ਹੋਏ ਹਨ ਤੇ ਸਰਹਿੰਦ ਦੇ ਨਵਾਬ ਦੀ ਫੌਜ ਉਹਨਾਂ ਦਾ ਪਿੱਛਾ ਕਰ ਰਹੀ ਹੈ, ਦੋਹਾਂ ਭਰਾਵਾਂ ਨੇ ਸਲਾਹ ਕੀਤੀ ਕਿ ਇਸ ਸਮੇਂ ਗੁਰੂ ਜੀ ਮੁਸ਼ਕਿਲ ਵਿੱਚ ਹਨ ਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਉਹਨਾਂ ਨੂੰ ਇਸ ਖ਼ਤਰੇ ਵਿੱਚੋਂ ਕੱਢ ਕੇ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚਾਈਏ। ਇਹ ਮਹਾਨ ਸੇਵਾ ਕਰਦਿਆਂ ਸਾਡੀਆਂ ਜਾਨਾਂ ਵੀ ਭਾਵੇਂ ਕਿਉਂ ਨਾ ਚਲੀਆਂ ਜਾਣ। ਕੋਈ ਐਸਾ ਢੰਗ ਸੋਚੀਏ ਕਿ ਸੱਪ ਵੀ ਮਰ ਜਾਏ ਤੇ ਸੋਟਾ ਵੀ ਨਾ ਟੁੱਟੇ।

ਦੋਵੇਂ ਭਰਾ ਸਲਾਹ ਕਰਕੇ ਗੁਰੂ ਜੀ ਕੋਲ ਆ ਹਾਜ਼ਰ ਹੋਏ। ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਏ ਤੇ ਗੁਰੂ ਜੀ ਨੂੰ ਆਪਣੀ ਸਾਰੀ ਵਿਉਂਤ ਬਾਰੇ ਦੱਸਿਆ। ਬਣਾਈ ਹੋਈ ਵਿਉਂਤ ਤਹਿਤ ਗੁਰੂ ਜੀ ਨੇ ਨੀਲੇ ਕੱਪੜੇ ਪਾ ਲਏ ਤੇ ਕੇਸ ਖੋਲ੍ਹ ਕੇ ਪਿੱਛੇ ਨੂੰ ਸੁੱਟ ਲਏ। ਮੁਸਲਮਾਨ ਫਕੀਰਾਂ ਜਿਹਾ ਪਹਿਰਾਵਾ ਬਣਾ ਕੇ ਗੁਰੂ ਜੀ ਇੱਕ ਪਾਲਕੀ ਵਿੱਚ ਬੈਠ ਗਏ। ਗਨੀ ਖਾਂ, ਨਬੀ ਖਾਂ, ਭਾਈ ਧਰਮ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ ਨੇ ਪਾਲਕੀ ਚੁੱਕੀ। ਭਾਈ ਦਇਆ ਸਿੰਘ ਜੀ ਪਿੱਛੇ ਚੌਰ ਕਰਦੇ ਹੋਏ ਆ ਰਹੇ ਸਨ। ਲੋਕਾਂ ਦੇ ਪੁੱਛਣ 'ਤੇ ਦੋਵੇਂ ਭਰਾ ਦੱਸਦੇ ਕਿ ਅਸੀਂ ਆਪਣੇ ਉੱਚ ਦੇ ਪੀਰ ਨੂੰ ਲਿਜਾ ਰਹੇ ਹਾਂ। ਇਵੇਂ ਸਫ਼ਰ ਤੈਅ ਕਰਦਿਆਂ ਰਸਤੇ ਵਿੱਚ ਸਰਹਿੰਦ ਦੇ ਨਵਾਬ ਦੀ ਫੌਜ ਆ ਟੱਕਰੀ। ਸਿਪਾਹੀਆਂ ਨੇ ਪਾਲਕੀ ਰੁਕਵਾ ਲਈ। ਪਾਲਕੀ ਵਿੱਚ ਸਵਾਰ ਫਕੀਰ ਨੂੰ ਉਹਨਾਂ ਨੇ ਗਹੁ ਨਾਲ ਦੇਖਿਆ। ਉਹਨਾਂ ਵਿੱਚੋਂ ਕਿਸੇ ਨੇ ਪਹਿਲਾਂ ਗੁਰੂ ਜੀ ਨੂੰ ਦੇਖਿਆ ਨਹੀਂ ਸੀ, ਇਸ ਲਈ ਕੋਈ ਵੀ ਉਹਨਾਂ ਨੂੰ ਪਹਿਚਾਣ ਨਾ ਸਕਿਆ। ਫੌਜਦਾਰ ਨੇ ਪਾਲਕੀ ਚੁੱਕਣ ਵਾਲਿਆਂ ਤੋਂ ਪੁੱਛਿਆ, "ਇਹ ਤੁਸੀਂ ਕਿਸ ਨੂੰ ਚੁੱਕੀ ਲਿਜਾ ਰਹੇ ਹੋ?" ਗਨੀ ਖਾਂ ਨੇ ਉੱਤਰ ਦਿੱਤਾ, "ਜੀ! ਇਹ ਸਾਡੇ 'ਉੱਚ ਦੇ ਪੀਰ' ਹਨ।" ਫੌਜਦਾਰ ਨੂੰ ਕੁਝ ਸ਼ੱਕ ਹੋ ਗਿਆ ਸੀ, ਇਸ ਲਈ ਉਸ ਨੇ ਕਾਫੀ ਪੁੱਛ-ਗਿੱਛ ਕੀਤੀ। ਪਰ ਪਠਾਣ ਭਰਾਵਾਂ ਨੇ ਉਸ ਦੇ ਸਭ ਸਵਾਲਾਂ ਦਾ ਜਵਾਬ ਬੜੀ ਹੁਸ਼ਿਆਰੀ ਨਾਲ ਦਿੱਤਾ। ਪਰ ਫਿਰ ਵੀ ਫੌਜਦਾਰ ਨੇ ਹੋਰ ਤਸੱਲੀ ਕਰਨੀ ਚਾਹੀ। ਇਸ ਲਈ ਉਸ ਨੇ ਸੋਲਹ ਵਾਲੇ ਕਾਜ਼ੀ ਪੀਰ ਮੁਹੰਮਦ ਨੂੰ ਉੱਥੇ ਬੁਲਾਇਆ ਤੇ ਉਸ ਤੋਂ ਪਾਲਕੀ ਸਵਾਰ ਬਾਰੇ ਨਿਰਣਾ ਕਰਨਾ ਚਾਹਿਆ। ਉਸ ਕਾਜ਼ੀ ਤੋਂ ਗੁਰੂ ਜੀ ਨੇ ਫ਼ਾਰਸੀ ਪੜ੍ਹੀ ਹੋਈ ਸੀ, ਇਸ ਲਈ ਉਸ ਨੇ ਗੁਰੂ ਜੀ ਨੂੰ ਪਹਿਚਾਣ ਲਿਆ। ਪਰ ਉਹ ਉਹਨਾਂ ਨੂੰ ਅੱਲਾ-ਤਾਲਾ ਦਾ ਰੂਪ ਸਮਝਦਾ ਸੀ। ਗੁਰੂ ਜੀ ਨੂੰ ਪੜ੍ਹਾਉਂਦੇ ਸਮੇਂ ਹੀ ਉਹ ਉਹਨਾਂ ਦੀ ਰੂਹਾਨੀਅਤ ਦੇਖ ਕੇ ਉਹਨਾਂ ਦਾ ਬੜਾ ਸਤਿਕਾਰ ਕਰਿਆ ਕਰਦਾ ਸੀ। ਫੌਜਦਾਰ ਕਹਿਣ ਲੱਗਾ, "ਕਾਜ਼ੀ ਜੀ! ਚੰਗੀ ਤਰ੍ਹਾਂ ਦੇਖ ਕੇ ਦੱਸੋ ਕਿ ਪਾਲਕੀ ਵਿੱਚ ਸਵਾਰ ਫਕੀਰ ਕੌਣ ਹੈ?" ਕਾਜ਼ੀ ਨੂੰ ਗੁਰੂ ਜੀ ਦੁਆਰਾ ਲੋਕਾਈ 'ਤੇ ਕੀਤੇ ਪਰਉਪਕਾਰਾਂ ਦਾ ਵੀ ਪਤਾ ਸੀ ਤੇ ਗੁਰੂ ਜੀ ਨਾਲ ਵਾਪਰੀਆਂ ਸਾਰੀਆਂ ਘਟਨਾਵਾਂ ਦਾ ਵੀ ਪਤਾ ਸੀ। ਇਸ ਲਈ ਉਹ ਗੁਰੂ ਜੀ ਦਾ ਪੱਖ ਲੈਂਦਾ ਹੋਇਆ ਉਹ ਕਹਿਣ ਲੱਗਾ, "ਇਹਨਾਂ ਮਹਾਂਪੁਰਸ਼ਾਂ ਨੂੰ ਨਾ ਰੋਕੋ। ਇਹ ਤਾਂ ਅੱਲਾ-ਤਾਲਾ ਦੇ ਸੱਚੇ ਉਪਾਸ਼ਕ ਤੇ ਸੱਚ-ਮੁੱਚ ਉੱਚ ਦੇ ਪੀਰ ਹਨ।" ਇਵੇਂ ਫੌਜਦਾਰ ਦੀ ਤਸੱਲੀ ਹੋ ਗਈ ਤੇ ਉਸ ਨੇ

ਪਾਲਕੀ ਨੂੰ ਲੈ ਜਾਣ ਦੀ ਆਗਿਆ ਦੇ ਦਿੱਤੀ। ਇਵੇਂ ਉੱਚ ਦੇ ਪੀਰ ਬਣ ਕੇ ਸਫ਼ਰ ਕਰਦੇ ਹੋਏ ਗੁਰੂ ਸਾਹਿਬ ਜੀ ਜ਼ਿਲ੍ਹਾ ਲੁਧਿਆਣਾ ਦੇ ਇੱਕ ਪਿੰਡ ਹੇਹਰ ਵਿੱਚ ਆਣ ਪਹੁੰਚੇ। ਏਥੇ ਮਹੰਤ ਕ੍ਰਿਪਾਲ ਦਾਸ ਜੀ ਨੇ ਗੁਰੂ ਜੀ ਨੂੰ ਆਪਣੇ ਘਰ ਠਹਿਰਾਇਆ ਤੇ ਉਹਨਾਂ ਦੀ ਸ਼ਰਧਾ-ਭਾਵਨਾ ਨਾਲ ਸੇਵਾ ਕੀਤੀ। ਗੁਰੂ ਜੀ ਨੇ ਗਨੀ ਖਾਂ ਤੇ ਨਬੀ ਖਾਂ ਨੂੰ ਏਥੋਂ ਵਿਦਾ ਕੀਤਾ। ਉਹਨਾਂ ਦੀ ਮਹਾਨ ਸੇਵਾ ਦੇ ਬਦਲੇ ਉਹਨਾਂ ਨੂੰ ਇੱਕ ਸੋਨੇ ਦੇ ਕੜਿਆਂ ਦੀ ਜੋੜੀ ਦਿੱਤੀ ਤੇ ਇੱਕ ਹੁਕਮਨਾਮਾ ਸਿੱਖ ਸੰਗਤਾਂ ਦੇ ਨਾਂ ਲਿਖਿਆ ਦਿੱਤਾ। ਜਿਸ ਵਿੱਚ ਲਿਖਿਆ ਹੋਇਆ ਸੀ, "ਇਹ ਦੋਵੇਂ ਪਠਾਣ ਭਰਾ ਸਾਨੂੰ ਪੁੱਤਰਾਂ ਨਾਲੋਂ ਵੱਧ ਪਿਆਰੇ ਹਨ। ਹਰੇਕ ਸਿੱਖ ਇਹਨਾਂ ਦਾ ਆਦਰ-ਮਾਣ ਕਰੇ।" ਇੱਕ ਹੁਕਮਨਾਮਾ ਗੁਰੂ ਜੀ ਨੇ ਕਾਜ਼ੀ ਪੀਰ ਮੁਹੰਮਦ ਜੀ ਨੂੰ ਵੀ ਦਿੱਤਾ। ਜਿਸ ਵਿੱਚ ਗੁਰੂ ਜੀ ਨੇ ਉਸ ਦੀ ਸਹਾਇਤਾ ਦਾ ਜ਼ਿਕਰ ਕੀਤਾ ਸੀ ਤੇ ਸਿੱਖਾਂ ਨੂੰ ਹੁਕਮ ਕੀਤਾ ਸੀ ਕਿ ਉਸ ਦਾ ਆਦਰ-ਸਤਿਕਾਰ ਕੀਤਾ ਜਾਵੇ। ਇਹ ਹੁਕਮਨਾਮੇ ਉਹਨਾਂ ਦੀ ਔਲਾਦ ਪਾਸ ਮੌਜੂਦ ਹਨ।

**ਜ਼ਫਰਨਾਮਾ** - ਮਾਛੀਵਾੜੇ ਤੋਂ ਦੀਨਾ ਕਾਂਗੜ ਪਹੁੰਚ ਕੇ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ (ਜਿੱਤ ਦੀ ਚਿੱਠੀ) ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੇ ਹੱਥ ਦੱਖਣ ਵੱਲ ਭੇਜਿਆ। ਇਸ ਵਿੱਚ ਇਹ ਲਿਖਿਆ ਕਿ ਹੇ ਔਰੰਗਜ਼ੇਬ! ਤੂੰ ਕੁਰਾਨ ਦੀ ਕਸਮ ਖਾ ਕੇ ਮੁੱਕਰ ਗਿਆ ਅਤੇ ਬੇਈਮਾਨ ਹੋ ਗਿਆ। ਜੋ ਤੂੰ ਜ਼ੁਲਮ ਕੀਤੇ ਹਨ ਉਸ ਦਾ ਲੇਖਾ ਤੈਨੂੰ ਖੁਦਾ ਦੀ ਦਰਗਾਹ ਵਿੱਚ ਜ਼ਰੂਰ ਦੇਣਾ ਪਵੇਗਾ। ਜ਼ਫਰਨਾਮਾ ਪੜ੍ਹ ਕੇ ਉਸ ਦੇ ਕੀਤੇ ਸਾਰੇ ਗੁਨਾਹ ਉਸ ਦੇ ਸਾਹਮਣੇ ਆ ਗਏ ਤੇ ਉਹ ਬਹੁਤ ਪਛੁਤਾਇਆ ਅਤੇ ਅੱਖਾਂ ਵਿੱਚੋਂ ਹੰਝੂ ਕੇਰ ਕੇ ਰੋਣ ਲੱਗਾ। ਕੀਤੇ ਗੁਨਾਹਾਂ ਦੇ ਬਦਲੇ ਦਰਗਾਹ ਵਿੱਚ ਮਿਲਣ ਵਾਲੀਆਂ ਸਜਾਵਾਂ ਬਾਰੇ ਸੋਚ ਕੇ ਉਹ ਚਿੰਤਾ ਦੇ ਸਮੁੰਦਰ ਵਿੱਚ ਘਿਰ ਗਿਆ ਤੇ ਮਰਨ ਕਿਨਾਰੇ ਪਹੁੰਚ ਗਿਆ, ਪਰ ਸਵਾਸ ਨਹੀਂ ਸਨ ਨਿਕਲ ਰਹੇ। ਉਸ ਦੀ ਲੜਕੀ..........ਜਿਸ ਨਾਲ ਉਹ ਬਹੁਤ ਪਿਆਰ ਕਰਦਾ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾਲੂ ਸੀ ਤੇ ਉਨ੍ਹਾਂ ਦਾ ਧਿਆਨ ਧਰਕੇ ਨਿਮਾਜ ਪੜ੍ਹਦੀ ਹੁੰਦੀ ਸੀ, ਉਸ ਨੇ ਕਿਹਾ ਅੱਬਾ ਜਾਨ ਖ਼ਤ ਦੇ ਆਖ਼ੀਰ 'ਤੇ ਇਹ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਅੱਲਾ-ਤਾਲਾ ਦੀ ਤਾਰੀਫ "ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ" ਲਿਖੀ ਹੈ, ਇਸ ਦਾ ਭਾਵ ਹੈ ਕਿ ਜੋ ਖਾਲਸ ਬੰਦੇ ਹੁੰਦੇ ਹਨ ਉਹ ਅੱਲਾ-ਤਾਲਾ ਦੇ ਹੁੰਦੇ ਹਨ ਅਤੇ ਉਨ੍ਹਾਂ ਦੀ ਅੱਲਾ ਹਰ ਮੈਦਾਨੇ ਫਤਹਿ ਕਰਦਾ ਹੈ, ਇਸ ਨੂੰ ਪੜ੍ਹੋ। ਜਦੋਂ ਉਸ ਨੇ "ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ" ਪੜ੍ਹਿਆ ਤਾਂ ਉਸ ਦੇ ਪ੍ਰਾਣ ਨਿਕਲ ਗਏ ਤੇ ਉਹ ਸ਼ਾਂਤ ਹੋ ਗਿਆ। ਇਹ ਹੈ ਇਲਾਹੀ ਤਾਕਤ ਅਕਾਲ ਪੁਰਖ ਦੇ ਪਿਆਰਿਆਂ ਦੀ ਕਿ ਉਹਨਾਂ ਨੇ ਤਲਵਾਰ ਨਾਲ ਤਾਂ ਔਰੰਗਜ਼ੇਬ ਨੂੰ ਕਤਲ ਨਹੀਂ ਕੀਤਾ ਪਰ ਆਪਣੀ ਕਲਮ ਦੇ ਇਲਾਹੀ ਸ਼ਬਦਾਂ ਨਾਲ ਉਸ ਦੇ ਪਾਪਾਂ ਅਤੇ ਉਹਨਾਂ ਦਾ ਖਮਿਆਜਾ ਦਰਸਾ ਕੇ ਉਸ ਦੀ ਤੜਫ ਰਹੀ ਜਾਨ ਤੋਂ ਛੁਟਕਾਰਾ ਦਿਵਾਇਆ।

**ਮੁਕਤਸਰ ਦੀ ਜੰਗ** - ਮੁਗ਼ਲ ਫੌਜਾਂ ਨੂੰ ਜਦੋਂ ਗੁਰੂ ਸਾਹਿਬ ਦਾ ਖਿਦਰਾਣੇ ਦੀ ਢਾਬ 'ਤੇ ਪੁੱਜਣ ਦਾ ਪਤਾ ਲੱਗਾ ਤਾਂ ਉਹ ਹਜ਼ਾਰਾਂ ਦੀ ਤਾਦਾਦ ਵਿੱਚ ਉੱਥੇ ਪਹੁੰਚੀਆਂ। ਇੱਥੇ ਜੋ ਚਾਲ੍ਹੀ ਸਿੰਘ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਨੂੰ ਬੇਦਾਵਾ ਦੇ ਆਏ ਸਨ, ਨੇ ਭੁੱਲ ਮੰਨ ਇਨ੍ਹਾਂ ਜ਼ਾਲਮ ਫੌਜਾਂ ਨਾਲ ਡੱਟ ਕੇ ਟਾਕਰਾ ਕੀਤਾ। ਹਜ਼ਾਰਾਂ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਦੁਸ਼ਮਣ ਦੀਆਂ ਫੌਜਾਂ ਦਾ ਬਹੁਤ ਨੁਕਸਾਨ ਹੋਇਆ ਅਤੇ ਜਦੋਂ ਕੁਝ ਨਾ ਲੱਭਾ ਤਾਂ ਤੰਗ ਆ ਕੇ ਵਾਪਸ ਚਲੇ ਗਏ। ਗੁਰੂ ਸਾਹਿਬ ਨੇ ਬੇਦਾਵਾ ਫਾੜ ਕੇ ਸਿੰਘਾਂ ਦੀ ਟੁੱਟੀ ਗੰਢੀ, ਉਹਨਾਂ ਨੂੰ ਚਾਲ੍ਹੀ ਮੁਕਤਿਆਂ ਦਾ ਰੁਤਬਾ ਦਿੱਤਾ ਅਤੇ ਖਿਦਰਾਣੇ ਦੀ ਢਾਬ ਦਾ ਨਾਂ ਮੁਕਤਸਰ ਰੱਖਿਆ।

**ਸਾਬੋ ਕੀ ਤਲਵੰਡੀ ਪਹੁੰਚਣਾ** - ਗੁਰੂ ਸਾਹਿਬ ਜੀ ਮੁਕਤਸਰ ਦੀ ਜੰਗ ਫਤਹਿ ਕਰਕੇ ਸਾਬੋ ਕੀ ਤਲਵੰਡੀ ਪਹੁੰਚੇ ਅਤੇ ਇੱਥੇ ਕਮਰ ਕਸਾ ਖੋਲ੍ਹ ਕੇ ਦਮ ਲਿਆ ਅਥਵਾ ਅਰਾਮ ਕੀਤਾ। ਸੋ ਗੁਰੂ ਸਾਹਿਬ ਜੀ ਦੁਆਰਾ ਜੰਗਾਂ-ਯੁੱਧਾਂ ਦੇ ਲੰਮੇ ਸਮੇਂ ਤੋਂ ਬਾਅਦ ਇੱਥੇ ਦਮ ਲੈਣ ਕਰਕੇ ਇਸ ਅਸਥਾਨ ਦਾ ਨਾਮ ਦਮਦਮਾ ਸਾਹਿਬ ਪੈ ਗਿਆ। ਇੱਥੋਂ ਦਾ ਚੌਧਰੀ ਭਾਈ ਡੱਲਾ ਸੀ, ਜੋ ਗੁਰੂ ਸਾਹਿਬ ਜੀ ਦਾ ਬੜਾ ਸ਼ਰਧਾਲੂ ਸੀ। ਉਸ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਮਹਾਰਾਜ ਜੀ ਮੇਰੀ ਫੌਜ ਦੇ ਸੱਤ-ਸੱਤ ਫੁੱਟ ਲੰਮੇ ਜਵਾਨ ਹਨ। ਜੇ ਤੁਸੀਂ ਮੈਨੂੰ ਪਹਿਲਾਂ ਯਾਦ ਕਰਦੇ ਤਾਂ ਮੇਰੇ ਜਵਾਨਾਂ ਨੇ ਜੰਗੇ-ਮੈਦਾਨ ਵਿੱਚ ਸ਼ਾਹੀ ਫੌਜ ਦੇ ਛੱਕੇ ਛੁਡਾ ਦੇਣੇ ਸਨ ਤੇ ਨਾ ਹੀ ਤੁਹਾਨੂੰ ਅਨੰਦਪੁਰ ਸਾਹਿਬ ਛੱਡਣਾ ਪੈਂਣਾ ਸੀ ਤੇ ਨਾ ਹੀ ਤੁਹਾਡੇ ਸਪੁੱਤਰ ਸ਼ਹੀਦ ਹੋਣੇ ਸਨ। ਗੁਰੂ ਸਾਹਿਬ ਜੀ ਨੇ ਮੁਸਕਰਾਉਂਦੇ ਹੋਏ ਕਿਹਾ ਕਿ ਭਾਈ ਡੱਲਿਆ ਅਜਿਹੀ ਗੱਲ ਨਹੀਂ ਹੈ, ਸਾਡੇ ਸਿੱਖ ਵੀ ਬੜੇ ਬਹਾਦਰ ਹਨ ਤੇ ਉਹ ਜਾਨਾਂ ਹੂਲ ਕੇ ਲੜੇ ਹਨ ਅਤੇ ਨਾਲੇ ਬਹਾਦਰੀ ਦਾ ਸੰਬੰਧ ਸਰੀਰਕ ਤਾਕਤ ਨਾਲ ਨਹੀਂ ਬਲਕਿ ਆਤਮਿਕ ਨਿਰਭੈਤਾ ਦੇ ਨਾਲ ਹੁੰਦਾ ਹੈ। ਪਰ ਡੱਲਾ ਫਿਰ ਆਖਣ ਲੱਗਾ, ਨਹੀਂ ਗੁਰੂ ਜੀ! ਫਿਰ ਵੀ ਜੰਗੇ ਮੈਦਾਨ ਵਿੱਚ ਸ਼ਮਸ਼ੀਰ ਤਾਂ ਡੌਲਿਆਂ ਦੇ ਜ਼ੋਰ ਨਾਲ ਹੀ ਵਾਹੀ ਜਾਂਦੀ ਹੈ। ਡੱਲੇ ਦੀ ਇਹ ਗੱਲ ਸੁਣ ਕੇ ਗੁਰੂ ਸਾਹਿਬ ਜੀ ਆਖਣ ਲੱਗੇ ਕੋਈ ਨਾ ਡੱਲਿਆ ਅਜੇ ਕਿਹੜੀ ਡੋਰੀ ਟੁੱਟ ਗਈ ਹੈ, ਕਿਤੇ ਤੇਰੇ ਜਵਾਨਾਂ ਦੀ ਬਹਾਦਰੀ ਨੂੰ ਵੀ ਅਜ਼ਮਾਅ ਕੇ ਦੇਖ ਲਵਾਂਗੇ।

ਕੁਝ ਕੁ ਦਿਨਾਂ ਬਾਅਦ ਹੀ ਇੱਕ ਸਿੱਖ ਬੜੀ ਸੋਹਣੀ ਬੰਦੂਕ ਬਣਾ ਕੇ ਲਿਆਇਆ ਤੇ ਗੁਰੂ ਸਾਹਿਬ ਜੀ ਨੂੰ ਭੇਟ ਕਰਦਾ ਹੋਇਆ ਆਖਣ ਲੱਗਾ ਕਿ ਗੁਰੂ ਸਾਹਿਬ ਜੀ ਇਹ ਬੰਦੂਕ ਬੜੀ ਮਜ਼ਬੂਤ ਹੈ ਅਤੇ ਬੜੀ ਦੂਰ ਤੱਕ ਤੇ ਸਿੱਧਾ ਨਿਸ਼ਾਨੇ 'ਤੇ ਵਾਰ ਕਰਦੀ ਹੈ। ਉਸ ਸਮੇਂ ਭਾਈ ਡੱਲਾ ਜੀ ਵੀ ਕੋਲ ਹੀ ਖੜ੍ਹੇ ਸਨ। ਗੁਰੂ ਸਾਹਿਬ ਜੀ ਭਾਈ ਡੱਲੇ ਨੂੰ ਆਖਣ ਲੱਗੇ, "ਡੱਲਿਆ! ਲਿਆ ਆਪਣੀ ਫ਼ੌਜ ਦਾ ਕੋਈ ਜਵਾਨ, ਜ਼ਰਾ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਰੀਏ।" ਡੱਲਾ ਇਹ ਸੁਣ ਕੇ ਘਬਰਾਅ ਗਿਆ ਤੇ ਆਖਣ ਲੱਗਾ ਗੁਰੂ ਜੀ ਬੰਦੂਕ ਦੀ ਪਰਖ ਲਈ ਕਿਸੇ ਬੰਦੇ ਨੂੰ ਕਿਉਂ ਮਾਰਨਾ ਹੈ, ਇਸ ਦੀ ਪਰਖ ਤਾਂ ਕਿਸੇ ਪਸ਼ੂ-ਪੰਛੀ 'ਤੇ ਵੀ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਜੀ ਆਖਣ ਲੱਗੇ, "ਨਹੀਂ ਡੱਲਿਆ! ਅਸੀਂ ਇਸ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਿਸੇ ਇਨਸਾਨ ਉੱਤੇ ਹੀ ਕਰਨੀ ਹੈ।" ਹੁਕਮ ਮੰਨ ਕੇ ਉਸ ਨੇ ਆਪਣੇ ਜਵਾਨਾਂ ਨੂੰ ਬੁਲਾਇਆ ਅਤੇ ਗੁਰੂ ਜੀ ਦਾ ਹੁਕਮ ਉਨ੍ਹਾਂ ਨੂੰ ਸੁਣਾਇਆ। ਪਰ ਉਸ ਦੇ ਸਾਰੇ ਹੀ ਜਵਾਨ ਮੌਤ ਤੋਂ ਡਰ ਗਏ ਤੇ ਕੋਈ ਵੀ ਗੁਰੂ ਜੀ ਦੀ ਗੋਲੀ ਦਾ ਨਿਸ਼ਾਨਾ ਬਣਨ ਲਈ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੋਣ ਲਈ ਤਿਆਰ ਨਾ ਹੋਇਆ। ਡੱਲੇ ਨੇ ਬਥੇਰਾ ਜ਼ੋਰ ਲਾਇਆ, ਪਰ ਕੋਈ ਵੀ ਉਸ ਦੇ ਆਖੇ ਨਾ ਲੱਗਾ ਤੇ ਆਖਣ ਲੱਗੇ ਕਿ ਅਸੀਂ ਜੰਗੇ ਮੈਦਾਨ ਵਿੱਚ ਤਾਂ ਲੜ ਸਕਦੇ ਹਾਂ, ਪਰ ਇਸ ਤਰ੍ਹਾਂ ਅਨਿਯਾਈ ਮੌਤੇ ਮਰ ਨਹੀਂ ਸਕਦੇ।

ਇਹ ਦੇਖ ਕੇ ਗੁਰੂ ਸਾਹਿਬ ਜੀ ਨੇ ਮੁਸਕਰਾਅ ਕੇ ਭਾਈ ਡੱਲਾ ਜੀ ਨੂੰ ਕਿਹਾ, "ਡੱਲਿਆ! ਚੱਲ ਜੇ ਕੋਈ ਤੇਰਾ ਜਵਾਨ ਨਹੀਂ ਮੰਨਿਆ ਤਾਂ ਤੂੰ ਹੀ ਨਿਸ਼ਾਨੇ ਦੀ ਪਰਖ ਲਈ ਸਾਡੇ ਸਾਹਮਣੇ ਖੜ੍ਹਾ ਹੋ ਜਾਹ।" ਡੱਲਾ ਵੀ ਡਰਦਾ ਹੋਇਆ ਆਖਣ ਲੱਗਾ ਕਿ ਗੁਰੂ ਜੀ ਮੈਨੂੰ ਵੀ ਮੌਤ ਤੋਂ ਡਰ ਲੱਗਦਾ ਹੈ, ਮੈਂ ਇਸ ਤਰ੍ਹਾਂ ਮਰਨਾ ਨਹੀਂ ਚਾਹੁੰਦਾ। ਉਦੋਂ ਅਜੇ ਭਾਈ ਡੱਲਾ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਨਹੀਂ ਸੀ ਛਕਿਆ। ਡੱਲੇ ਦਾ ਇਹ ਜਵਾਬ ਸੁਣ ਕੇ ਗੁਰੂ ਸਾਹਿਬ ਜੀ ਨੇ ਡੱਲੇ ਨੂੰ ਕਿਹਾ, "ਡੱਲਿਆ! ਸਾਡੇ ਕਿਸੇ ਸਿੱਖ ਨੂੰ ਅਵਾਜ਼ ਮਾਰ ਕਿ ਗੁਰੂ ਜੀ ਨੇ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ ਕੋਈ ਸਿੱਖ ਗੁਰੂ ਜੀ ਦੀ ਗੋਲੀ ਦਾ ਨਿਸ਼ਾਨਾ ਬਣਨ ਲਈ ਆਵੇ।" ਭਾਈ ਡੱਲੇ ਜੀ ਦੇ ਮੂੰਹੋਂ ਗੁਰੂ ਜੀ ਦਾ ਇਹ ਹੁਕਮ ਸੁਣਦਿਆਂ ਸਾਰ ਹੀ ਦੋ ਸਿੱਖ ਭਾਈ ਬੀਰ ਸਿੰਘ ਜੀ ਤੇ ਭਾਈ ਧੀਰ ਸਿੰਘ ਜੀ, ਜੋ ਥੋੜੀ ਹੀ ਦੂਰੀ 'ਤੇ ਖੜ੍ਹੇ ਦਸਤਾਰਾਂ ਸਜ਼ਾ ਰਹੇ ਸਨ, ਦੋਵੇਂ ਹੀ ਅੱਧ-ਬੱਝੀਆਂ ਹੀ ਦਸਤਾਰਾਂ ਹੱਥਾਂ ਵਿੱਚ ਲੈ ਕੇ ਦੌੜੇ ਹੋਏ ਆਏ ਤੇ ਆ ਕੇ ਗੁਰੂ ਸਾਹਿਬ ਜੀ ਦੇ ਸਾਹਮਣੇ ਖੜ੍ਹੇ ਹੋ ਗਏ। ਇੱਕ ਆਖਣ ਲੱਗਾ ਕਿ ਗੁਰੂ ਜੀ ਪਹਿਲਾਂ ਮੈਂ ਆਪ ਜੀ ਦਾ ਹੁਕਮ ਸੁਣਿਆ ਸੀ, ਇਸ ਲਈ ਆਪ ਜੀ ਮੇਰੇ 'ਤੇ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਰਨਾ ਕਰੋ। ਦੂਜਾ ਸਿੱਖ ਆਖਣ ਲੱਗਾ, ਗੁਰੂ ਸਾਹਿਬ ਜੀ ਮੈਂ ਪਹਿਲਾਂ ਦੌੜਿਆ ਸੀ ਇਸ ਲਈ ਆਪ ਜੀ ਮੇਰੇ 'ਤੇ ਬੰਦੂਕ ਦੇ ਨਿਸ਼ਾਨੇ ਦੀ ਪਰਖ ਕਰੋ। ਉੱਥੇ ਖੜਾ ਡੱਲਾ ਆਪਣੇ ਜਵਾਨਾ ਦੀ ਕਾਇਰਤਾ ਤੇ ਸਿੱਖਾਂ ਦੀ ਬਹਾਦਰੀ ਦੇਖ ਕੇ ਸ਼ਰਮਸ਼ਾਰ ਹੋ ਰਿਹਾ ਸੀ ਤੇ ਹੁਣ ਉਸ ਨੂੰ ਸਮਝ ਆ ਚੁੱਕੀ ਸੀ ਕਿ ਵਾਕੇ ਹੀ ਗੁਰੂ ਸਾਹਿਬ ਜੀ ਦੇ ਸਿੱਖ ਕਿੰਨੇ ਨਿਡਰ ਤੇ ਬਹਾਦਰ ਯੋਧੇ ਹਨ। ਦੋਨਾਂ ਸਿੱਖਾਂ ਦਾ ਪ੍ਰੇਮ ਦੇਖ ਕੇ ਗੁਰੂ ਸਾਹਿਬ ਜੀ ਨੇ ਦੋਹਾਂ ਸਿੱਖਾਂ ਨੂੰ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋ ਜਾਣ ਲਈ ਕਿਹਾ। ਜੇ ਗੁਰੂ ਸਾਹਿਬ ਜੀ ਬੰਦੂਕ ਉਪਰ ਨੂੰ ਕਰਨ ਤਾਂ ਉਹ ਦੋਵੇਂ ਅੱਡੀਆਂ ਚੁੱਕ ਕੇ ਪੱਬਾਂ-ਭਾਰ ਹੋ ਜਾਣ ਤੇ ਜੇ ਬੰਦੂਕ ਹੇਠਾਂ ਨੂੰ ਕਰਨ ਤਾਂ ਉਹ ਗੋਡੇ ਮੋੜ ਕੇ ਹੇਠਾਂ ਨੂੰ ਝੁਕ ਜਾਣ। ਇਹ ਦੇਖ ਕੇ ਗੁਰੂ ਜੀ ਨੇ ਦੋਹਾਂ ਦੇ ਮੋਢਿਆਂ ਦੇ ਵਿੱਚ ਦੀ ਗੋਲੀ ਕੱਢ ਦਿੱਤੀ। ਜ਼ਖਮੀ ਹੋਏ ਦੋਵੇਂ ਸਿੰਘਾਂ ਨੂੰ ਗੁਰੂ ਜੀ ਨੇ ਮਲਮ-ਪੱਟੀ ਕਰਵਾਈ। ਗੁਰੂ ਸਾਹਿਬ ਜੀ ਨੇ ਡੱਲੇ ਨੂੰ ਸਮਝਾਉਂਦਿਆਂ ਕਿਹਾ, "ਦੇਖ ਲਿਆ ਭਾਈ ਡੱਲਿਆ! ਕਿ ਬਹਾਦਰੀ ਦਾ ਸੰਬੰਧ ਸਰੀਰਿਕ ਤਾਕਤ ਨਾਲ ਹੈ ਜਾਂ ਆਤਮਿਕ ਨਿਰਭੈਤਾ ਨਾਲ। ਅਸੀਂ ਅਨੰਦਪੁਰ ਸਾਹਿਬ ਦੀ ਤੇ ਬਾਕੀ ਹੋਰ ਜੰਗਾਂ ਅਜਿਹੇ ਬਹਾਦਰ ਸਿੰਘਾਂ ਨਾਲ ਲੜੀਆਂ ਹਨ ਤੇ ਜੇ ਸਾਡੇ ਸਿੰਘ ਤੇਰੇ ਜਵਾਨਾ ਵਰਗੇ ਹੁੰਦੇ ਤਾਂ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਨੂੰ ਇਕੱਲਿਆਂ ਨੂੰ ਛੱਡ ਕੇ ਭੱਜ ਆਉਂਦੇ।"

ਇਹ ਸਾਰਾ ਕੌਤਕ ਦੇਖ ਕੇ ਅਤੇ ਗੁਰੂ ਜੀ ਦੇ ਬਚਨ ਸੁਣ ਕੇ ਡੱਲਾ ਬੜਾ ਪ੍ਰਭਾਵਿਤ ਹੋਇਆ ਤੇ ਗੁਰੂ ਜੀ ਪ੍ਰਤੀ ਪੂਰਨ ਪਿਆਰ ਤੇ ਸ਼ਰਧਾ ਨਾਲ ਭਰ ਗਿਆ ਤੇ ਗੁਰੂ ਜੀ ਅੱਗੇ ਹੱਥ ਜੋੜ ਕੇ ਬੇਨਤੀ ਕਰਦਾ ਹੋਇਆ ਆਖਣ ਲੱਗਾ, ਗੁਰੂ ਸਾਹਿਬ ਜੀ ਕਿਰਪਾ ਕਰੋ, ਮੈਨੂੰ ਵੀ ਅੰਮ੍ਰਿਤ ਛਕਾ ਕੇ ਆਪਣਾ ਸਿੱਖ ਬਣਾ ਲਉ। ਗੁਰੂ ਜੀ ਨੇ ਡੱਲੇ ਨੂੰ ਸਾਰੇ ਪਰਿਵਾਰ ਸਮੇਤ ਅੰਮ੍ਰਿਤ ਛਕਾ ਕੇ ਆਪਣਾ ਸਿੰਘ ਬਣਾਇਆ।

ਦਮਦਮਾ ਸਾਹਿਬ ਦੇ ਇਸ ਅਸਥਾਨ ਤੋਂ ਹੀ ਗੁਰੂ ਸਾਹਿਬ ਜੀ ਨੇ ਆਦਿ ਗ੍ਰੰਥ ਸਾਹਿਬ ਲਿਆਉਣ ਲਈ ੨੫ ਸਿੰਘ ਧੀਰ ਮੱਲ ਕੋਲ ਭੇਜੇ ਤਾਂ ਕਿ ਉਹ ਉਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ਼ ਕਰਕੇ ਸੰਪੂਰਨ ਆਦਿ ਗ੍ਰੰਥ ਬਣਾ ਸਕਨ। ਜਦੋਂ ਸਿੰਘਾਂ ਨੇ ਗੁਰੂ ਜੀ ਦਾ ਹੁਕਮ ਧੀਰ ਮੱਲ ਨੂੰ ਸੁਣਾਉਂਦਿਆਂ ਹੋਇਆਂ ਆਦਿ ਗ੍ਰੰਥ ਸਾਹਿਬ ਦੇਣ ਲਈ ਬੇਨਤੀ ਕੀਤੀ ਤਾਂ ਉਹ ਅੱਗੋਂ ਮਿਹਣਾ ਮਾਰਦਾ ਹੋਇਆ ਆਖਣ ਲੱਗਾ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਸਮਰਥ ਹਨ ਤਾਂ ਉਹ ਆਪ ਕਿਉਂ ਨਹੀਂ ਗ੍ਰੰਥ ਸਾਹਿਬ ਰਚ ਲੈਂਦੇ? ਮੈਂ ਇਹ ਗ੍ਰੰਥ ਸਾਹਿਬ ਦੀ ਬੀੜ ਬਿਲਕੁੱਲ ਨਹੀਂ ਦੇਵਾਂਗਾ। ਸਿੱਖਾਂ ਨੇ ਆ ਕੇ ਗੁਰੂ ਸਾਹਿਬ ਜੀ ਨੂੰ ਧੀਰਮੱਲ ਵੱਲੋਂ ਬੀੜ ਨਾ ਦੇਣ ਅਤੇ ਉਸ ਵੱਲੋਂ ਮਾਰੇ ਮਿਹਣੇ ਬਾਰੇ ਦੱਸਿਆ ਤਾਂ ਗੁਰੂ ਸਾਹਿਬ ਜੀ ਉਸੇ ਸਮੇਂ ਅੰਤਰ-ਧਿਆਨ ਹੋ ਕੇ ਬੈਠ ਗਏ ਤੇ ੯ ਮਹੀਨੇ ਤੇ ੯ ਦਿਨਾਂ

ਵਿੱਚ ਸਾਰਾ ਗ੍ਰੰਥ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਲਿਖਵਾ ਕੇ ਅਤੇ ਉਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਦਰਜ਼ ਕਰਕੇ ਸੰਪੂਰਨ ਆਦਿ ਗ੍ਰੰਥ ਸਾਹਿਬ ਤਿਆਰ ਕਰ ਦਿੱਤਾ।

ਮਗਰੋਂ ਬਾਬਾ ਦੀਪ ਸਿੰਘ ਜੀ ਨੇ ਇਸ ਆਦਿ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕੀਤੇ ਜੋ ਇਸ ਸਮੇਂ ਚਾਰ ਤਖ਼ਤ ਸਾਹਿਬਾਂ ਵਿਖੇ ਸੁਭਾਇਮਾਨ ਹਨ। ਜੋ ਬੀੜ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਸੀ, ਉਸੇ ਬੀੜ ਨੂੰ ਗੁਰੂ ਸਾਹਿਬ ਜੀ ਨੇ ੧੭●੮ ਈ: ਨੂੰ ਹਜ਼ੂਰ ਸਾਹਿਬ ਨਾਂਦੇੜ ਵਿਖੇ ਗੁਰਤਾ-ਗੱਦੀ ਦੇ ਕੇ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਪ੍ਰਗਟ ਕੀਤਾ ਤੇ ਸਾਰੇ ਸਿੱਖਾਂ ਨੂੰ ਹੁਕਮ ਕੀਤਾ ਕਿ :

**ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ।**

**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।**

ਦਮਦਮਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਭਾਈ ਮਨੀ ਸਿੰਘ ਜੀ ਨੂੰ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਤਾਂ ਉਹ ਪੁਰਾਣੀਆਂ ਹੋਈਆਂ ਕਲਮਾਂ ਨੂੰ ਉੱਥੇ ਮੌਜੂਦ ਇੱਕ ਪਾਣੀ ਦੇ ਟੋਬੇ ਵਿੱਚ ਸੁੱਟੀ ਗਏ ਅਤੇ ਵਰ ਦਿੱਤਾ ਕਿ ਇਹ ਲਿਖਣਸਰ ਹੋਵੇਗਾ। ਉੱਥੇ ਗੁਰੂ ਸਾਹਿਬ ਜੀ, ਜਿਸ ਨੂੰ ਗੁਰਮੁਖੀ ਨਹੀਂ ਸੀ ਆਉਂਦੀ ਉਸ ਤੋਂ ਰੇਤੇ ਦੇ ਇੱਕ ਥੜੇ 'ਤੇ ਉਂਗਲ ਨਾਲ ੳ ਅ ਲਿਖਵਾ ਕੇ ਉਸ ਨੂੰ ਗੁਰਮੁਖੀ ਸਿਖਾਉਂਦੇ, ਜਿਸ ਨਾਲ ਉਸ ਨੂੰ ਬਹੁਤ ਹੀ ਜ਼ਲਦੀ ਗੁਰਮੁਖੀ ਆ ਜਾਂਦੀ। ਮੌਜੂਦਾ ਮਾਲਵੇ ਦਾ ਸਾਰਾ ਇਲਾਕਾ ਉਸ ਸਮੇਂ ਇੱਕ ਰੇਗਿਸਤਾਨ ਦੇ ਰੂਪ ਵਿੱਚ ਸੀ ਜਾਂ ਫਿਰ ਟਾਂਵੇ-ਟਾਂਵੇ ਜੰਗਲ, ਅੱਕ ਅਤੇ ਹੋਰ ਜੜ੍ਹੀਆਂ-ਬੂਟੀਆਂ ਸਨ। ਇਕ ਦਿਨ ਇਲਾਹੀ ਮੌਜ ਵਿੱਚ ਗੁਰੂ ਸਾਹਿਬ ਜੀ ਭਾਈ ਡੱਲਾ ਜੀ ਨੂੰ ਆਖਣ ਲੱਗੇ, "ਦੇਖ ਡੱਲਿਆ! ਇੱਥੇ ਨਹਿਰਾਂ ਦਾ ਪਾਣੀ ਵਗੇਗਾ।" ਡੱਲਾ ਆਖਣ ਲੱਗਾ, "ਗੁਰੂ ਜੀ! ਇੱਥੇ ਰੇਗਿਸਤਾਨ ਵਿੱਚ ਨਹਿਰਾਂ ਕਿੱਥੇ ਹੋਣਗੀਆਂ।" ਗੁਰੂ ਸਾਹਿਬ ਜੀ ਫਿਰ ਆਖਣ ਲੱਗੇ, "ਡੱਲਿਆ! ਇੱਥੇ ਕਈ ਤਰ੍ਹਾਂ ਦੇ ਫਲਾਂ ਵਾਲੇ ਬਾਗ-ਬਗੀਚੇ ਲਹਿ-ਲਹਿਰਾਉਂਣਗੇ।" ਡੱਲਾ ਆਖਣ ਲੱਗਾ, "ਪਾਤਸ਼ਾਹ ਜੀ! ਇਹ ਜੋ ਅੱਕਾਂ ਦੇ ਬੂਟਿਆਂ ਨੂੰ ਫਲ ਲੱਗੇ ਹਨ, ਉਹ ਤੁਹਾਨੂੰ ਅੰਬ ਨਜ਼ਰ ਆਉਂਦੇ ਹਨ, ਇੱਥੇ ਰੇਗਿਸਤਾਨ ਵਿੱਚ ਫਲਾਂ ਵਾਲੇ ਬਾਗ-ਬਗੀਚੇ ਕਿੱਥੋਂ ਹੋਣਗੇ।" ਗੁਰੂ ਸਾਹਿਬ ਜੀ ਨੇ ਫਿਰ ਫਰਮਾਇਆ, "ਡੱਲਿਆ ਦੇਖ! ਇੱਥੇ ਕਣਕ ਤੇ ਕਪਾਹ ਦੀਆਂ ਫਸਲਾਂ ਲਹਿ-ਲਹਿਰਾਉਂਣਗੀਆਂ।" ਡੱਲੇ ਨੇ ਫਿਰ ਕਿਹਾ, "ਗੁਰੂ ਜੀ! ਇਹ ਜੋ ਝਾੜੀਆਂ ਅਤੇ ਜੜ੍ਹੀਆਂ-ਬੂਟੀਆਂ ਹਨ, ਉਹ ਤੁਹਾਨੂੰ ਕਣਕਾਂ ਤੇ ਕਪਾਹਾਂ ਨਜ਼ਰ ਆ ਰਹੀਆਂ ਹਨ। ਇੱਥੇ ਕਣਕਾਂ ਤੇ ਕਪਾਹਾਂ ਕਿੱਥੇ ਹਨ।" ਗੁਰੂ ਸਾਹਿਬ ਜੀ ਨੇ ਕਿਹਾ, "ਡੱਲਿਆ! ਅਜੇ ਤੇਰੀ ਉਹ ਅੱਖ ਨਹੀਂ ਖੁੱਲ੍ਹੀ, ਜਿਸ ਨਾਲ ਤੂੰ ਇਹ ਸਭ ਕੁਝ ਦੇਖ ਸਕੇਂ। ਪਰ ਸਮਾਂ ਪਾ ਕੇ ਸਾਡੀਆਂ ਕਹੀਆਂ ਸਾਰੀਆਂ ਗੱਲਾਂ ਪੂਰੀਆਂ ਹੋਣਗੀਆਂ।" ਅੱਜ ਗੁਰੂ ਸਾਹਿਬ ਜੀ ਦੇ ਕੀਤੇ ਉਹ ਸਾਰੇ ਬਚਨ ਪੂਰੇ ਹੋ ਚੁੱਕੇ ਹਨ। ਅੱਜ ਉੱਥੇ ਨਹਿਰਾਂ ਵਗ ਰਹੀਆਂ ਹਨ, ਜਿਨ੍ਹਾਂ ਨਾਲ ਖੇਤੀ ਨੂੰ ਸਿੰਜਿਆਂ ਜਾ ਰਿਹਾ ਹੈ। ਦੂਜੇ ਵਰ ਅਨੁਸਾਰ ਅੱਜ ਉੱਥੇ ਕਈ ਤਰ੍ਹਾਂ ਦੇ ਫਲਾਂ ਵਾਲੇ ਬਾਗ ਵੀ ਲਹਿ-ਲਹਿਰਾ ਰਹੇ ਹਨ ਅਤੇ ਤੀਜੇ ਬਚਨ ਅਨੁਸਾਰ ਅੱਜ ਉੱਥੇ ਬੇਅੰਤ ਕਣਕ ਤੇ ਕਪਾਹ ਪੈਦਾ ਕੀਤੀ ਜਾ ਰਹੀ ਹੈ। ਪਰ ਇਨ੍ਹਾਂ ਤਿੰਨਾਂ ਵਰਾਂ ਤੋਂ ਬਾਅਦ ਗੁਰੂ ਜੀ ਨੇ ਇੱਕ ਚੌਥਾ ਵਰ ਵੀ ਦਿੱਤਾ ਸੀ, ਜੋ ਅੱਜ ਤੱਕ ਪੂਰਾ ਨਹੀਂ ਹੋ ਸਕਿਆ। ਉਹ ਚੌਥਾ ਵਰ ਸੀ, "ਡੱਲਿਆ! ਇਹ ਅਸਥਾਨ ਵਿਦਿਆ ਦਾ ਬਹੁਤ ਵੱਡਾ ਕੇਂਦਰ ਬਣੇਗਾ, ਜਿਵੇਂ ਪੁਰਾਤਨ ਭਾਰਤ ਦਾ ਵਿਦਿਆ ਦਾ ਮਹਾਨ ਕੇਂਦਰ ਬਨਾਰਸ ਕਾਸ਼ੀ ਵਿੱਚ ਸੀ, ਉਵੇਂ ਇਹ 'ਗੁਰੂ ਕੀ ਕਾਸ਼ੀ' ਹੋਵੇਗੀ ਅਤੇ ਸਮਾਂ ਪਾ ਕੇ ਇਹ ਪੁਰਾਤਨ ਟੈਕਸਲਾ ਤੇ ਨਾਲੰਦਾ ਯੂਨੀਵਰਸਿਟੀਆਂ ਨਾਲੋਂ ਵੀ ਉੱਚੇ ਅਸੂਲਾਂ ਵਾਲੇ ਕੇਂਦਰ ਦੇ ਰੂਪ ਵਿੱਚ ਪ੍ਰਗਟ ਹੋਵੇਗਾ।" ਗੁਰੂ ਸਾਹਿਬ ਜੀ ਦੇ ਕਹੇ ਇਨ੍ਹਾਂ ਭਵਿੱਖਤ ਵਾਕਾਂ ਨੂੰ ੩●● ਸੌ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ, ਪਰ ਸਿੱਖ ਜਗਤ ਨੇ ਅੱਜ ਤੱਕ ਗੁਰੂ ਸਾਹਿਬ ਜੀ ਦੇ ਇਹ ਬਚਨ ਪੂਰੇ ਨਹੀਂ ਸਨ ਕੀਤੇ। ਅਕਾਲ ਪੁਰਖ ਦੇ ਹੁਕਮ ਵਿੱਚ ਕਲਗੀਧਰ ਸੁਸਾਇਟੀ ਨੂੰ ਪੰਜਾਬ ਸਰਕਾਰ ਨੇ ਇੱਕ ਯੂਨੀਵਰਸਟੀ ਸੈਕਸ਼ਨ (section) ਕੀਤੀ ਤਾਂ ਟ੍ਰਸਟ ਦੇ ਪ੍ਰਬੰਕਾਂ ਨੇ ਇਹ ਫ਼ੈਸਲਾ ਕੀਤਾ ਕਿ ਇਹ ਯੂਨੀਵਰਸਿਟੀ ਉਹ ਦਮਦਮਾ ਸਾਹਿਬ ਵਿਖੇ 'ਗੁਰੂ ਕੀ ਕਾਸ਼ੀ' ਦੇ ਰੂਪ ਵਿੱਚ ਪ੍ਰਗਟ ਕਰਨਗੇ ਤਾਂ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਨਾਲ ਅਤੇ ਸਰਬੱਤ ਸੰਗਤ ਦੇ ਸਹਿਯੋਗ ਨਾਲ ਗੁਰੂ ਸਾਹਿਬ ਜੀ ਦਾ ਚੌਥਾ ਵਰ ਪੂਰਾ ਕਰ ਸਕਣ। ਸੋ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਨ ਕਾਰਜ ਨੂੰ ਪੂਰਾ ਕਰਨ ਲਈ ਹਰੇਕ ਸਿੱਖ ਦਾ ਫ਼ਰਜ ਬਣਦਾ ਹੈ ਕਿ ਉਹ ਇਸ ਮਹਾਨ ਕਾਰਜ਼ ਨੂੰ ਸਿਰੇ ਚੜ੍ਹਾਉਣ ਲਈ ਘੱਟੋ-ਘੱਟ ਆਪਣਾ ਦਸਵੰਧ ਦੇ ਕੇ ਗੁਰੂ ਸਾਹਿਬ ਜੀ ਦੀ ਖ਼ੁਸ਼ੀ ਪ੍ਰਾਪਤ ਕਰਕੇ ਆਪਣਾ ਜਨਮ ਸਫ਼ਲਾ ਕਰੇ।

**ਬਹਾਦਰ ਸ਼ਾਹ ਦੀ ਮਦਦ** - ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿੱਚ ਰਾਜਗੱਦੀ ਲਈ ਝਗੜੇ ਹੋਣ ਲੱਗੇ ਅਤੇ ਸਭ ਤੋਂ ਵੱਡੇ ਲੜਕੇ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਤੋਂ ਮਦਦ ਲੈਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਸਾਬੋ ਕੀ ਤਲਵੰਡੀ ਤੋਂ ਦਿੱਲੀ ਗਏ ਫਿਰ ਆਗਰੇ ਗਏ ਅਤੇ ਬਹਾਦਰ ਸ਼ਾਹ ਦੀ ਮਦਦ ਕਰ ਉਸ ਨੂੰ ਰਾਜ ਦਿਵਾਇਆ। ਫਿਰ ਬਹਾਦਰ ਸ਼ਾਹ ਨਾਲ ਦੱਖਣ ਵਿੱਚ

ਗਏ ਅਤੇ ੧੩ ਮਹੀਨੇ ਨਾਲ ਰਹੇ ਅਤੇ ਗੁਰੂ ਸਾਹਿਬ ਨੇ ਨੰਦੇੜ ਗੋਦਾਵਰੀ ਦੇ ਕੰਢੇ ਆਪਣਾ ਡੇਰਾ ਕੀਤਾ ਅਤੇ ਸੰਗਤਾਂ ਨੂੰ ਨਾਮ ਬਾਣੀ ਦੇ ਉਪਦੇਸ਼ ਨਾਲ ਨਿਹਾਲ ਕਰਦੇ ਰਹੇ।

**ਹੀਰੇ ਦੀ ਸਾਖੀ** – ਨੰਦੇੜ ਗੁਰੂ ਸਾਹਿਬ ਆਪਣੀ ਇਲਾਹੀ ਮੌਜ ਵਿੱਚ ਰਹਿ ਰਹੇ ਸਨ ਤਾਂ ਇੱਕ ਦਿਨ ਬਾਦਸ਼ਾਹ ਬਹਾਦਰ ਸ਼ਾਹ ਨੇ ਬੜਾ ਹੀ ਕੀਮਤੀ ਹੀਰਾ ਗੁਰੂ ਸਾਹਿਬ ਨੂੰ ਭੇਟ ਕੀਤਾ, ਜੋ ਗੁਰੂ ਸਾਹਿਬ ਨੇ ਦਰਿਆ ਵਿੱਚ ਸੁੱਟ ਦਿੱਤਾ। ਬਹਾਦਰ ਸ਼ਾਹ ਦੇ ਤੌਖਲਾ ਕਰਨ ’ਤੇ ਗੁਰੂ ਸਾਹਿਬ ਨੇ ਕਿਹਾ ਕਿ ਜਾ ਦਰਿਆ ਵਿਚੋਂ ਆਪਣਾ ਹੀਰਾ ਲੱਭ ਲੈ। ਜਦੋਂ ਉਹ ਦਰਿਆ ਵਿੱਚ ਗਿਆ ਤਾਂ ਉੱਥੇ ਬੇਸ਼ੁਮਾਰ ਹੀਰੇ ਪਏ ਹੋਏ ਸਨ। ਬਹਾਦਰ ਸ਼ਾਹ ਸ਼ਰਮਿੰਦਾ ਹੋ ਕੇ ਗੁਰੂ ਸਾਹਿਬ ਦੇ ਚਰਨਾਂ ’ਤੇ ਢਹਿ ਪਿਆ ਅਤੇ ਅਸ਼ੀਰਵਾਦ ਲੈ ਕੇ ਦੱਖਣ ਵੱਲ ਬਗਾਵਤ ’ਤੇ ਕਾਬੂ ਪਾਉਣ ਲਈ ਚਲਾ ਗਿਆ।

**ਬਾਬਾ ਬੰਦਾ ਸਿੰਘ ਬਹਾਦਰ** – ਨਾਂਦੇੜ ਵਿੱਚ ਗੋਦਾਵਰੀ ਨਦੀ ਦੇ ਕੰਢੇ ਮਾਧੋ ਦਾਸ ਨਾਮ ਦਾ ਇੱਕ ਬੈਰਾਗੀ ਸਾਧੂ ਰਹਿੰਦਾ ਸੀ, ਜੋ ਬੜਾ ਰਿਧੀਆਂ-ਸਿਧੀਆਂ ਦਾ ਮਾਲਕ ਸੀ। ਉਹ ਆਪਣੇ ਡੇਰੇ ਵਿੱਚ ਆਏ ਹਰੇਕ ਸਾਧੂ-ਸੰਤ ਤੇ ਰਾਹੀ-ਪਾਂਧੀ ਦੀ ਬੇਇਜ਼ਤੀ ਕਰਿਆ ਕਰਦਾ ਸੀ। ਉਸ ਨੇ ਆਪਣੇ ਡੇਰੇ ਵਿੱਚ ਇੱਕ ਪਲੰਘ ਰੱਖਿਆ ਹੋਇਆ ਸੀ ਤੇ ਜੋ ਵੀ ਸਾਧੂ-ਸੰਤ ਉਸ ਦੇ ਡੇਰੇ ਆਉਂਦਾ, ਉਹ ਉਸ ਨੂੰ ਉਸ ਪਲੰਘੇ ’ਤੇ ਬਿਠਾ ਦਿੰਦਾ ਤੇ ਫਿਰ ਆਪਣੀ ਰਿਧੀਆਂ-ਸਿਧੀਆਂ ਨਾਲ ਉਸ ਪਲੰਘੇ ਨੂੰ ਉਲਟਾ ਕੇ ਉਸ ਸਾਧੂ-ਸੰਤ ਨੂੰ ਥੱਲੇ ਡੇਗ ਦਿੰਦਾ ਤੇ ਫਿਰ ਸਾਰੇ ਤਾੜੀਆਂ ਮਾਰ ਕੇ ਹੱਸਦੇ। ਇਵੇਂ ਦੂਜਿਆਂ ਦੀ ਨਿਰਾਦਰੀ ਕਰਨ ਵਿੱਚ ਉਹ ਆਪਣੀ ਵਡਿਆਈ ਸਮਝਦਾ।

ਗੁਰੂ ਗੋਬਿੰਦ ਸਿੰਘ ਜੀ ਉਸ ਨੂੰ ਸਿੱਧੇ ਰਸਤੇ ਪਾਉਣ ਲਈ ਉਸ ਦੇ ਡੇਰੇ ਵਿੱਚ ਗਏ ਤੇ ਉਸ ਪਲੰਘੇ ’ਤੇ ਜਾ ਬਿਰਾਜੇ। ਮਾਧੋ ਦਾਸ ਉਸ ਸਮੇਂ ਡੇਰੇ ਵਿੱਚ ਨਹੀਂ ਸੀ। ਉਸ ਦੇ ਚੇਲਿਆਂ ਨੇ ਆਪਣੀਆਂ ਰਿਧੀਆਂ-ਸਿਧੀਆਂ ਨਾਲ ਪਲੰਘਾ ਉਲਟਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਉਲਟਾ ਨਾ ਸਕੇ। ਹੈਰਾਨ ਹੋ ਕੇ ਉਨ੍ਹਾਂ ਨੇ ਮਾਧੋ ਦਾਸ ਨੂੰ ਇਸ ਬਾਰੇ ਦੱਸਿਆ। ਉਸ ਨੇ ਵੀ ਆ ਕੇ ਆਪਣੀਆਂ ਸਾਰੀਆਂ ਤਾਕਤਾਂ ਲਾ ਕੇ ਗੁਰੂ ਜੀ ਨੂੰ ਪਲੰਘੇ ਤੋਂ ਡੇਗਣਾ ਚਾਹਿਆ, ਪਰ ਸਫਲ ਨਾ ਹੋ ਸਕਿਆ। ਹੈਰਾਨ ਹੋ ਕੇ ਗੁਰੂ ਸਾਹਿਬ ਜੀ ਨੂੰ ਪੁੱਛਣ ਲੱਗਾ, “ਤੁਸੀਂ ਕੌਣ ਹੋ?”

**ਗੁਰੂ ਜੀ** : ਮੈਂ ਉਹੋ ਹਾਂ ਜਿਸ ਨੂੰ ਤੂੰ ਜਾਣਦਾ ਹੈਂ।

**ਮਾਧੋ ਦਾਸ** : ਮੈਂ ਕਿਸ ਨੂੰ ਜਾਣਦਾ ਹਾਂ।

**ਗੁਰੂ ਜੀ** : ਚੰਗੀ ਤਰ੍ਹਾਂ ਸੋਚਣਾ ਕਰ।

**ਮਾਧੋ ਦਾਸ** : ਕਿਤੇ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਤਾਂ ਨਹੀਂ।

**ਗੁਰੂ ਜੀ** : ਹਾਂ! ਤੂੰ ਠੀਕ ਪਹਿਚਾਨਿਆ ਹੈ, ਮੈਂ ਗੁਰੂ ਗੋਬਿੰਦ ਸਿੰਘ ਹੀ ਹਾਂ।

**ਮਾਧੋ ਦਾਸ** : ਆਪ ਜੀ ਇੱਥੇ ਕਿਵੇਂ ਆ ਪਹੁੰਚੇ।

**ਗੁਰੂ ਜੀ** : ਅਸੀਂ ਤੈਨੂੰ ਬੰਦਾ ਬਣਾ ਕੇ ਸਿੱਧੇ ਰਸਤੇ ਪਾਉਣ ਆਏ ਹਾਂ।

**ਮਾਧੋ ਦਾਸ** : ਕਿਰਪਾ ਕਰੋ ਮੈਂ ਤੁਹਾਡਾ ਬੰਦਾ (ਗੁਲਾਮ) ਹਾਂ।

**ਗੁਰੂ ਜੀ** : ਜੇ ਬੰਦਾ ਹੈਂ ਤਾਂ ਫਿਰ ਬੰਦਿਆ ਵਾਲੇ ਕੰਮ ਕਰ।

ਗੁਰੂ ਜੀ ਦੇ ਇਹ ਬਚਨ ਸੁਣ ਕੇ ਉਹ ਗੁਰੂ ਜੀ ਦੇ ਚਰਨਾਂ ’ਤੇ ਢਹਿ ਪਿਆ ਤੇ ਗੁਰੂ ਜੀ ਤੋਂ ਬਖ਼ਸ਼ਿਸ਼ ਦੀ ਜਾਚਨਾ ਕਰਨ ਲੱਗਾ। ਗੁਰੂ ਸਾਹਿਬ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਆਪਣਾ ਸਿੰਘ ਬਣਾਇਆ ਤੇ ਉਸ ਦਾ ਨਾਮ ਮਾਧੋ ਦਾਸ ਤੋਂ ਗੁਰਬਖਸ਼ ਸਿੰਘ ਰੱਖਿਆ। ਉਸ ਨੂੰ ਪੰਜ ਤੀਰ ਅਤੇ ਪੰਜ ਸਿੰਘ ਦੇ ਕੇ ਕਿਹਾ ਇਸ ਵਖ਼ਤ ਉੱਤਰੀ ਭਾਰਤ ਵਿੱਚ ਬੜਾ ਜ਼ੁਲਮ ਹੋ ਰਿਹਾ ਹੈ, ਜਾਉ ਪਰਮਾਤਮਾ ਦੀ ਕਿਰਪਾ ਨਾਲ ਸਾਰੇ ਸਿੰਘਾਂ ਨੂੰ ਇਕੱਠਿਆਂ ਕਰਕੇ ਖਾਲਸਾ ਫੌਜ ਬਣਾ ਕੇ ਇਸ ਜ਼ੁਲਮ ਦਾ ਨਾਸ਼ ਕਰੋ ਤਾਂ ਕਿ ਲੋਕਾਈ ਨੂੰ ਇਸ ਜ਼ੁਲਮ ਤੋਂ ਰਾਹਤ ਮਿਲ ਸਕੇ। ਗੁਰੂ ਸਾਹਿਬ ਦੇ ਹੁਕਮ ਵਿੱਚ ਪੰਜਾਬ ਵਿਖੇ ਹਜ਼ਾਰਾਂ ਹੀ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਰਲੇ। ਬੰਦਾ ਸਿੰਘ ਬਹਾਦਰ ਦੀ ਮੁਹਿੰਮ ਨੇ ਸੂਬਾ ਸਰਹੰਦ ਵਜ਼ੀਰ ਖਾਂ ਨੂੰ ਕਤਲ ਕਰਕੇ ਸਾਰਾ ਇਲਾਕਾ ਫ਼ਤਹਿ ਕੀਤਾ ਅਤੇ ਕਰਨਾਲ ਤੋਂ ਲੈ ਕੇ ਅਟਕ ਤਕ ਖ਼ਾਲਸਾ ਰਾਜ ਕਾਇਮ ਕੀਤਾ।

**ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ਣਾ** – ਗੁਰੂ ਸਾਹਿਬ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ, ਪੰਜ ਪੈਸੇ ਅਤੇ ਨਾਰੀਅਲ ਰੱਖ ਕੇ, ਮੱਥਾ ਟੇਕ, ਪੰਜ ਪਰਕਰਮਾਂ ਕਰਕੇ, ਗੁਰਗੱਦੀ ਬਖਸ਼ੀ ਅਤੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ।

**ਜੋਤੀ ਜੋਤ ਸਮਾਉਣਾ** - ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਅਕਾਲ ਪੁਰਖ ਨੇ ਜਿਸ ਕਾਰਜ ਲਈ ਇਸ ਸੰਸਾਰ ਵਿੱਚ ਭੇਜਿਆ ਸੀ ਉਹ ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਹੁਕਮ ਵਿੱਚ ਪੂਰਾ ਕੀਤਾ। ਹੁਣ ਉਸੇ ਹੁਕਮ ਅੰਦਰ ਗੁਰੂ ਸਾਹਿਬ ਨੇ ਲੁਕਾਈ ਦੇ ਭਲੇ ਵਾਸਤੇ ਜ਼ਬਰ-ਜ਼ੁਲਮ ਨੂੰ ਠੱਲ੍ਹ ਪਾਉਣ ਲਈ ਆਪਣੀ ਗੁਪਤ ਸ਼ਹੀਦੀ ਦੇਣੀ ਸੀ। ਸਰਹੰਦ ਦੇ ਸੂਬੇ ਵਜ਼ੀਰ ਖਾਂ ਦੇ ਘੱਲੇ ਦੋ ਪਠਾਣਾਂ ਵਿਚੋਂ ਇੱਕ ਨੂੰ ਪੰਜ ਮੋਹਰਾਂ ਦੇ ਕੇ ਆਪਣੀ ਸੇਵਾ ਲਈ ਅਰਦਲ ਵਿੱਚ ਰੱਖਿਆ। ਉਸ ਨੂੰ ਠੋਕਰਾਂ-ਟਕੋਰਾਂ ਮਾਰ ਕੇ, ਉਸ ਕੋਲੋਂ ਆਪਣੇ ਪੇਟ ਵਿੱਚ ਖ਼ੰਜਰ ਮਰਵਾਇਆ ਅਤੇ ਉਸ ਦਾ ਰੁੰਡ-ਮੁੰਡ ਸਿਰ, ਤਲਵਾਰ ਦੇ ਇਕੋ ਹੀ ਵਾਰ ਨਾਲ ਜੁਦਾ ਕਰਕੇ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਿਆ। ਬਹਾਦਰ ਸ਼ਾਹ ਨੇ ਡਾਕਟਰ ਭੇਜ ਕੇ ਗੁਰੂ ਸਾਹਿਬ ਜੀ ਦਾ ਇਲਾਜ ਕਰਵਾਇਆ। ਜ਼ਖ਼ਮ ਠੀਕ ਹੋ ਗਿਆ, ਪਰ ਗੁਰੂ ਸਾਹਿਬ ਨੇ ਥੋੜ੍ਹੇ ਸਮੇਂ ਬਾਅਦ ਹੀ ਸੰਗਤ ਦੀ ਬੇਨਤੀ ਦੇ ਬਾਵਜੂਦ ਵੀ ਕਿ ਜ਼ਖ਼ਮ ਅਜੇ ਅੱਲਾ ਹੈ, ਕੱਸ ਕੇ ਤੀਰ ਅਕਾਸ਼ ਵੱਲ ਮਾਰਿਆ ਜਿਸ ਕਾਰਨ ਜ਼ਖ਼ਮ ਖੁਲ੍ਹ ਗਿਆ। ਹੁਣ ਗੁਰੂ ਸਾਹਿਬ ਜੀ ਨੇ ਅੰਗੀਠਾ ਸਜਵਾਇਆ, ਇਰਦ-ਗਿਰਦ ਸੰਘਣੀਆਂ ਕਨਾਤਾਂ ਲਗਵਾਈਆਂ ਅਤੇ ਸਾਰੀ ਸੰਗਤ ਨੂੰ ਹੁਕਮ ਦਿੱਤਾ ਕਿ ਕਨਾਤਾਂ ਤੋਂ ਬਾਹਰ ਜਾ ਕੇ ਕੀਰਤਨ ਕਰੋ। ਫਿਰ ਗੁਰੂ ਸਾਹਿਬ ਆਪ ਅੰਗੀਠੇ (ਚਿਖਾ) ਵਿੱਚ ਬੈਠ ਕੇ ਆਪਣੇ ਸਰੀਰ ਦੇ ਪੰਜ ਤੱਤਾਂ ਨੂੰ ਪ੍ਰਕਿਰਤੀ ਦੇ ਤੱਤਾਂ 'ਚ ਮਿਲਾ ਕੇ ੭ ਅਕਤੂਬਰ ਸੰਨ ੧੭●੮ ਵਿੱਚ ਹਜ਼ੂਰ ਸਾਹਿਬ, ਅਬਚਲ ਨਗਰ, ਨੰਦੇੜ ਵਿਖੇ ਜੋਤੀ ਜੋਤ ਸਮਾ ਗਏ।

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥**

**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੮੪੬)

**ਗੁਰੂ ਗੋਬਿੰਦ ਸਿੰਘ ਜੀ ਦੇ ਅਧਿਆਤਮਿਕ ਉਪਦੇਸ਼ ਤੇ ਇਲਾਹੀ ਕੌਤਕ**

੧. **ਸ਼ਬਦ-ਗੁਰੂ** ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰੂ ਮੰਨਣਾ। ਹੋਰ ਕਿਸੇ ਵਿਅਕਤੀ ਦੀ ਪੂਜਾ ਨਹੀ ਕਰਨੀ।

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ**

**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।**

੨. ਕੇਵਲ ਇਕ ਪ੍ਰਭੂ ਦੀ ਪੂਜਾ ਕਰਨ ਦਾ ਉਪਦੇਸ਼ ਕਰਦਿਆਂ ਬਚਨ ਕੀਤੇ:

**ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ।**

੩. ਸੰਸਾਰ ਦੀ ਸਾਰੀ ਮਾਨਸ ਜਾਤੀ ਨੂੰ ਇੱਕ ਰੂਪ ਸਮਝਣਾ ਅਤੇ ਸਾਰਿਆਂ ਨਾਲ ਇਕੋ ਜਿਹਾ ਪ੍ਰੇਮ ਭਾਵ ਕਰਨਾ।

**ਹਿੰਦੂ ਤੁਰਕ ਕੋਊ, ਰਾਫ਼ਜੀ ਇਮਾਮ ਸ਼ਾਫੀ, ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।**

(ਅਕਾਲ ਉਸਤਤਿ)

ਆਪ ਜੀ ਨੇ ਭਾਈ ਘਨ੍ਹਈਆ ਜੀ ਤੋਂ ਮੈਦਾਨੇ ਜੰਗ ਵਿੱਚ ਸਿੱਖਾਂ ਨੂੰ ਅਤੇ ਦੁਸ਼ਮਣਾਂ ਦੀਆਂ ਫੌਜਾਂ ਨੂੰ ਪਾਣੀ ਪਿਲਾ ਮਲ੍ਹੱਮ ਪੱਟੀ ਕਰਵਾ ਕੇ ਅੱਜ ਕੱਲ੍ਹ ਦੇ ਰੈਡ ਕਰਾਸ (Red Cross) ਨਾਲੋਂ ਵੀ ਬਹੁਤ ਹੀ ਉੱਚੇ ਮਿਸ਼ਨ ਦਾ ਮੁੱਢ ਬੰਨ੍ਹਿਆ।

੪. **ਨਿਰ-ਇੱਛਤ ਧਰਮ ਯੁੱਧ ਕਰਨੇ** - ਲੁਕਾਈ 'ਤੇ ਹੋ ਰਹੇ ਜ਼ਬਰ-ਜ਼ੁਲਮ ਨੂੰ ਮਿਟਾਉਣ ਵਾਸਤੇ ਧਰਮ ਯੁੱਧ ਕੀਤੇ ਅਤੇ ਫ਼ਤਹਿ ਪਾ ਕੇ ਵੀ ਰਤੀ ਭਰ ਇਲਾਕੇ ਉੱਤੇ ਕਬਜ਼ਾ ਨਹੀਂ ਕੀਤਾ। ਗੁਰੂ ਸਾਹਿਬ ਜੀ ਨੇ ਕਦੇ ਵੀ ਆਪਣਾ ਦੁਨਿਆਵੀ ਰਾਜ ਭਾਗ ਕਾਇਮ ਨਹੀਂ ਕੀਤਾ।

੫. ਆਪ ਜੀ ਨੇ ਫ਼ਰਮਾਇਆ ਕਿ ਮੈਨੂੰ ਸਿੱਖ ਦੀ ਰਹਿਤ ਮਰਯਾਦਾ ਅਤੇ ਅਮਲ ਪਿਆਰੇ ਹਨ, ਉਸ ਦਾ ਸਰੀਰ ਅਤੇ ਸੂਰਤ ਪਿਆਰੀ ਨਹੀਂ।

**ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ॥**

੬. ਜੋ ਸਿੱਖ ਰਹਿਤ ਮਰਯਾਦਾ ਵਿੱਚ ਰਹਿ ਕੇ ਨਾਮ ਬਾਣੀ ਜਪਦਾ ਹੈ ਅਤੇ ਪਰਉਪਕਾਰ ਦੇ ਕੰਮ ਕਰਦਾ ਹੈ, ਉਹ ਮੇਰਾ ਸਾਹਿਬ (ਮਾਲਕ) ਹੈ ਮੈਂ ਉਸ ਦਾ ਚੇਲਾ ਹਾਂ।

**ਰਹਿਣੀ ਰਹੇ ਸੋਈ ਸਿਖ ਮੇਰਾ॥ ਉਹ ਸਾਹਿਬ ਮੈਂ ਉਸ ਕਾ ਚੇਰਾ॥**

੭.	ਜੋ ਇਨਸਾਨ ਆਤਮ-ਦਰਸੀ ਹੋ ਜਾਂਦਾ ਹੈ ਉਹ ਅਸਲੀ ਖ਼ਾਲਸਾ ਹੈ ਅਤੇ ਉਸ ਵਿੱਚ ਮੇਰੇ ਵਿੱਚ ਅਤੇ ਅਕਾਲ ਪੁਰਖ ਵਿੱਚ ਕੋਈ ਭੇਦ ਨਹੀਂ।

**ਆਤਮ ਰਸ ਜਿਹ ਜਾਨਈ, ਸੋ ਹੈ ਖ਼ਾਲਸ ਦੇਵ॥**

**ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥**

(ਸਰਬਲੋਹ ਗ੍ਰੰਥ)

੮.	ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਸ਼ਕਤੀ ਨੂੰ ਭਗੌਤੀ, ਖੜਗ ਅਤੇ ਸ਼ਸਤਰਾਂ ਦੀ ਮਿਸਾਲ ਦੇ ਕੇ ਦੱਸਿਆ ਹੈ ਕਿ ਇਸ ਸ਼ਕਤੀ ਨਾਲ ਅਸੀਂ ਆਪਣੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ’ਤੇ ਕਾਬੂ ਪਾ, ਹਉਮੈ ਮਾਰ, ਉਸ ਵਿੱਚ ਲੀਨ ਹੋਣਾ ਹੈ ਅਤੇ ਇਸੇ ਸ਼ਕਤੀ ਨਾਲ ਜ਼ਬਰ-ਜ਼ੁਲਮ ਨੂੰ ਮਿਟਾ ਕੇ ਮਾਨਵਤਾ ਦੀ ਸਦੀਵੀ ਸ਼ਾਂਤੀ ਲਈ ਆਤਮਿਕ ਭਾਈਚਾਰਾ ਸੰਗਠਿਤ ਕਰਨਾ ਹੈ।

੯.	ਇਨਸਾਨ ਹਰ ਵਕਤ ਪ੍ਰਭੂ ਦਾ ਨਾਮ ਸਿਮਰਨ ਕਰੇ ਅਤੇ ਵਿਸ਼ੇ-ਵਿਕਾਰਾਂ ਨੂੰ ਰੋਕਣ ਲਈ ਮਨ ਨਾਲ ਸ਼ਬਦ-ਗੁਰੂ ਦੀ ਖੜਗ ਲੈ ਯੁੱਧ ਕਰੇ:-

**ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬੀਚਾਰੈ॥**

੧੦. ਅਕਾਲ ਪੁਰਖ ਦੇ ਦਿੱਤੇ ਹੋਏ ਸਰੂਪ ਨੂੰ ਇੰਨ ਬਿੰਨ ਸੰਭਾਲਣਾ ਹੀ ਉਸ ਦੀ ਰਜ਼ਾ ਹੁਕਮ ਅਤੇ ਭਾਣਾ ਮੰਨਣਾ ਹੈ।

੧੧. ਜਾਪੁ ਸਾਹਿਬ, ਅਕਾਲ ਉਸਤਤਿ ਅਤੇ ਹੋਰ ਬਾਣੀਆਂ ਰਚ ਕੇ ਅਕਾਲ ਪੁਰਖ ਦੀ ਉਸਤਤ ਨੂੰ ਇਸ ਹੱਦ ਤਕ ਪ੍ਰਗਟਾਇਆ ਅਤੇ ਦ੍ਰਿੜਾਇਆ ਕਿ ਲੁਕਾਈ ਦੀ ਅਕਲ ਅਤੇ ਸਮਝ ਦੰਗ ਰਹਿ ਜਾਂਦੀ ਹੈ।

੧੨. ਲੁਕਾਈ ਦੇ ਪਰਉਪਕਾਰ ਲਈ ਅਤੇ ਜ਼ਬਰ-ਜ਼ੁਲਮ ਖਤਮ ਕਰਨ ਲਈ ਆਪਣਾ ਸਾਰਾ ਸਰਬੰਸ ਵਾਰ ਦਿੱਤਾ।

੧੩. ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮੇ (ਜਿੱਤ ਦੀ ਚਿੱਠੀ) ਵਿੱਚ ਲਿਖਿਆ ਕਿ ਜਦੋਂ ਜ਼ਬਰ-ਜ਼ੁਲਮ ਨੂੰ ਹਟਾਉਣ ਲਈ ਸ਼ਾਂਤੀ ਦੇ ਸਾਰੇ ਵਸੀਲੇ ਖਤਮ ਹੋ ਜਾਣ ਤਾਂ ਤਲਵਾਰ ਚੁੱਕ ਲੈਣੀ ਜਾਇਜ਼ ਹੈ।

**ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥**

**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥**

(ਸ੍ਰੀ ਦਸਮ ਗ੍ਰੰਥ)

੧੪. ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਮਰਯਾਦਾ ਸੰਗਤ ਅਤੇ ਪੰਗਤ ਗੁਰਦੁਆਰਿਆਂ ਦੇ ਰੂਪ ਵਿੱਚ ਸੰਗਠਿਤ ਕੀਤੀ।

# ਪੰਜ ਪਿਆਰੇ

**ਭਾਈ ਦਇਆ ਸਿੰਘ ਜੀ** – ਆਪ ਜਾਤ ਦੇ ਖੱਤਰੀ, ਲਾਹੌਰ (ਹੁਣ ਪਾਕਿਸਤਾਨ) ਦੇ ਨਿਵਾਸੀ ਸਨ।

**ਭਾਈ ਧਰਮ ਸਿੰਘ ਜੀ** – ਆਪ ਜਾਤ ਦੇ ਜੱਟ, ਹਸਤਨਾਪੁਰ (ਦਿੱਲੀ) ਦੇ ਨਿਵਾਸੀ ਸਨ।

**ਭਾਈ ਹਿੰਮਤ ਸਿੰਘ ਜੀ** – ਆਪ ਜਾਤ ਦੇ ਝੀਵਰ, ਜਗਨ ਨਾਥ ਪੁਰੀ (ਉੜੀਸਾ) ਦੇ ਨਿਵਾਸੀ ਸਨ।

**ਭਾਈ ਮੋਹਕਮ ਸਿੰਘ ਜੀ** – ਆਪ ਜਾਤ ਦੇ ਛੀਂਬੇ, ਦੁਆਰਕਾ (ਗੁਜਰਾਤ) ਦੇ ਨਿਵਾਸੀ ਸਨ।

**ਭਾਈ ਸਾਹਿਬ ਸਿੰਘ ਜੀ** – ਆਪ ਜਾਤ ਦੇ ਨਾਈ, ਬਿਦਰ (ਕਰਨਾਟਕ) ਦੇ ਨਿਵਾਸੀ ਸਨ।

ਪੰਜਾਂ ਪਿਆਰਿਆਂ ਦੀ ਇਸ ਚੋਣ ਵਿਧੀ ਤੋਂ ਇਹ ਇਲਾਹੀ ਭਾਵ ਨਿਕਲਦਾ ਹੈ ਕਿ ਗੁਰੂ ਸਾਹਿਬ ਜੀ ਨੇ ਕਿਸੇ ਇੱਕ ਪ੍ਰਾਂਤ ਜਾਂ ਦੇਸ਼ ਨੂੰ ਹੀ ਆਪਣਾ ਖਾਸ ਦੇਸ਼ ਜਾਂ ਇਲਾਕਾ ਨਹੀਂ ਸਮਝਿਆ ਬਲਕਿ ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਹੋਏ ਸਭ ਨੂੰ ਇੱਕ ਪਰਮਾਤਮਾ ਦੇ ਨਾਮ ਨਾਲ ਜੋੜਨ ਲਈ ਖਾਲਸੇ ਦੀ ਸਾਜਨਾ ਸਮੇਂ ਪੰਜਾਂ ਪਿਆਰਿਆਂ ਦੀ ਚੋਣ ਭਾਰਤ ਦੀਆਂ ਚਾਰਾਂ ਦਿਸ਼ਾਵਾਂ ਦੇ ਅਲੱਗ-ਅਲੱਗ ਇਲਾਕਿਆਂ ਵਿੱਚੋਂ ਕੀਤੀ। ਜਿਵੇਂ ਕਿ ਪਹਿਲਾ ਪਿਆਰਾ ਪੰਜਾਬ ਤੋਂ ਭਾਵ ਉੱਤਰੀ ਦਿਸ਼ਾ ਦਾ ਸੀ, ਦੂਸਰਾ ਸੈਂਟਰ ਇੰਡੀਆ ਦਿੱਲੀ ਦੇ ਇਲਾਕੇ ਦਾ ਰਹਿਣ ਵਾਲਾ ਸੀ, ਤੀਸਰਾ ਪੂਰਬ ਦਿਸ਼ਾ ਦੇ ਪ੍ਰਾਂਤ ਉੜੀਸਾ ਤੋਂ ਜਗਨ ਨਾਥ ਪੁਰੀ ਦਾ ਸੀ ਤੇ ਚੌਥਾ ਪੱਛਮੀ ਦਿਸ਼ਾਂ ਤੋਂ ਗੁਜਰਾਤ ਪ੍ਰਾਂਤ ਦੇ ਦੁਆਰਕਾ ਸ਼ਹਿਰ ਦਾ ਵਸਨੀਕ ਸੀ ਅਤੇ ਪੰਜਵਾ ਦੱਖਣੀ ਭਾਰਤ ਦੇ ਕਰਨਾਟਕ ਪ੍ਰਾਂਤ ਵਿੱਚੋਂ ਬਿਦਰ ਦਾ ਵਾਸੀ ਸੀ।

# ਚਾਰ ਸਾਹਿਬਜ਼ਾਦੇ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦੇ ਸਨ।

**ਵੱਡੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ:** ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸੰਨ ੧੬੮੭ ਈ: ਪਾਉਂਟਾ ਸਾਹਿਬ ਵਿਖੇ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ ਸੰਨ ੧੬੯● ਈ: ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਸਾਹਿਬਜ਼ਾਦਿਆਂ ਦੀ ਪੜ੍ਹਾਈ ਅਤੇ ਸਿਖਲਾਈ ਗੁਰੂ ਸਾਹਿਬ ਜੀ ਦੀ ਨਿਗਰਾਨੀ ਹੇਠਾਂ ਹੋਈ। ਸ਼ਸਤਰ ਵਿੱਦਿਆ, ਘੋੜ-ਸਵਾਰੀ ਅਤੇ ਤੀਰ-ਅੰਦਾਜ਼ੀ ਵਿੱਚ ਦੋਵੇਂ ਬੜੇ ਨਿਪੁੰਨ ਸਨ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਸਰਸਾ ਨਦੀ ’ਤੇ ਹੋਏ ਘਮਸਾਨ ਦੇ ਯੁੱਧ ਅਤੇ ਪਰਿਵਾਰ ਵਿਛੋੜੇ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੋਨੋਂ ਵੱਡੇ ਸਾਹਿਬਜ਼ਾਦਿਆਂ ਤੇ ਚਾਲੀ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿੱਚ ਪਹੁੰਚੇ। ਗੜ੍ਹੀ ਨੂੰ ਦਸ ਲੱਖ ਦੀ ਮੁਗਲ ਫੌਜ ਨੇ ਘੇਰਾ ਪਾ ਲਿਆ। ਇੱਥੇ ਹੀ ਪੰਜਾਂ-ਪੰਜਾਂ ਸਿੰਘਾਂ ਦੇ ਜਥੇ ਬਣਾ ਕੇ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਬਾਕੀ ਸਿੰਘਾਂ ਦੇ ਨਾਲ ਦੋਵੇਂ ਸਾਹਿਬਜ਼ਾਦੇ ਵੀ ਸ਼ਹਾਦਤ ਦਾ ਜਾਮ ਪੀ ਗਏ।

**ਛੋਟੇ ਦੋ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ** : ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦਾ ਜਨਮ ਸੰਨ ੧੬੯੭ ਈ: ਨੂੰ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਦਾ ਜਨਮ ਸੰਨ ੧੬੯੯ ਈ: ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ।

ਗੁਰੂ ਸਾਹਿਬ ਨੇ ਜਦੋਂ ਅਨੰਦਪੁਰ ਸਾਹਿਬ ਛੱਡਿਆ ਤਾਂ ਇਹ ਦੋਵੇਂ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਨਾਲ ਗੁਰੂ ਸਾਹਿਬ ਤੋਂ ਵਿਛੜ ਗਏ। ਗੰਗੂ ਰਸੋਈਏ ਨੇ ਇਨ੍ਹਾਂ ਨੂੰ ਮੋਰਿੰਡੇ ਠਾਣੇ ਵਿੱਚ ਗ੍ਰਿਫਤਾਰ ਕਰਵਾ ਦਿੱਤਾ, ਜਿੱਥੋਂ ਅੱਗੇ ਸਰਹੰਦ ਦੇ ਸੂਬੇਦਾਰ ਕੋਲ ਪੇਸ਼ ਕੀਤਾ ਗਿਆ। ਇਨ੍ਹਾਂ ਨੂੰ ਧਰਮ ਤਿਆਗਣ ਲਈ ਅਨੇਕਾਂ ਡਰਾਵੇ ਤੇ ਲਾਲਚ ਦਿੱਤੇ ਗਏ। ਪਰ ੬ ਤੇ ੮ ਸਾਲ ਦੇ ਇਹ ਬਾਬੇ ਆਪਣੇ ਧਰਮ ’ਤੇ ਅਡੋਲ ਖੜੇ ਰਹੇ, ਕਿਉਂਕਿ ਮਾਤਾ ਗੁਜਰੀ ਜੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਦੀ ਕੈਦ ਵਿੱਚੋਂ ਇਹ ਉਪਦੇਸ਼ ਦੇ ਕੇ ਭੇਜਿਆ ਸੀ ਕਿ ਬੇਟਾ ਇਸਲਾਮ ਧਰਮ ਕਬੂਲ ਨਹੀਂ ਕਰਨਾ ਭਾਵੇਂ ਆਪਣੇ ਦਾਦੇ ਗੁਰੂ ਤੇਗ਼ ਬਹਾਦਰ ਜੀ ਅਤੇ ਪੜਦਾਦਾ ਗੁਰੂ ਅਰਜਨ ਦੇਵ ਜੀ ਵਾਂਗ ਸ਼ਹਾਦਤ ਦੇਣੀ ਪਵੇ। ਇਸਲਾਮ ਕਬੂਲ ਨਾ ਕਰਨ ਕਰਕੇ ਇਨ੍ਹਾਂ ਦੋਨਾਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਜਦੋਂ ਮਾਤਾ ਜੀ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਾ ਤਾਂ ਉਹਨਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਅਤੇ ਅੰਤਰ-ਆਤਮੇ ਸੁਰਤ ਲਾ ਕੇ ਸਰੀਰ ਤਿਆਗ ਕੇ ਪ੍ਰਭੂ ਵਿੱਚ ਲੀਨ ਹੋ ਗਏ।

# ਚਾਲ੍ਹੀ ਮੁਕਤੇ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਜੀਵਨ ਕਾਲ ਵਿੱਚ ਜ਼ੁਲਮ ਦੇ ਵਿਰੁੱਧ ਅਨੇਕਾਂ ਜੰਗਾਂ ਲੜੀਆਂ। ਚਮਕੌਰ ਦੀ ਗੜ੍ਹੀ ਅਤੇ ਮੁਕਤਸਰ ਦੀਆਂ ਜੰਗਾਂ ਵਿੱਚ ਜੋ ਸਿੰਘ ਸ਼ਹੀਦ ਹੋਏ ਉਨ੍ਹਾਂ ਨੂੰ ਸਿੱਖ ਜਗਤ ਚਾਲ੍ਹੀ ਮੁਕਤੇ ਕਹਿ ਕੇ ਸਤਿਕਾਰਦਾ ਹੈ।

**ਚਮਕੌਰ ਦੀ ਜੰਗ** – ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਸਰਸਾ ਨਦੀ ’ਤੇ ਪਹੁੰਚੇ ਤਾਂ ਉੱਥੇ ਘਮਸਾਨ ਦੀ ਜੰਗ ਹੋਈ ਜਿੱਥੇ ਵੱਡੀ ਗਿਣਤੀ ਵਿੱਚ ਸਿੰਘ ਸ਼ਹੀਦ ਹੋ ਗਏ। ਉੱਧਰੋਂ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ, ਜਿਸ ਨਾਲ ਬਹੁਤ ਸਾਰਾ ਸਾਜੋ-ਸਮਾਨ ਅਤੇ ਸਮੱਗਰੀ ਸਰਸਾ ਨਦੀ ਦੀ ਭੇਂਟ ਹੋ ਗਿਆ। ਛੋਟੇ ਦੋ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਵਿਛੜ ਕੇ ਗੰਗੂ ਰਸੋਈਏ ਨਾਲ ਪਿੰਡ ਖੇੜੀ ਵੱਲ ਚਲੇ ਗਏ। ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਨੂੰ ਦਿੱਲੀ ਵੱਲ ਲੈ ਗਏ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਾਲ੍ਹੀ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਦੀ ਗੜ੍ਹੀ ਵਿੱਚ ਆ ਟਿਕੇ।

ਚਮਕੌਰ ਦੀ ਗੜ੍ਹੀ ਨੂੰ ਮੁਗ਼ਲ ਫੌਜਾਂ ਦੀ ਵੱਡੀ ਗਿਣਤੀ ਨੇ ਘੇਰ ਲਿਆ। ਗੁਰੂ ਸਾਹਿਬ ਗੜ੍ਹੀ ’ਚੋਂ ਪੰਜ-ਪੰਜ ਸਿੰਘਾਂ ਦੇ ਜਥੇ, ਮੁਗ਼ਲਾਂ ਦੀ ਫੌਜ ਨਾਲ ਮੁਕਾਬਲਾ ਕਰਨ ਲਈ ਭੇਜਦੇ ਜੋ ਹਜ਼ਾਰਾਂ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਸ਼ਹੀਦੀਆਂ ਪਾ ਜਾਂਦੇ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਵੀ ਇਸੇ ਤਰ੍ਹਾਂ ਮੈਦਾਨੇ ਜੰਗ ਵਿੱਚ ਦੁਸ਼ਮਣ ਫੌਜ ਦੇ ਆਹੂ ਲਾਹੁੰਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਗੜ੍ਹੀ ਵਿੱਚ ਕੇਵਲ ਪੰਜ ਸਿੰਘ ਰਹਿ ਗਏ ਤਾਂ ਗੁਰੂ ਜੀ ਆਪ ਮੈਦਾਨੇ-ਜੰਗ ਜਾਣ ਲੱਗੇ। ਭਾਈ ਦਇਆ ਸਿੰਘ ਜੀ ਨੇ ਬੇਨਤੀ ਕੀਤੀ, “ਹੇ ਸੱਚੇ ਪਾਤਸ਼ਾਹ! ਹੁਣ ਤਕ ਗੜ੍ਹੀ ਵਿਚੋਂ ਜਿੰਨੇ ਵੀ ਸਿੰਘ ਜਾਂ ਸਾਹਿਬਜ਼ਾਦੇ ਜੰਗ ਵਿੱਚ ਗਏ ਹਨ, ਉਹ ਆਪਣੇ ਗੁਰੂ ਮਹਾਰਾਜ ਤੋਂ ਹੁਕਮ ਲੈ ਕੇ ਹੀ ਗਏ ਹਨ। ਮਾਹਰਾਜ! ਆਪ ਜੀ ਵੀ ਮੈਦਾਨੇ ਜੰਗ ਵਿੱਚ ਜਾ

ਰਹੇ ਹੋ, ਕੀ ਆਪ ਜੀ ਨੇ ਗੁਰੂ-ਪੰਥ ਦਾ ਹੁਕਮ ਲੈ ਲਿਆ ਹੈ? ਗੁਰੂ ਪਾਤਸ਼ਾਹ ਨੇ ਪੁੱਛਿਆ, ਪੰਥ ਦਾ ਕੀ ਹੁਕਮ ਹੈ? ਤਾਂ ਪੰਜਾਂ ਸਿੰਘਾਂ ਨੇ ਗੁਰੂ-ਪੰਥ ਖ਼ਾਲਸਾ ਦੇ ਰੂਪ ਵਿੱਚ ਫ਼ਰਮਾਇਆ, ਤੁਹਾਨੂੰ ਗੁਰੂ-ਪੰਥ ਦਾ ਹੁਕਮ ਹੈ ਕਿ 'ਕਲਗੀ ਜਿਗ੍ਹੇ ਲਾਹੋ' ਅਤੇ ਇਸੇ ਵਕਤ ਗੜ੍ਹੀ ਵਿਚੋਂ ਨਿਕਲ ਜਾਉ। ਗੁਰੂ ਨਾਨਕ ਦੇਵ ਜੀ ਦਾ ਚਲਾਇਆ ਪੰਥ ਸੁਰਜੀਤ ਕਰੋ। ਗੁਰੂ ਸਾਹਿਬ ਜੀ ਨੇ ਸੀਸ ਨਿਵਾਇਆ ਅਤੇ ਆਪਣਾ ਤਾਜ ਭਾਈ ਸੰਗਤ ਸਿੰਘ ਜੀ ਦੇ ਸੀਸ ਸਜਾ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਨਾਲ ਗੜ੍ਹੀ ਵਿਚੋਂ ਬਾਹਰ ਆ ਗਏ। ਇਹ ਵੀ ਮਹਾਰਾਜ ਦਾ ਇੱਕ ਬਹੁਤ ਵੱਡਾ ਚੋਜ ਸੀ। ਗੜੀ 'ਚੋਂ ਨਿਕਲਣ ਤੋਂ ਪਹਿਲਾਂ ਗੁਰੂ ਜੀ ਨੇ ਤਾੜੀ ਮਾਰ ਕੇ ਫ਼ਰਮਾਇਆ, "ਹਿੰਦ ਦਾ ਪੀਰ ਜਾ ਰਿਹਾ ਜੇ।"

**ਮੁਕਤਸਰ ਦੀ ਜੰਗ** - ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਰਿਵਾਰ ਅਤੇ ਸਿੰਘਾਂ ਸਮੇਤ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ ਸਨ ਅਤੇ ਦੁਸ਼ਮਣ ਦੀਆਂ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ। ਖਾਣ ਪੀਣ ਦੀ ਸਮੱਗਰੀ ਖਤਮ ਹੋ ਚੁੱਕੀ ਸੀ ਅਤੇ ਸਿੰਘ ਦਰਖ਼ਤਾਂ ਦੇ ਪੱਤੇ ਖਾ ਕੇ ਗੁਜਾਰਾ ਕਰ ਰਹੇ ਸਨ। ਜਿਹੜੇ ਸਿੰਘ ਨਾਮ ਬਾਣੀ ਸਿਮਰਨ ਵਿੱਚ ਨਿਪੁੰਨ ਸਨ ਉਹ ਗੁਰੂ ਸਾਹਿਬ ਦੇ ਹੁਕਮ ਅੰਦਰ ਹਰ ਮੁਸੀਬਤ ਨੂੰ ਝੱਲਣ ਲਈ ਤਿਆਰ ਬਰ ਤਿਆਰ ਸਨ ਪਰ ਚਾਲ੍ਹੀ ਕੁ ਸਿੰਘ ਜਿਨ੍ਹਾਂ ਨੇ ਅੰਮ੍ਰਿਤ ਤਾਂ ਛਕਿਆ ਸੀ, ਪਰ ਨਾਮ ਬਾਣੀ ਵਿੱਚ ਅਜੇ ਅਧੂਰੇ ਸਨ, ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਡੇ ਤੋਂ ਇਹ ਭੁੱਖ ਜਰੀ ਨਹੀਂ ਜਾਂਦੀ ਅਤੇ ਸਾਨੂੰ ਘਰ ਜਾਣ ਦੀ ਆਗਿਆ ਬਖਸ਼ੋ। ਗੁਰੂ ਜੀ ਦੇ ਸਮਝਾਉਣ 'ਤੇ ਵੀ ਜਦੋਂ ਉਹ ਆਪਣੀ ਜ਼ਿੱਦ 'ਤੇ ਅੜੇ ਰਹੇ ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਜਾਣਾ ਹੀ ਹੈ ਤਾਂ ਕਾਗਜ਼ 'ਤੇ ਲਿਖ ਦਿਉ ਕਿ ਤੂੰ ਸਾਡਾ ਗੁਰੂ ਨਹੀਂ ਅਤੇ ਅਸੀਂ ਤੇਰੇ ਸਿੱਖ ਨਹੀਂ। ਬੇਦਾਵਾ ਲਿਖ ਕੇ ਇਹ ਸਿੰਘ ਜਦੋਂ ਘਰ ਪਹੁੰਚੇ ਤਾਂ ਇਨ੍ਹਾਂ ਦੀਆਂ ਸਿੰਘਣੀਆਂ, ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਸੀ, ਸ਼ੇਰਾਂ ਵਾਂਗੂੰ ਗੱਜੀਆਂ ਅਤੇ ਸਿੰਘਾਂ ਨੂੰ ਤਾਹਨੇ ਮਾਰੇ, ਤੁਸੀਂ ਗਿੱਦੜ ਹੋ, ਜਨਾਨਾਂ ਕੱਪੜੇ ਪਾਵੋ ਅਤੇ ਘਰਾਂ ਵਿੱਚ ਚਰਖੇ ਕੱਤੋ। ਅਸੀਂ ਚਲੀਆਂ ਹਾਂ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਜੰਗ ਲੜਨ ਵਾਸਤੇ। ਇਹ ਕਹਿੰਦਿਆਂ ਸਾਰ ਹੀ ਇਨ੍ਹਾਂ 'ਮਾਈਆਂ ਰੱਬ ਰਜਾਈਆਂ' ਨੇ ਕਮਰ ਕੱਸੇ ਕੀਤੇ ਅਤੇ ਮਾਈ ਭਾਗੋ ਦੀ ਅਗਵਾਈ ਹੇਠ ਸਸ਼ਤਰਾਂ ਨਾਲ ਲੈਸ ਹੋ ਖਿਦਰਾਣੇ ਦੀ ਧਰਤੀ ਵੱਲ ਨੂੰ ਦੁਸ਼ਮਣ (ਮੁਗ਼ਲ) ਫੌਜ ਦਾ ਮੁਕਾਬਲਾ ਕਰਨ ਲਈ ਤੁਰ ਪਈਆਂ। ਇਹ ਵੰਗਾਰ ਸੁਣ ਕੇ ਅੰਮ੍ਰਿਤ ਨੇ ਸਿੰਘਾਂ ਨੂੰ ਅੰਦਰੋਂ ਟੁੰਬਿਆ ਅਤੇ ਉਹ ਭੁੱਬਾਂ ਮਾਰ ਕੇ ਰੋ ਪਏ ਕਿ ਸਾਡੇ ਤੋਂ ਬਹੁਤ ਭਾਰੀ ਭੁੱਲ ਹੋ ਗਈ। ਇਨ੍ਹਾਂ ਨੇ ਮਾਤਾ ਭਾਗੋ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਗੁਰੂ ਜੀ ਕੋਲ ਲੈ ਚੱਲੋ, ਅਸੀਂ ਵੈਰੀਆਂ ਨਾਲ ਜੰਗ ਕਰਕੇ ਗੁਰੂ ਤੋਂ ਭੁੱਲ ਬਖਸ਼ਾ ਲਈਏ।

ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਤੋਂ ਨੰਗੇ ਪੈਰੀ ਮਾਛੀਵਾੜੇ ਪੁੱਜੇ। ਜਦੋਂ ਦੁਸ਼ਮਣ (ਸੂਬਾ ਸਰਹਿੰਦ) ਦੀਆਂ ਫੌਜਾਂ ਨੂੰ ਗੁਰੂ ਜੀ ਬਾਰੇ ਪਤਾ ਲੱਗਿਆ ਤਾਂ ਉਹ ਵੀ ਉਨ੍ਹਾਂ ਦਾ ਪਿੱਛਾ ਕਰਨ ਲੱਗ ਪਈਆਂ। ਓਧਰ ਖਿਦਰਾਣੇ ਦੀ ਢਾਬ ਵਿਖੇ ਜ਼ਾਲਮ ਫੌਜਾਂ ਨੇ ਗੁਰੂ ਸਾਹਿਬ ਨੂੰ ਆ ਲਲਕਾਰਿਆ।

ਸੱਚ-ਮੁੱਚ ਅੰਮ੍ਰਿਤ ਨੇ ਚਾਲ੍ਹੀ ਸਿੰਘਾਂ ਵਿੱਚ ਐਸਾ ਜੋਸ਼ ਭਰਿਆ ਕਿ ਉਹ ਮਾਤਾ ਭਾਗ ਕੌਰ ਜੀ ਦੀ ਅਗਵਾਈ ਵਿੱਚ ਖਿਦਰਾਣੇ ਦੀ ਢਾਬ 'ਤੇ ਜਾ ਕੇ ਹਜ਼ਾਰਾਂ ਫੌਜਾਂ, ਜੋ ਗੁਰੂ ਮਹਾਰਾਜ ਨੂੰ ਪਕੜਨ ਆ ਰਹੀਆਂ ਸਨ, ਨਾਲ ਮੈਦਾਨੇ ਜੰਗ ਵਿੱਚ ਜੂਝ ਪਏ। ਦੁਸ਼ਮਣਾਂ ਵਿੱਚ ਭਾਜੜਾਂ ਪੈ ਗਈਆਂ ਅਤੇ ਉਹਨਾਂ ਦੇ ਆਹੂ ਲਾਹੁੰਦੇ ਹੋਏ ਸਿੰਘਾਂ ਨੇ ਮੈਦਾਨ ਫ਼ਤਹਿ ਕਰ ਲਿਆ।

ਇਹ ਨਜ਼ਾਰਾ ਗੁਰੂ ਸਾਹਿਬ ਟਿੱਬੀ 'ਤੇ ਬੈਠੇ ਵੇਖ ਰਹੇ ਸਨ ਅਤੇ ਸਿੰਘਾਂ ਦੀ ਕੁਰਬਾਨੀ 'ਤੇ ਬਹੁਤ ਪ੍ਰਸੰਨ ਹੋ ਰਹੇ ਸਨ। ਭਾਈ ਮਹਾਂ ਸਿੰਘ ਅਤੇ ਮਾਤਾ ਭਾਗੋ ਫੱਟੜ ਹੋ ਕੇ ਜ਼ਮੀਨ 'ਤੇ ਪਏ ਗੁਰੂ ਮਹਾਰਾਜ ਜੀ ਦੇ ਦਰਸ਼ਨ ਲਈ ਅਰਦਾਸਾਂ ਕਰ ਰਹੇ ਸਨ ਅਤੇ ਬਾਕੀ ਸਾਰੇ ਸਿੰਘ ਸ਼ਹੀਦੀਆਂ ਪਾ ਚੁੱਕੇ ਸਨ। ਗੁਰੂ ਸਾਹਿਬ ਟਿੱਬੀ ਤੋਂ ਵਾਹੋ-ਦਾਹੀ ਮੈਦਾਨੇ ਜੰਗ ਵਿੱਚ ਆਏ। ਸਾਰੇ ਸ਼ਹੀਦ ਸਿੰਘਾਂ ਨੂੰ ਪਿਆਰ ਅਤੇ ਬਖਸ਼ਸ਼ ਕਰਦੇ ਹੋਏ ਮਹਾਂ ਸਿੰਘ ਜੀ ਕੋਲ ਪਹੁੰਚੇ। ਉਸ ਦਾ ਸੀਸ ਗੋਦੀ ਵਿੱਚ ਲੈਂਦਿਆਂ ਹੋਇਆਂ ਮਸਤਕ ਚੁੰਮਿਆ। ਮਹਾਂ ਸਿੰਘ ਜੀ ਦੀਆਂ ਅੱਖਾਂ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਈਆਂ ਅਤੇ ਜ਼ਾਰੋ-ਜ਼ਾਰ ਨੀਰ ਵਹਿ ਤੁਰਿਆ। ਗੁਰੂ ਸਾਹਿਬ ਨੇ ਕਿਹਾ, "ਮਹਾਂ ਸਿੰਘ! ਗੁਰੂ ਨਾਨਕ ਤਰੁੱਠਾ ਹੈ ਮੰਗ ਲੈ ਜੋ ਮੰਗਣਾ ਹੈ। ਦੀਨ ਦੁਨੀਆਂ ਦੀ ਪਾਤਸ਼ਾਹੀ ਦੀ ਬਖਸ਼ਸ਼ ਵੀ ਹੋ ਸਕਦੀ ਹੈ।" ਸਿਸਕਦੇ ਹੋਏ ਭਾਈ ਮਹਾਂ ਸਿੰਘ ਜੀ ਨੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਜੇ ਤਰੁੱਠੇ ਹੋ ਤਾਂ ਸਾਡਾ ਅਭਾਗਿਆਂ ਦਾ ਦਿੱਤਾ ਹੋਇਆ ਬੇਦਾਵਾ ਪਾੜ ਕੇ ਟੁੱਟੀ ਗੰਢ ਲਵੋ ਅਤੇ ਆਪਣੇ ਚਰਨਾਂ ਨਾਲ ਜੋੜ ਲਵੋ। ਗੁਰੂ ਜੀ ਨੇ ਆਪਣੀ ਅੰਦਰਲੀ ਜੇਬ ਵਿਚੋਂ ਛਾਤੀ ਨਾਲ ਲਾਇਆ ਹੋਇਆ ਬੇਦਾਵਾ ਕੱਢਿਆ ਅਤੇ ਕਿਹਾ, "ਮੈਂ ਅਨੰਦਪੁਰ ਛੱਡਣ 'ਤੇ ਸਭ ਕੁਝ ਨਦੀ ਵਿੱਚ ਵਹਾ ਦਿੱਤਾ, ਸਾਰਾ ਪਰਿਵਾਰ ਪੰਥ ਤੋਂ ਵਾਰ ਕੇ ਨੰਗੇ ਪੈਰੀਂ ਮਾਛੀਵਾੜੇ ਤੋਂ ਹੁੰਦਾ ਹੋਇਆ ਇੱਥੇ ਪੁੱਜਿਆ ਹਾਂ ਪਰ ਇਹ ਬੇਦਾਵਾ ਸੰਭਾਲ ਕੇ ਰੱਖਿਆ ਹੋਇਆ ਸੀ। ਮੈਨੂੰ ਪਤਾ ਸੀ ਕਿ ਤੁਸੀਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ ਹੈ। ਇਹ ਅੰਮ੍ਰਿਤ ਇੱਕ ਦਿਨ ਤੁਹਾਨੂੰ ਜ਼ਰੂਰ ਟੁੰਬੇਗਾ ਅਤੇ ਤੁਸੀਂ ਬੇਦਾਵਾ ਜ਼ਰੂਰ ਪੜਵਾਉਗੇ।" ਮਹਾਰਾਜ ਨੇ ਉਸੇ ਵਕਤ ਬੇਦਾਵਾ ਲੀਰੋ-ਲੀਰ ਕੀਤਾ ਅਤੇ ਮਹਾਂ ਸਿੰਘ ਨੂੰ ਘੁੱਟ ਕੇ ਜੱਫੀ ਵਿੱਚ ਲੈਂਦੇ ਅਤੇ ਬਖ਼ਸ਼ਸਾਂ ਕਰਦੇ ਹੋਏ ਸੱਚਖੰਡ ਨੂੰ ਤੋਰ ਦਿੱਤਾ। ਫਿਰ ਮਾਤਾ ਭਾਗ ਕੌਰ ਜੀ ਨੂੰ ਸੰਭਾਲਿਆ ਅਤੇ ਉਸ ਦੀ ਮਲ੍ਹਮ-ਪੱਟੀ

ਕਰਕੇ ਸਾਰੀ ਉਮਰ ਆਪਣੀ ਸੇਵਾ ਵਿੱਚ ਰੱਖਿਆ। ਇਹ ਚਾਲ੍ਹੀ ਸਿੰਘ, ਜੋ ਖਿਦਰਾਣੇ ਦੀ ਢਾਬ 'ਤੇ ਸ਼ਹੀਦ ਹੋਏ ਸਨ, ਉਹਨਾਂ ਨੂੰ ਮੁਕਤਿਆਂ ਦਾ ਖਿਤਾਬ ਦਿੱਤਾ ਅਤੇ ਢਾਬ ਦਾ ਨਾਂ ਮੁਕਤਸਰ ਰੱਖਿਆ ਜਿੱਥੇ ਹੁਣ ਬਹੁਤ ਵੱਡਾ ਗੁਰਦੁਆਰਾ ਹੈ।

## ਸ਼ਹੀਦ

ਸ਼ਹੀਦ ਉਹ ਹੈ ਜੋ ਸੱਚ (ਦੈਵੀ ਗੁਣ) ਨੂੰ ਉੱਚਾ ਰੱਖਣ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕਰਦਾ ਹੈ। ਸਿੱਖ ਧਰਮ ਵਿੱਚ ਪਹਿਲੇ ਸ਼ਹੀਦ ਗੁਰੂ ਅਰਜਨ ਦੇਵ ਜੀ ਹੋਏ ਹਨ, ਜਿਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਲਾਹੌਰ ਵਿੱਚ ਸ਼ਹੀਦ ਕੀਤਾ ਗਿਆ। ਫਿਰ ਦਿੱਲੀ ਵਿਖੇ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ "ਧਰਮ ਦੀ ਚਾਦਰ" ਅਖਵਾਏ। ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦੇ ਸਾਹਮਣੇ ਮੁਗ਼ਲ ਹਕੂਮਤ ਨੇ ਇਨ੍ਹਾਂ ਦੇ ਸਿੱਖ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ, ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਿਆ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਵੀ ਸਾਰਾ ਪਰਿਵਾਰ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਵੀ ਅਨੇਕਾਂ ਹੀ ਸਿੰਘਾਂ ਨੇ ਧਰਮ ਅਤੇ ਪਰਉਪਕਾਰ ਲਈ ਸ਼ਹੀਦੀਆਂ ਪਾਈਆਂ।

## ਪੰਜ ਤਖ਼ਤ

ਦੁਨਿਆਵੀ ਤੌਰ 'ਤੇ ਤਖ਼ਤ ਬਾਦਸ਼ਾਹ ਦੀ ਗੱਦੀ ਨੂੰ ਕਿਹਾ ਜਾਂਦਾ ਹੈ ਪਰ ਸਿੱਖ ਜਗਤ ਵਿੱਚ ਇਹ ਉਹ ਇਲਾਹੀ ਗੱਦੀ ਹੈ ਜਿੱਥੇ ਸੰਸਾਰਿਕ ਕਾਰ-ਵਿਹਾਰ ਦੇ ਨਾਲ-ਨਾਲ ਅਧਿਆਤਮਿਕ ਮਾਰਗ 'ਤੇ ਚੱਲਣ ਲਈ ਫੈਸਲੇ ਲਏ ਜਾਂਦੇ ਹਨ। ਗੁਰੂ ਸਾਹਿਬਾਨ ਜਦੋਂ ਸਰੀਰ ਵਿੱਚ ਵਿਚਰਦੇ, ਤਾਂ ਸੰਗਤਾਂ ਨੂੰ ਇੱਥੇ ਬਿਰਾਜ ਕੇ ਉਪਦੇਸ਼ ਦਿੰਦੇ ਅਤੇ ਹੁਕਮਨਾਮੇ ਜਾਰੀ ਕਰਦੇ ਸਨ। ਹੁਣ ਗੁਰੂ ਸਾਹਿਬਾਨ ਦੇ ਸਰੀਰ ਦੀ ਜਗ੍ਹਾ ਉਨ੍ਹਾਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਪੰਜ ਪਿਆਰੇ ਇਨ੍ਹਾਂ ਵਿਸ਼ਿਆਂ 'ਤੇ ਗੁਰਮਤਾ ਕਰਦੇ ਹਨ। ਇਨ੍ਹਾਂ ਨੂੰ ਖ਼ਾਲਸੇ ਦੇ ਅਧਿਆਤਮਿਕ ਤਖ਼ਤ ਕਿਹਾ ਜਾਂਦਾ ਹੈ। ਤਖ਼ਤਾਂ 'ਤੇ ਮੀਰੀ-ਪੀਰੀ ਦੇ ਫੈਸਲੇ ਲਏ ਜਾਂਦੇ ਹਨ ਜਦੋਂ ਕਿ ਧਾਰਮਿਕ ਗੁਰਦੁਆਰਿਆਂ, ਜਿਸ ਤਰ੍ਹਾਂ ਹਰਿਮੰਦਰ ਸਾਹਿਬ ਆਦਿਕ ਵਿਖੇ ਕੇਵਲ ਨਾਮ ਬਾਣੀ ਸਿਮਰਨ ਤੋਂ ਇਲਾਵਾ ਹੋਰ ਕੋਈ ਗੱਲ ਨਹੀਂ ਕੀਤੀ ਜਾਂਦੀ।

**ਸਿੱਖ ਜਗਤ ਦੇ ਪੰਜ ਤਖ਼ਤ** – ਸ੍ਰੀ ਅਕਾਲ ਤਖ਼ਤ ਸਾਹਿਬ – ਇਸ ਦੀ ਸਿਰਜਣਾ ਛੇਵੇਂ ਪਾਤਸ਼ਾਹ, ਮੀਰੀ-ਪੀਰੀ ਦੇ ਮਾਲਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ੧੬੦੯ ਈ: ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੀ ਪਰਕਰਮਾਂ ਵਿੱਚ ਦਰਸ਼ਨੀ ਡਿਉੜੀ ਦੇ ਸਾਮ੍ਹਣੇ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੌਮ ਵਿੱਚ ਪ੍ਰਮੁੱਖ ਸਥਾਨ ਹੈ ਅਤੇ ਸਿੱਖ ਕੌਮ ਨੂੰ ਅਧਿਆਤਮਿਕ ਤੌਰ 'ਤੇ ਇਸ ਤੋਂ ਦੁਨਿਆਵੀ ਅਗਵਾਈ ਮਿਲਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਵੀ ਹੁਕਮ ਜਾਰੀ ਹੋਵੇ, ਹਰ ਸਿੱਖ ਲਈ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਹੋਵੇ, ਮੰਨਣਾ ਲਾਜ਼ਮੀ ਹੈ। ਕੌਮ ਦਾ ਹਰ ਮਸਲਾ ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਅਗਵਾਈ ਵਿੱਚ ਇਕੱਠੇ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਵਿਚਾਰਦੇ ਹਨ। ਵਿਚਾਰਨ ਤੋਂ ਉਪਰੰਤ ਹੁਕਮਨਾਮਾ ਜਾਰੀ ਹੁੰਦਾ ਹੈ। ਉਹ ਹੁਕਮਨਾਮਾ ਵਿਅਕਤੀ ਵਿਸ਼ੇਸ਼ ਲਈ ਵੀ ਹੋ ਸਕਦਾ ਹੈ ਤੇ ਸਮੁੱਚੀ ਕੌਮ ਲਈ ਵੀ।

**ਤਖ਼ਤ ਸ੍ਰੀ ਪਟਨਾ ਸਾਹਿਬ** – ਤਖ਼ਤ ਸ੍ਰੀ ਪਟਨਾ ਸਾਹਿਬ ਬਿਹਾਰ ਸੂਬੇ ਦੀ ਰਾਜਧਾਨੀ ਪਟਨਾ ਵਿਖੇ ਸਥਾਪਿਤ ਹੈ। ਇਹ ਉਹ ਅਸਥਾਨ ਹੈ, ਜਿੱਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਹੋਇਆ।

**ਤਖ਼ਤ ਸ੍ਰੀ ਕੇਸਗੜ੍ਹ ਸਾਹਿਬ** – ਇਹ ਸ੍ਰੀ ਅਨੰਦਪੁਰ ਸਾਹਿਬ (ਪੰਜਾਬ) ਵਿੱਚ ਸਥਿਤ ਹੈ। ਇਹ ਉਹ ਅਸਥਾਨ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ: ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਸਾਜਿਆ ਅਤੇ ਅੰਮ੍ਰਿਤ ਦੀ ਦਾਤ ਬਖਸ਼ੀ।

**ਤਖ਼ਤ ਸ੍ਰੀ ਹਜ਼ੂਰ ਸਾਹਿਬ** – ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਮਹਾਂਰਾਸ਼ਟਰ ਪ੍ਰਾਂਤ ਦੇ ਨੰਦੇੜ ਸ਼ਹਿਰ ਵਿੱਚ ਸਥਿਤ ਹੈ। ਇਹ ਉਹ ਅਸਥਾਨ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰੀਰ ਪੰਜ ਤੱਤਾਂ ਵਿੱਚ ਮਿਲਾ ਕੇ ਆਤਮ ਜੋਤ ਨੂੰ ਪਰਮਾਤਮ ਜੋਤ ਵਿੱਚ ਮਿਲਾ ਦਿੱਤਾ। ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪੀ ਅਤੇ ਸਾਰੇ ਸਿੱਖਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਤੁਹਾਡੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣਗੇ।

**ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ॥**

**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥**

**ਤਖ਼ਤ ਸ੍ਰੀ ਦਮਦਮਾ ਸਾਹਿਬ** - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਵਿਖੇ ਵਿਸ਼ਰਾਮ ਕੀਤਾ ਅਥਵਾ ਦਮ ਲਿਆ, ਜਿਸ ਕਰਕੇ ਇਸ ਦਾ ਨਾਮ ਦਮਦਮਾ ਸਾਹਿਬ ਰੱਖਿਆ ਗਿਆ। ਇੱਥੇ ਕੁਝ ਸਮਾਂ ਰਹਿ ਕੇ ਗੁਰੂ ਸਾਹਿਬ ਜੀ ਨੇ ਸਿੱਖੀ ਨੂੰ ਪ੍ਰਫੁੱਲਿਤ ਕੀਤਾ। ਇਸ ਅਸਥਾਨ 'ਤੇ ਹੀ ਗੁਰੂ ਸਾਹਿਬ ਜੀ ਨੇ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਆਪਣੇ ਮੁਖਾਰਬਿੰਦ ਤੋਂ ਉਚਾਰ ਕੇ, ਭਾਈ ਮਨੀ ਸਿੰਘ ਜੀ ਪਾਸੋਂ ਦੁਬਾਰਾ ਲਿਖਵਾਈ ਅਤੇ ਉਸ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕੀਤੀ। ਗੁਰੂ ਸਾਹਿਬ ਜੀ ਗੁਰਬਾਣੀ ਦੇ ਅਰਥ ਕਰਕੇ ਸੰਗਤ ਨੂੰ ਉਪਦੇਸ਼ ਦਿੰਦੇ। ਇੱਥੇ ਹੀ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਗੁਰਮੁਖੀ ਦੀ ਵਿੱਦਿਆ ਵੀ ਦਿੱਤੀ ਅਤੇ ਫ਼ਰਮਾਇਆ, "ਇਹ ਗੁਰੂ-ਕਾਸ਼ੀ ਹੈ, ਜਿੱਥੋਂ ਵਿੱਦਿਆ ਦਾ ਬਹੁਤ ਪਰਚਾਰ ਹੋਵੇਗਾ।"

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸਾਰੀ ਮਨੁੱਖਤਾ ਦੇ ਕਲਿਆਣ ਵਾਸਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਸੰਸਾਰ ਦੀ ਤੱਪਦੀ ਲੁਕਾਈ ਨੂੰ **ਸ਼ਬਦ-ਗੁਰੂ** ਨਾਲ ਜੋੜਨ ਲਈ ਇਲਾਹੀ ਤੇ ਲਾਸਾਨੀ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਇਸ ਗ੍ਰੰਥ ਨੂੰ ਸ਼ੁਰੂ ਵਿੱਚ ਪੋਥੀ ਸਾਹਿਬ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਕਿਹਾ ਜਾਂਦਾ ਸੀ। ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਭ ਤੋਂ ਪਹਿਲੀ ਵਾਰ ਸੰਨ ੧੬●੪ ਈ: ਵਿੱਚ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ਅਤੇ ਸਭ ਤੋਂ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਗਿਆ। ਜੋ ਪਹਿਲਾ ਵਾਕ ਆਇਆ ਉਸ ਦਾ ਭਾਵ ਸੀ ਕਿ ਪਰਮਾਤਮਾ ਦਾ ਇਹ ਬਿਰਦ ਹੈ, ਉਹ ਆਪਣੇ ਸੰਤ ਜਨਾਂ ਦੇ ਕਾਰਜ ਆਪ ਸਵਾਰਦਾ ਹੈ ਅਤੇ ਉਨ੍ਹਾਂ ਦੇ ਸਾਰੇ ਕੰਮ ਆਪ ਹੀ ਕਰਵਾਉਂਦਾ ਹੈ। ਜਿਸ ਜੀਵ 'ਤੇ ਉਸ ਦੀ ਮਿਹਰ ਹੋ ਗਈ ਉਸ ਦੇ ਹਿਰਦੇ ਵਿੱਚ ਨਾਮ-ਰੂਪੀ ਜਲ ਦਾ ਪਰਵੇਸ਼ ਹੋ ਕੇ ਉਸ ਦਾ ਧਰਤ-ਰੂਪੀ ਸਰੀਰ ਪਵਿੱਤਰ ਹੋ ਜਾਂਦਾ ਹੈ।

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**

**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੭੮੩)

ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦਾ ਇੰਨਾ ਸਤਿਕਾਰ ਕਰਦੇ ਕਿ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਪਲੰਘ 'ਤੇ ਬਿਰਾਜਮਾਨ ਕਰਵਾਕੇ ਆਪ ਥੱਲੇ ਹੀ ਬਿਰਾਜਦੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ

ਸੰਸਾਰ ਵਿੱਚ ਅੱਜ ਤਕ ਜਿੰਨੇ ਵੀ ਧਰਮਾਂ ਦੇ ਬਾਨੀ ਹੋਏ ਹਨ ਉਨ੍ਹਾਂ ਨੇ ਆਪਣੀ ਬਾਣੀ, ਕਲਾਮ ਜਾਂ ਆਪਣੇ ਸਿਧਾਂਤਾਂ ਨੂੰ ਆਪ ਲਿਖ ਕੇ ਕੋਈ ਗ੍ਰੰਥ ਨਹੀਂ ਬਣਾਇਆ। ਉਨ੍ਹਾਂ ਦੇ ਪੈਰੋਕਾਰਾਂ ਨੇ ਬਾਅਦ ਵਿੱਚ ਉਨ੍ਹਾਂ ਦੇ ਸਿਧਾਂਤਾਂ ਨੂੰ ਲਿਖਤ ਰੂਪ ਵਿੱਚ ਪੇਸ਼ ਕੀਤਾ। ਇਹ ਮਾਣ ਕੇਵਲ ਸਿੱਖ ਕੌਮ ਨੂੰ ਹੀ ਪ੍ਰਾਪਤ ਹੈ।

ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਆਪਣੇ ਜੀਵਨ ਸਮੇਂ ਜਿੰਨੀ ਬਾਣੀ ਉਚਾਰੀ ਉਹ ਸਾਰੀ ਬਾਣੀ ਇੱਕ ਪਾਵਨ ਪੋਥੀ ਵਿੱਚ ਦਰਜ ਹੋਈ, ਜਿਸ ਵਿੱਚ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਲੋਕ ਜੋੜ ਕੇ ਅੱਗੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁਰਦ ਕਰ ਦਿੱਤੀ। ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਦੇ ਪੋਤਰੇ ਸਾਹਸਰ ਰਾਮ ਨੇ ਪਹਿਲੇ ਤਿੰਨ ਗੁਰੂਆਂ ਦੇ ਸ਼ਬਦਾਂ ਨੂੰ ਸੰਕਲਿਤ ਕਰ ਇੱਕ ਨਵੀਂ ਪੋਥੀ ਤਿਆਰ ਕੀਤੀ ਜਿਸ ਨੂੰ 'ਮੋਹਨ ਪੋਥੀ' ਜਾਂ ਗੋਇੰਦਵਾਲ ਪੋਥੀ' ਕਿਹਾ ਗਿਆ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਪੋਥੀ ਵਿੱਚ ਗੁਰੂ ਰਾਮਦਾਸ ਜੀ ਅਤੇ ਆਪਣੇ ਉਚਾਰੇ ਸ਼ਬਦਾਂ ਦੇ ਨਾਲ-ਨਾਲ ਭਾਰਤ ਦੇਸ਼ ਦੇ ਵੱਖ-ਵੱਖ ਧਰਮਾਂ, ਇਲਾਕਿਆਂ, ਫਿਰਕਿਆਂ, ਭਾਸ਼ਾਵਾਂ ਅਤੇ ਸੰਪ੍ਰਦਾਵਾਂ ਨਾਲ ਸੰਬੰਧਿਤ ਪ੍ਰਭੂ ਦੀ ਉਸਤਤ ਵਿੱਚ ਲੀਨ ਹੋਏ ਆਤਮ-ਦਰਸੀ ੧੫ ਭਗਤਾਂ, ੧੧ ਭੱਟਾਂ ਅਤੇ ੩ ਗੁਰਸਿੱਖਾਂ ਦੀ ਬਾਣੀ ਜੋੜ ਕੇ ਇੱਕ ਗ੍ਰੰਥ ਤਿਆਰ ਕੀਤਾ, ਜਿਸ ਨੂੰ ਪੋਥੀ ਸਾਹਿਬ ਕਿਹਾ ਗਿਆ। ਪੋਥੀ ਸਾਹਿਬ ਦੀ ਰਚਨਾ ਕਰਨ ਵਿੱਚ ਗੁਰੂ ਸਾਹਿਬ ਨੂੰ ਚਾਰ ਸਾਲ (੧੬●੧ ਤੋਂ ੧੬●੪ ਈ:) ਲੱਗੇ ਅਤੇ ਲਿਖਾਰੀ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ। ਪੋਥੀ ਸਾਹਿਬ ਦਾ ਪ੍ਰਕਾਸ਼ ਪਹਿਲੀ ਵਾਰ ਸੰਨ ੧੬●੪ ਵਿੱਚ ਨਵੇਂ ਬਣੇ ਗੁਰਦੁਆਰੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤਾ ਗਿਆ।

ਪਾਵਨ ਸਰੂਪ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਸ ਗ੍ਰੰਥ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਬੜੀ ਦੂਰ-ਅੰਦੇਸ਼ਤਾ ਦੀ ਵਰਤੋਂ ਕੀਤੀ। ਗੁਰੂ ਸਾਹਿਬ ਜੀ ਨੇ ਹਰੇਕ ਸ਼ਬਦ ਵਿੱਚ ਪਹਿਲਾਂ ਸਾਰੀਆਂ ਪੰਗਤੀਆਂ ਦੀ ਪੰਗਤੀਵਾਇਜ਼ (Linewise) ਗਿਣਤੀ ਲਿਖੀ ਤੇ ਫਿਰ ਸ਼ਬਦ ਦੇ ਅਖੀਰ 'ਤੇ ਜੋੜ ਕਰਕੇ ਕੁੱਲ ਪੰਗਤੀਆਂ ਦੀ ਗਿਣਤੀ ਲਿਖ ਦਿੱਤੀ ਤੇ ਫਿਰ ਉਸ ਚੱਲ ਰਹੀ ਬਾਣੀ ਦੇ ਨਾਲੋਂ-ਨਾਲ ਵੀ ਅਤੇ ਅਖੀਰ 'ਤੇ ਵੀ ਆਏ ਕੁੱਲ ਸ਼ਬਦਾਂ ਦੀ ਗਿਣਤੀ ਜੋੜ ਕਰਕੇ ਲਿਖ ਦਿੱਤੀ। ਇਸ ਤਰ੍ਹਾਂ ਕਿਸੇ ਵੀ ਸਿਰਲੇਖ ਅਧੀਨ ਚੱਲ ਰਹੀ ਬਾਣੀ ਦੇ ਸਾਰੇ ਸ਼ਬਦਾਂ ਦੀ ਪਹਿਲਾਂ ਪੰਗਤੀਵਾਜ਼ ਗਿਣਤੀ, ਫਿਰ ਸ਼ਬਦਵਾਈਜ਼ ਗਿਣਤੀ ਅਤੇ ਅਖੀਰ 'ਤੇ ਸਾਰੇ ਸ਼ਬਦਾਂ ਦਾ ਜੋੜ ਕਰਕੇ ਉਨ੍ਹਾਂ ਦੀ ਕੁੱਲ ਗਿਣਤੀ ਲਿਖ ਦਿੱਤੀ। ਗੁਰੂ ਸਾਹਿਬ ਜੀ ਦੀ ਇਸ ਦੂਰ-ਅੰਦੇਸ਼ਤਾ ਕਰਕੇ ਹੀ ਕੋਈ ਵੀ ਇਨਸਾਨ ਇੱਕ ਸ਼ਬਦ ਜਾਂ ਇੱਕ ਪੰਗਤੀ ਤਾਂ ਕੀ ਇੱਕ ਅੱਖਰ ਦੀ ਵੀ ਮਿਲਾਵਟ ਗੁਰਬਾਣੀ ਵਿੱਚ ਨਹੀਂ ਕਰ ਸਕਿਆ ਤੇ ਇਸੇ ਲਈ ਅੱਜ ਗੁਰਬਾਣੀ ਸਾਡੇ ਕੋਲ ਸ਼ੁੱਧ ਤੇ ਪ੍ਰਮਾਣਿਕ ਰੂਪ ਵਿੱਚ ਮੌਜੂਦ ਹੈ।

ਸੰਨ ੧੭●੬ ਵਿੱਚ ਦਮਦਮਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਭਾਈ ਮਨੀ ਸਿੰਘ ਦੁਆਰਾ ਪੋਥੀ ਸਾਹਿਬ ਨੂੰ ਦੁਬਾਰਾ ਲਿਖਵਾ, ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਜੋੜ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕੀਤੀ; ਜਿਸ

ਨੂੰ ਗੁਰੂ ਸਾਹਿਬ ਨੇ ਸੰਨ ੧੭੦੮ ਵਿੱਚ ਗੁਰਗੱਦੀ ਬਖ਼ਸ਼ ਕੇ ਸਿੱਖਾਂ ਦੇ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ **ਸ਼ਬਦ-ਗੁਰੂ** ਨੂੰ ਹਮੇਸ਼ਾ ਲਈ ਪ੍ਰਗਟ ਕਰ ਦਿੱਤਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਰਤੀ ਭਾਸ਼ਾਵਾਂ ਦਾ ਖ਼ਜ਼ਾਨਾ ਹਨ। ਭਾਵੇਂ ਇਸ ਵਿੱਚ ਸੰਤ ਭਾਸ਼ਾ ਦਾ ਇਸਤੇਮਾਲ ਬਹੁਤ ਹੋਇਆ ਹੈ ਪਰ ਕਈ ਜਗ੍ਹਾ 'ਤੇ ਪੰਜਾਬੀ, ਹਿੰਦੀ, ਮਰਾਠੀ, ਅਰਬੀ, ਫ਼ਾਰਸੀ ਆਦਿ ਵਰਤੀ ਹੈ। ਕਿਤੇ-ਕਿਤੇ ਬੰਗਾਲੀ ਅਤੇ ਬ੍ਰਿਜ ਦੇ ਵੀ ਸ਼ਬਦ ਮਿਲਦੇ ਹਨ। ਕਈ ਭਾਸ਼ਾਵਾਂ ਦੇ ਵੱਖਰੇ-ਵੱਖਰੇ ਰੂਪ ਵੀ ਦੇਖੇ ਜਾ ਸਕਦੇ ਹਨ, ਜਿਵੇਂ ਕਿ ਪੂਰਬੀ ਹਿੰਦੀ ਤੇ ਪੱਛਮ ਦੀਆਂ ਉਪ ਭਾਸ਼ਾਵਾਂ ਕਈ ਸੰਤ ਕਵੀਆਂ ਨੇ ਵਰਤੀਆਂ ਹਨ। ਪੰਜਾਬੀ ਦੇ ਵੀ ਕਈ ਰੂਪ ਹਨ ਜਿਵੇਂ ਕਿ ਲਹਿੰਦੀ ਤੇ ਸਿੰਧੀ, ਜੋ ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਵਿੱਚ ਦੇਖਣ ਨੂੰ ਮਿਲਦੇ ਹਨ। ਸੰਸਕ੍ਰਿਤ ਦਾ ਇਸਤੇਮਾਲ ਸਹਸਕ੍ਰਿਤੀ ਸਲੋਕਾਂ ਵਿੱਚ, ਗਾਥਾ ਸਲੋਕਾਂ ਤੇ ਜੈਤਸਰੀ ਕੀ ਵਾਰ ਵਿੱਚ ਆਏ ਸਲੋਕਾਂ ਵਿੱਚ ਦੇਖਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਅਤੇ ਸੰਤਾਂ-ਭਗਤਾਂ ਨੇ ਕੁਝ ਐਸੇ ਸ਼ਬਦ ਵੀ ਵਰਤੇ ਹਨ ਜਿਹੜੇ ਕਿ ਉਨ੍ਹਾਂ ਦੁਆਰਾ ਉਚਾਰੇ ਗਏ ਹਨ, ਜੋ ਕਿਸੇ ਵੀ ਭਾਸ਼ਾ ਵਿੱਚ ਨਹੀਂ ਮਿਲਦੇ। ਭਾਵੇਂ ਕਈ ਭਾਰਤੀ ਭਾਸ਼ਾਵਾਂ ਦਾ ਸੁਮੇਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ ਪਰ ਇਸ ਗ੍ਰੰਥ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਸਭ ਤੋਂ ਜ਼ਿਆਦਾ ਪਹਿਚਾਨ ਪੰਜਾਬੀ ਭਾਸ਼ਾ ਨੂੰ ਮਿਲੀ ਹੈ। ਗੁਰੂ ਸਾਹਿਬਾਨ ਨੇ ਬੋਲ-ਚਾਲ ਦੀ ਲੋਕ ਭਾਸ਼ਾ ਨੂੰ ਸਾਹਿਤਕ ਭਾਸ਼ਾ ਬਣਾ ਦਿੱਤਾ।

## ਬਾਣੀ ਰਚਣਹਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਛੇ ਗੁਰੂ ਸਾਹਿਬਾਨ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਧਰਮਾਂ, ਇਲਾਕਿਆਂ, ਫਿਰਕਿਆਂ, ਭਾਸ਼ਾਵਾਂ, ਸੰਪ੍ਰਦਾਵਾਂ ਨਾਲ ਸੰਬੰਧਿਤ ਪ੍ਰਭੂ ਦੀ ਉਸਤਤ ਵਿੱਚ ਲੀਨ ਹੋਏ ਆਤਮ-ਦਰਸੀ ੧੫ ਭਗਤਾਂ, ੧੧ ਭੱਟਾਂ ਅਤੇ ੩ ਗੁਰਸਿੱਖਾਂ ਦੀ ਬਾਣੀ ੩੧ ਰਾਗਾਂ ਅਤੇ ੫੮੭੪ ਸ਼ਬਦਾਂ ਵਿੱਚ ੧੪੩੦ ਪੰਨਿਆਂ 'ਤੇ ਸੁਭਾਇਮਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਛੇ ਗੁਰੂ ਸਾਹਿਬਾਨ ਦੀ ਬਾਣੀ ਨਾਨਕ ਪਦ ਹੇਠ ਦਰਜ ਹੈ, ਪਰੰਤੂ ਇਹ ਸਮਝਣ ਵਾਸਤੇ ਕਿ ਕਿਹੜੀ ਬਾਣੀ ਕਿਸ ਗੁਰੂ ਸਾਹਿਬਾਨ ਦੀ ਹੈ ਹਰ ਸ਼ਬਦ ਉੱਪਰ "ਮਹੱਲਾ" ਸ਼ਬਦ ਦਰਸਾਇਆ ਗਿਆ ਹੈ ਜਿਸ ਤਰ੍ਹਾਂ ਕਿ ਪਹਿਲੇ ਮਹਿਲ (ਸਰੂਪ) ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸ਼ਬਦ 'ਮਹਲਾ ੧' ਤੋਂ ਸ਼ੁਰੂ ਹੁੰਦੇ ਹਨ। ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਪ੍ਰਥਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਹਲਾ ੨,੩,੪,੫, ਅਤੇ ੯ ਦੀ ਵਰਤੋਂ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ "ਮਹਲਾ" ਸ਼ਬਦ ਦੇ ਉਚਾਰਨ ਦਾ ਸਿੱਖ ਜਗਤ ਵਿੱਚ ਬਹੁਤ ਮਤਭੇਦ ਹੈ। ਕੁਝ ਪ੍ਰੇਮੀ "ਮਹੱਲਾ" ਅਤੇ ਕੁਝ "ਮਹਲਾ" ਉਚਾਰਨ ਕਰਦੇ ਹਨ। ਪਰ "ਮਹਲਾ" ਦਾ ਸ਼ੁੱਧ ਉਚਾਰਨ "ਮਹੱਲਾ" ਜ਼ਿਆਦਾ ਢੁਕਵਾਂ ਹੈ। ਡਾ. ਪਿਆਰਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਸਮਸ਼ੇਰ ਸਿੰਘ ਅਸ਼ੋਕ ਅਤੇ ਸਿੱਖ ਜਗਤ ਦੀਆਂ ਅਨੇਕਾਂ ਸੰਪ੍ਰਦਾਵਾਂ ਜਿਵੇਂ ਕਿ ਸੰਤ ਅਤਰ ਸਿੰਘ ਜੀ, ਦਮਦਮੀ ਟਕਸਾਲ, ਸੇਵਾ ਪੰਥੀ ਆਦਿ ਇਸ ਦੇ ਹਾਮੀ ਹਨ।

## ਗੁਰਬਾਣੀ ਵਿੱਚ ਰਾਗਾਂ ਦੀ ਵਰਤੋਂ

ਗੁਰੂ ਸਾਹਿਬਾਨ ਨੇ ਅਕਾਲ ਪੁਰਖ ਨੂੰ ਮਿਲਣ ਦਾ ਮਾਰਗ ਵੈਰਾਗਮਈ ਪ੍ਰੇਮ ਦਰਸਾਇਆ ਹੈ।

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥**

(ਸੁਧਾ ਸਵੱਯੇ)

ਪ੍ਰੇਮ ਦਾ ਅਰਥ ਹੈ 'ਮੈਂ' ਅਥਵਾ ਹਉਮੈ ਤੋਂ ਪਰੇ। ਬਾਣੀ ਇਨਸਾਨ ਨੂੰ ਕੇਵਲ ਪ੍ਰਭੂ ਦੇ ਮਿਲਾਪ ਲਈ ਪ੍ਰੇਰਿਤ ਕਰਦੀ ਹੈ ਅਤੇ ਉਸ ਦਾ ਮਾਰਗ ਦਰਸਾਉਂਦੀ ਹੈ। ਪ੍ਰਭੂ-ਪ੍ਰੇਮ ਵਾਸਤੇ ਗੁਰੂ ਸਾਹਿਬਾਨ ਨੇ ਬਾਣੀ ਵਿੱਚ ਰਾਗਾਂ ਦੀ ਵਰਤੋਂ ਕੀਤੀ। ਰਾਗ ਦਾ ਪ੍ਰਭਾਵ ਮਨ ਦੀ ਰੁਚੀ 'ਤੇ ਐਸਾ ਗਹਿਰਾ ਪੈਂਦਾ ਹੈ ਕਿ ਪੱਥਰ ਦਿਲ ਵੀ ਮੋਮ ਹੋ ਕੇ ਸੱਚ ਦੇ ਮਾਰਗ ਵੱਲ ਆਕਰਸ਼ਿਤ ਹੁੰਦੇ ਹਨ।

ਜਪੁ ਜੀ ਸਾਹਿਬ ਅਤੇ ਅੰਗ ਨੰ: ੧੩੫੩ ਤੋਂ ਲੈ ਕੇ ੧੪੩੦ ਤੱਕ ਨੂੰ ਛੱਡ ਕੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਕੀ ਸਾਰੀਆਂ ਰਚਨਾਵਾਂ ੩੧ ਰਾਗਾਂ ਵਿੱਚ ਵੰਡੀਆਂ ਹੋਈਆਂ ਹਨ, ਜਿਨ੍ਹਾਂ ਦਾ ਬਿਉਰਾ ਇਸ ਪ੍ਰਕਾਰ ਹੈ:-

ਸਿਰੀ ਰਾਗੁ, ਰਾਗੁ ਮਾਝ, ਰਾਗੁ ਗਉੜੀ, ਰਾਗੁ ਆਸਾ, ਰਾਗੁ ਗੂਜਰੀ, ਰਾਗੁ ਦੇਵਗੰਧਾਰੀ, ਰਾਗੁ ਬਿਹਾਗੜਾ, ਰਾਗੁ ਵਡਹੰਸ, ਰਾਗੁ ਸੋਰਠਿ, ਰਾਗੁ ਧਨਾਸਰੀ, ਰਾਗੁ ਜੈਤਸਰੀ, ਰਾਗੁ ਟੋਡੀ, ਰਾਗੁ ਬੈਰਾੜੀ, ਰਾਗੁ ਤਿਲੰਗ, ਰਾਗੁ ਸੂਹੀ, ਰਾਗੁ ਬਿਲਾਵਲੁ, ਰਾਗੁ ਗੋਂਡ, ਰਾਗੁ ਰਾਮਕਲੀ, ਰਾਗੁ ਨਟ ਨਾਰਾਇਣ, ਰਾਗੁ ਮਾਲੀ ਗਉੜਾ, ਰਾਗੁ ਮਾਰੂ, ਰਾਗੁ ਤੁਖਾਰੀ, ਰਾਗੁ ਕੇਦਾਰਾ, ਰਾਗੁ ਭੈਰਉ, ਰਾਗੁ ਬਸੰਤ, ਰਾਗੁ ਸਾਰੰਗ, ਰਾਗੁ ਮਲਾਰ, ਰਾਗੁ ਕਾਨੜਾ, ਰਾਗੁ ਕਲਿਆਨ, ਰਾਗੁ ਪ੍ਰਭਾਤੀ ਅਤੇ ਰਾਗੁ ਜੈਜਾਵੰਤੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ਣੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜਦੋਂ ਕੀਰਤਪੁਰ ਸਾਹਿਬ ਗਏ ਤਾਂ ਉਨ੍ਹਾਂ ਦੇ ਪੋਤਰੇ ਧੀਰ ਮੱਲ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਕਰਤਾਰਪੁਰ ਸਾਹਿਬ ਵਿਖੇ ਆਪਣੇ ਕਬਜ਼ੇ ਵਿੱਚ ਕਰ ਲਿਆ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਬੋ ਕੀ ਤਲਵੰਡੀ, ਦਮਦਮਾ ਸਾਹਿਬ ਪੰਜਾਬ ਤੋਂ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦੀ ਬਾਣੀ ਸ੍ਰੀ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਨ ਵਾਸਤੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਲਿਆਉਣ ਲਈ ਕੁਝ ਸਿੰਘ ਧੀਰ ਮੱਲ ਵੱਲ ਭੇਜੇ ਧੀਰ ਮੱਲ ਨੇ ਇਹ ਕਹਿੰਦਿਆਂ ਹੋਇਆਂ ਪਾਵਨ ਬੀੜ ਸਾਹਿਬ ਦੇਣੋਂ ਇਨਕਾਰ ਕਰ ਦਿੱਤਾ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਜੋਤ ਹਨ ਤਾਂ ਉਹ ਸ੍ਰੀ ਗ੍ਰੰਥ ਸਾਹਿਬ ਜੀ ਦੀ ਰਚਨਾ ਆਪ ਹੀ ਕਰ ਲੈਣ। ਇਹ ਜਵਾਬ ਸੁਣ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਧੀ ਸਥਿਤ ਅੰਤਰ-ਧਿਆਨ ਹੋ ਕੇ ਸਾਰਾ ਗ੍ਰੰਥ ਸਾਹਿਬ ਆਪਣੇ ਮੁਖਾਰਬਿੰਦ ਤੋਂ ਉਚਾਰ ਕੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ। ਇਸ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਕਰਕੇ ਇੱਕ ਮੁਕੰਮਲ ਇਲਾਹੀ ਗ੍ਰੰਥ ਤਿਆਰ ਕੀਤਾ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ ੧੭੦੮ ਈ: ਵਿੱਚ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਪਰਕਰਮਾਂ ਕਰਕੇ ਮੱਥਾ ਟੇਕਿਆ ਅਤੇ ਗੁਰਿਆਈ ਬਖਸ਼ੀ:

**ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ॥**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥**

## ਛੇ ਗੁਰੂ ਸਾਹਿਬਾਨ ਦੀ ਰਾਗਾਂ ਅਨੁਸਾਰ ਬਾਣੀ ਦਾ ਬਿਉਰਾ

| ਗੁਰੂ ਸਾਹਿਬਾਨ | ਸ਼ਬਦ | ਰਾਗ | ਰਾਗਾਂ ਦਾ ਵੇਰਵਾ |
|---|---|---|---|
| **ਗੁਰੂ ਨਾਨਕ ਦੇਵ ਜੀ** | 977 | 19 | ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। |
| **ਗੁਰੂ ਅੰਗਦ ਦੇਵ ਜੀ** | 63 ਸਲੋਕ | | ਵਾਰਾਂ ਵਿੱਚ |
| **ਗੁਰੂ ਅਮਰਦਾਸ ਜੀ** | 907 | 17 | ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। |
| **ਗੁਰੂ ਰਾਮਦਾਸ ਜੀ** | 679 | 30 | ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਨ ਅਤੇ ਪ੍ਰਭਾਤੀ |
| **ਗੁਰੂ ਸਾਹਿਬਾਨ** | **ਸ਼ਬਦ** | **ਰਾਗ** | **ਰਾਗਾਂ ਦਾ ਵੇਰਵਾ** |
| **ਗੁਰੂ ਅਰਜਨ ਦੇਵ ਜੀ** | 2218 | 30 | ਉਪਰੋਕਤ ਲਿਖੇ 30 ਰਾਗ |
| **ਗੁਰੂ ਤੇਗ਼ ਬਹਾਦਰ ਜੀ** | 116 | 15 | ਗਉੜੀ, ਆਸਾ, ਗੂਜਰੀ, ਬਿਹਾਗੜਾ, ਸੋਰਠਿ, ਜੈਤਸਰੀ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ ਅਤੇ ਜੈਜਾਵੰਤੀ। |

## ਪੰਦਰਾਂ ਭਗਤਾਂ ਦੀ ਬਾਣੀ

| ਭਗਤ | ਸ਼ਬਦ | ਇਲਾਕਾ | ਜਾਤ | ਕਾਲ-ਈ: |
|---|---|---|---|---|
| ਭਗਤ ਫ਼ਰੀਦ ਜੀ | 116 | ਮੁਲਤਾਨ | ਮੁਸਲਮਾਨ | 1173-1266 |
| ਭਗਤ ਜੈ ਦੇਵ ਜੀ | 2 | ਬੰਗਾਲ | ਬ੍ਰਾਹਮਣ | 1201-1273 |
| ਭਗਤ ਤ੍ਰਿਲੋਚਨ ਜੀ | 4 | ਮਹਾਂਰਾਸ਼ਟਰ | ਵੈਸ਼ | 1267-1335 |
| ਭਗਤ ਨਾਮ ਦੇਵ ਜੀ | 61 | ” | ਛੀਂਬੇ | 1270-1350 |
| ਭਗਤ ਸਧਨਾ ਜੀ | 1 | ਸਿੰਧ | ਕਸਾਈ | 1270-1350 |
| ਭਗਤ ਰਾਮਾਨੰਦ ਜੀ | 1 | ਤਾਮਿਲਨਾਂਡੂ | ਗੌਂਡ ਬ੍ਰਾਹ. | 1366-1467 |
| ਭਗਤ ਰਵਿਦਾਸ ਜੀ | 40 | ਉੱਤਰ ਪ੍ਰਦੇਸ਼ | ਚਮਾਰ | 1378-1529 |
| ਭਗਤ ਸੈਣ ਜੀ | 1 | ਰਾਜਸਥਾਨ | ਨਾਈ | 1390-1440 |
| ਭਗਤ ਕਬੀਰ ਜੀ | 535 | ਉੱਤਰ ਪ੍ਰਦੇਸ਼ | ਮੁਸ਼ ਜੁਲਾਹਾ | 1398-1518 |
| ਭਗਤ ਧੰਨਾ ਜੀ | 4 | ਰਾਜਸਥਾਨ | ਜੱਟ | 1415-1475 |
| ਭਗਤ ਪੀਪਾ ਜੀ | 1 | ” | ਰਾਜਪੂਤ | 1426-1562 |
| ਭਗਤ ਸੂਰਦਾਸ ਜੀ | 1 | ਉੱਤਰ ਪ੍ਰਦੇਸ਼ | ਬ੍ਰਾਹਮਣ | 1529- |
| ਭਗਤ ਭੀਖਣ ਜੀ | 2 | ” | ਮੁਸਲਮਾਨ | 1480-1573 |
| ਭਗਤ ਪਰਮਾਨੰਦ ਜੀ | 1 | ਮਹਾਂਰਾਸ਼ਟਰ | ਬ੍ਰਾਹਮਣ | 1483-1593 |
| ਭਗਤ ਬੇਣੀ ਜੀ | 3 | ਬਿਹਾਰ | ਬ੍ਰਾਹਮਣ | .......... |

## ਗੁਰੂ-ਘਰ ਦੇ ਤਿੰਨ ਗੁਰਸਿੱਖਾਂ ਦੀ ਬਾਣੀ

| | | |
|---|---|---|
| ਰਬਾਬੀ ਬਲਵੰਡ ਜੀ | ਮੁਸਲਮਾਨ | 5 ਪਉੜੀਆਂ |
| ਰਬਾਬੀ ਸੱਤਾ ਜੀ | ਮੁਸਲਮਾਨ | 3 ਪਉੜੀਆਂ |
| ਬਾਬਾ ਸੁੰਦਰ ਜੀ | ਖੱਤਰੀ | 6 ਬੰਦ |

## ਗਿਆਰਾਂ ਅਰਸ਼ੀ ਭੱਟਾਂ ਦੀ ਬਾਣੀ

| | |
|---|---|
| ਭੱਟ ਕਲਸਹਾਰ ਜੀ | 54 ਸ਼ਬਦ ਸਵੱਯੇ |
| ਭੱਟ ਗਯੰਦ ਜੀ | 13 ” |
| ਭੱਟ ਭਿਖਾ ਜੀ | 2 ” |
| ਭੱਟ ਕੀਰਤ ਜੀ | 8 ” |
| ਭੱਟ ਮਥੁਰਾ ਜੀ | 14 ” |
| ਭੱਟ ਜਾਲਪ ਜੀ | 5 ” |
| ਭੱਟ ਸਲ੍ਹ ਜੀ | 3 ” |
| ਭੱਟ ਭਲ੍ਹ ਜੀ | 1 ” |
| ਭੱਟ ਬਲ੍ਹ ਜੀ | 5 ” |

| | | |
|---|---|---|
| ਭੱਟ ਹਰਿਬੰਸ ਜੀ | 2 | ” |
| ਭੱਟ ਨਲ੍ਹ ਜੀ | 16 | ” |

## ਸਮੁੱਚੀ ਮਾਨਵਤਾ ਦਾ ਰੂਹਾਨੀ ਗ੍ਰੰਥ

ਗੁਰੂ ਗ੍ਰੰਥ ਸਾਹਿਬ ਸਾਰੀ ਮਾਨਵਤਾ ਦਾ ਰੂਹਾਨੀ ਅਥਵਾ Interfaith ਗ੍ਰੰਥ ਹੈ। ਜੋ ਸਾਰੇ ਸੰਸਾਰ ਲਈ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਇਸ ਪਾਵਨ ਗ੍ਰੰਥ ਵਿੱਚ ਦਸ ਗੁਰੂ ਸਾਹਿਬਾਨਾਂ ਵਿੱਚੋਂ ਸਿਰਫ ਛੇ ਗੁਰੂ ਸਾਹਿਬਾਨ ਦੀ ਹੀ ਬਾਣੀ ਦਰਜ਼ ਹੈ, ਇਸ ਤੋਂ ਇਲਾਵਾ 15 ਭਗਤਾਂ ਦੀ ਬਾਣੀ ਦਰਜ਼ ਹੈ। ਇਨ੍ਹਾਂ 15 ਭਗਤਾਂ ਵਿੱਚੋਂ ਹਿੰਦੂ ਧਰਮ ਨਾਲ ਸੰਬੰਧਿਤ ਉੱਚ ਜਾਤੀ ਦੇ ਗੌਂਡ-ਬ੍ਰਾਹਮਣ ਭਗਤ ਰਾਮਾਨੰਦ ਜੀ, ਰਾਜਪੂਤ-ਰਾਜੇ ਭਗਤ ਪੀਪਾ ਜੀ, ਭਗਤ ਜੈਦੇਵ ਜੀ, ਭਗਤ ਸੂਰਦਾਸ ਜੀ ਤੇ ਭਗਤ ਪਰਮਾਨੰਦ ਜੀ ਵਰਗੇ ਉੱਚ ਜਾਤੀ ਦੇ ਬ੍ਰਾਹਮਣ ਭਗਤ ਵੀ ਹਨ ਤੇ ਦੂਜੇ ਪਾਸੇ ਨੀਵੀ ਸਮਝੀ ਜਾਂਦੀ ਜਾਤ ਦੇ ਭਗਤ ਰਵਿਦਾਸ ਜੀ, ਨਾਈ ਭਗਤ ਸੈਣ ਜੀ, ਜੁਲਾਹੇ ਭਗਤ ਕਬੀਰ ਜੀ, ਛੀਂਬੇ ਭਗਤ ਨਾਮਦੇਵ ਜੀ ਤੇ ਕਸਾਈ ਭਗਤ ਸਧਨਾ ਜੀ ਆਦਿ ਦੀ ਬਾਣੀ ਵੀ ਦਰਜ਼ ਹੈ। ਇਹਨਾਂ 15 ਭਗਤਾਂ ਵਿੱਚੋਂ ਭਗਤ ਫਰੀਦ ਜੀ ਤੇ ਭਗਤ ਭੀਖਣ ਜੀ ਮੁਸਲਮਾਨ ਸਨ। ਬਾਬਾ ਸੱਤਾ ਜੀ ਤੇ ਬਾਬਾ ਬਲਵੰਡਾ ਜੀ ਜਿਨ੍ਹਾਂ ਦੀ ਇੱਕ 'ਵਾਰ' ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮਕਲੀ ਰਾਗ ਵਿੱਚ ਦਰਜ਼ ਹੈ, ਉਨ੍ਹਾਂ ਦਾ ਪਿਛੋਕੜ ਵੀ ਇਸਲਾਮ ਨਾਲ ਹੀ ਜੁੜਦਾ ਹੈ। ਉਪਰੋਕਤ ਸਾਰੇ ਭਗਤ ਆਪਣੇ-ਆਪਣੇ ਧਰਮਾਂ ਦੇ ਅਸੂਲਾਂ ਦਾ ਪਾਲਣ ਕਰਦੇ ਹੋਏ, ਮਨ ਵਿੱਚ ਪਰਮਾਤਮਾ ਨੂੰ ਮਿਲਣ ਦੀ ਸੱਚੀ ਸ਼ਰਧਾ ਹੋਣ ਕਰਕੇ ਆਤਮਦਰਸ਼ੀ ਅਥਵਾ ਬ੍ਰਹਮਗਿਆਨੀ ਬਣ ਚੁੱਕੇ ਸਨ ਅਤੇ ਗੁਰਬਾਣੀ ਦੇ ਬਚਨ ਹਨ ਕਿ ‘**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ**’ ਭਾਵ ਉਹ ਪਰਮੇਸ਼ਰ ਦਾ ਰੂਪ ਬਣ ਚੁੱਕੇ ਸਨ।

ਇਸ ਤੋਂ ਇਲਾਵਾ 11 ਉੱਚ ਕੋਟੀ ਦੇ ਬ੍ਰਾਹਮਣ ਭੱਟ ਜੋ ਭਾਰਤ ਦੇ ਸਾਰੇ ਤੀਰਥ ਅਸਥਾਨਾਂ ’ਤੇ ਬ੍ਰਹਮ ਗਿਆਨ ਲਈ ਭਟਕਦੇ ਫਿਰਦੇ ਸਨ। ਉਹ ਬੜੇ ਸਾਧੂ-ਸੰਤਾਂ ਕੋਲ ਵੀ ਗਏ ਤਾਂ ਜੋ ਕੋਈ ਉਨ੍ਹਾਂ ਨੂੰ ਬ੍ਰਹਮ ਗਿਆਨ ਦੇ ਸਕੇ। ਪਰ ਉਨ੍ਹਾਂ ਦੀ ਇਹ ਇੱਛਾ ਕਿਤਿਓਂ ਵੀ ਪੂਰੀ ਨਾ ਹੋਈ। ਜਦੋਂ ਉਨ੍ਹਾਂ ਨੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਆ ਕੇ ਗੁਰੂ ਅਰਜਨ ਦੇਵ ਜੀ ਦੀ ਸੇਵਾ ਤੇ ਸੰਗਤ ਕੀਤੀ ਤਾਂ ਗੁਰੂ ਜੀ ਦੇ ਬਚਨ ਸੁਣ ਕੇ ਉਨ੍ਹਾਂ ਦੇ ਸਾਰੇ ਸੰਕੇ ਦੂਰ ਹੋ ਗਏ ਤੇ ਉਹ ਗੁਰੂ ਜੀ ਦਾ ਉਪਦੇਸ਼ ਕਮਾਉਂਦੇ ਹੋਏ ਨਾਮ-ਬਾਣੀ ਜਪ ਕੇ ਆਤਮਦਰਸ਼ੀ ਬਣ ਗਏ। ਉਨ੍ਹਾਂ ਆਤਮਦਰਸ਼ੀ ਬ੍ਰਾਹਮਣ ਭੱਟਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ।

ਅਜਿਹਾ ਅੱਜ ਤੱਕ ਕਿਸੇ ਧਰਮ ਵਿੱਚ ਨਹੀਂ ਹੋਇਆ। ਬਾਕੀ ਸਭ ਧਰਮ ਗ੍ਰੰਥਾਂ ਵਿੱਚ ਸਿਰਫ ਉਸ ਧਰਮ ਦੇ ਰਹਿਬਰ, ਪੈਗੰਬਰ, ਅਵਤਾਰ ਦੀ ਬਾਣੀ ਹੀ ਦਰਜ਼ ਹੈ ਤੇ ਹੋਰ ਕਿਸੇ ਧਰਮ ਦੇ ਆਤਮਦਰਸ਼ੀ ਅਥਵਾ ਬ੍ਰਹਮਗਿਆਨੀ ਦੀ ਬਾਣੀ ਦਰਜ਼ ਨਹੀਂ ਹੈ। ਸਿੱਖ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦਾ ਹੈ ਤਾਂ ਉਹ ਸਿਰਫ ਛੇ ਗੁਰੂ ਸਾਹਿਬਾਨ ਦੀ ਬਾਣੀ ਅੱਗੇ ਹੀ ਮੱਥਾ ਨਹੀਂ ਟੇਕਦਾ ਬਲਕਿ ਉਪਰੋਕਤ ਸਭ ਹਿੰਦੂ ਅਤੇ ਮੁਸਲਮਾਨ ਭਗਤਾਂ ਦੀ ਬਾਣੀ ਨੂੰ ਵੀ ਮੱਥਾ ਟੇਕਦਾ ਹੈ। ਸਿੱਖ ਸਾਰੀ ਹੀ ਬਾਣੀ ਨੂੰ ਗੁਰੂ ਰੂਪ ਜਾਣਦਾ ਹੈ, ਕਿਉਂਕਿ ਉਸ ਲਈ ਗੁਰੂ ਜੀ ਦਾ ਹੁਕਮ ਹੈ ਕਿ “**ਬਾਣੀ ਗੁਰੂ, ਗੁਰੂ ਹੈ ਬਾਣੀ; ਵਿਚਿ ਬਾਣੀ ਅੰਮ੍ਰਿਤੁ ਸਾਰੇ॥**” ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ Interfaith ਦਾ ਇੱਕ ਰੂਹਾਨੀ ਗ੍ਰੰਥ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰੇ ਸੰਸਾਰ ਲਈ ਸਾਂਝੀਵਾਲਤਾ ਦਾ ਉਪਦੇਸ਼ ਇਸ ਪ੍ਰਕਾਰ ਹੈ :

**ਏਕੁ ਪਿਤਾ ਏਕਸ ਕੇ ਹਮ ਬਾਰਿਕ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੬੧੧)

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੩੪੯)

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥**
**ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥੪॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੭੪੮)

**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੯੭)

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੨੯੯)

ਗੁਰੂ ਸਾਹਿਬ ਜੀ ਨੇ ਮਜ਼੍ਹਬ ਦਾ ਵਿਤਕਰਾ ਨਾ ਕਰਦੇ ਹੋਏ ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਕਾਲ ਪੁਰਖ ਦੇ ਕਈ ਅਨੇਕਾਂ ਨਾਮ ਵਰਤੇ ਹਨ:-

| **ਨਾਮ** | **ਸੰਖਿਆ** | **ਨਾਮ** | **ਸੰਖਿਆ** |
|---|---|---|---|
| ਹਰੀ | ੮੩੪੪ ਵਾਰ | ਨਾਰਾਇਣ | ੮੯ ਵਾਰ |
| ਰਾਮ | ੨੫੩੩ ਵਾਰ | ਅੰਤਰਜਾਮੀ | ੬੧ ਵਾਰ |
| ਪ੍ਰਭੂ | ੧੩੭੧ ਵਾਰ | ਜਗਦੀਸ | ੬● ਵਾਰ |
| ਗੋਪਾਲ | ੪੯੧ ਵਾਰ | ਸਤਿਨਾਮੁ | ੫੯ ਵਾਰ |
| ਗੋਬਿੰਦ | ੪੭੫ ਵਾਰ | ਮੋਹਨ | ੫੪ ਵਾਰ |
| ਪਰਮਾਤਮਾ | ੩੨੪ ਵਾਰ | ਅੱਲਾ | ੪੬ ਵਾਰ |
| ਕਰਤਾ | ੨੨੮ ਵਾਰ | ਭਗਵਾਨ | ੩● ਵਾਰ |
| ਠਾਕੁਰ | ੨੧੬ ਵਾਰ | ਨਿਰੰਕਾਰ | ੨੯ ਵਾਰ |
| ਦਾਤਾ | ੧੫੧ ਵਾਰ | ਕ੍ਰਿਸ਼ਨ | ੨੨ ਵਾਰ |
| ਪਰਮੇਸ਼ਰ | ੧੩੯ ਵਾਰ | ਵਾਹਿਗੁਰੂ | ੧੩ ਵਾਰ |
| ਮੁਰਾਰੀ | ੯੭ ਵਾਰ | ਵਾਹਗੁਰੂ | ੩ ਵਾਰ |

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਸਮੁੱਚੀ ਮਾਨਵਤਾ ਦੇ ਭਲੇ ਵਾਸਤੇ ਹੈ, ਭਾਵੇਂ ਉਹ ਕਿਸੇ ਧਰਮ, ਮਜ਼੍ਹਬ ਜਾਂ ਕਿਸੇ ਮੁਲਕ ਦਾ ਵੀ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ **ਸ਼ਬਦ-ਗੁਰੂ** ਨਿਰਾਕਾਰ ਹਨ। ਇਸ ਕਰਕੇ ਇਹ ਸੰਸਾਰਿਕ ਦੁੱਖਾਂ-ਸੁੱਖਾਂ ਤੋਂ ਉੱਤੇ ਹਨ। ਇਨ੍ਹਾਂ ਦਾ ਪਿਆਰ-ਸਤਿਕਾਰ ਸਧਾਰਨ ਰੁਮਾਲਿਆਂ (ਪੁਸ਼ਾਕਿਆਂ) ਨਾਲ ਹੀ ਕੀਤਾ ਜਾਣਾ ਚਾਹੀਦਾ ਹੈ। ਕੀਮਤੀ ਪੁਸ਼ਾਕੇ, ਏਅਰ ਕੰਡੀਸ਼ਨਰ ਆਦਿ ਨਾਲ ਇਨ੍ਹਾਂ ਦੀ ਪ੍ਰਸਨੰਤਾ ਨਹੀਂ ਲਈ ਜਾ ਸਕਦੀ। ਇਨ੍ਹਾਂ ਦੀ ਬਖਸ਼ਸ਼ ਉਹੋ ਹੀ ਲਏਗਾ, ਜੋ ਗੁਰੂ ਸਾਹਿਬ ਦਾ ਉਪਦੇਸ਼ ਕਮਾਏਗਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਸਾਰੇ ਧਰਮਾਂ ਦੇ ਸ਼ਰਧਾਲੂਆਂ ਤੇ ਆਗੂਆਂ ਨੂੰ ਆਪਣੇ-ਆਪਣੇ ਧਰਮ ਵਿੱਚ ਪਰਪੱਕ ਰਹਿਣ ਦਾ ਉਪਦੇਸ਼** :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਤੇ ਵੀ ਬਾਕੀ ਹੋਰ ਧਰਮਾਂ ਦੇ ਗ੍ਰੰਥਾਂ ਵਾਂਗ ਇਹ ਨਹੀਂ ਕਿਹਾ ਗਿਆ ਕਿ ਕੋਈ ਜਗਿਆਸੂ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਬਣ ਕੇ ਹੀ ਆਤਮਦਰਸ਼ੀ ਹੋ ਸਕਦਾ ਹੈ, ਬਲਕਿ ਗੁਰੂ ਗ੍ਰੰਥ ਸਾਹਿਬ ਜੀ ਫਰਮਾਉਂਦੇ ਹਨ ਕਿ ਹੇ ਇਨਸਾਨ! ਤੂੰ ਚਾਹੇ ਕਿਸੇ ਵੀ ਜਾਤ ਅਥਵਾ ਧਰਮ ਨਾਲ ਸੰਬੰਧਿਤ ਹੈਂ, ਪਰ ਜੇ ਤੂੰ ਸੱਚੇ ਮਨ ਅਥਵਾ ਪੂਰੇ ਪ੍ਰੇਮ ਤੇ ਸ਼ਰਧਾ ਨਾਲ ਪ੍ਰਭੂ ਦੀ ਭਗਤੀ ਕਰੇਂਗਾ ਤਾਂ ਆਤਮਦਰਸ਼ੀ ਬਣ ਕੇ ਉਸ ਵਿੱਚ ਲੀਨ ਹੋ ਜਾਵੇਂਗਾ। ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਪਾਵਨ ਬਚਨ ਇਸ ਪ੍ਰਕਾਰ ਹਨ :

੧. ਸੰਨਿਆਸੀ ਨੂੰ ਉਪਦੇਸ਼ :

**ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧●੧੩)

੨. ਪੰਡਿਤ ਨੂੰ ਉਪਦੇਸ਼ :

**ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੭੪)

੩. ਬ੍ਰਾਹਮਣ ਨੂੰ ਉਪਦੇਸ਼ :

**ਸੋ ਬ੍ਰਾਹਮਣ ਜੋ ਬ੍ਰਹਮ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੬੬੨)

੪. ਵੈਸ਼ਨੂੰ ਨੂੰ ਉਪਦੇਸ਼ :

**ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੭੪)

੫. ਖਤਰੀ ਨੂੰ ਉਪਦੇਸ਼ :

**ਖਤ੍ਰੀ ਸੋ ਜੁ ਕਰਮਾ ਕਾ ਸੂਰ॥ ਪੁੰਨ ਦਾਨ ਕਾ ਕਰੇ ਸਰੀਰ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੪੧੧)

੬. ਜੋਗੀ ਨੂੰ ਉਪਦੇਸ਼ :

**ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ॥**

**ਗਲੀ ਜੋਗੁ ਨ ਹੋਈ॥**

**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੩੩੨)

੭. ਮੁਸਲਮਾਨ ਨੂੰ ਉਪਦੇਸ਼ :

**ਮੁਸਲਮਾਨ ਮੋਮ ਦਿਲ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੦੮੪)

੮. ਮੁੱਲਾਂ ਨੂੰ ਉਪਦੇਸ਼ :

**ਸੋ ਮੁਲਾਂ ਜੋ ਮਨ ਸਿਉ ਲਰੈ॥ ਗੁਰ ਉਪਦੇਸਿ ਕਾਲ ਸਿਉ ਜੁਰੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੧੫੯)

੯. ਕਾਜੀ ਨੂੰ ਉਪਦੇਸ :

**ਸਚੁ ਕਮਾਵੈ ਸੋਈ ਕਾਜੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੦੮੪)

੧੦. ਸ਼ੇਖ ਨੂੰ ਉਪਦੇਸ਼ :

**ਸੇਖਾ ਚਉਚਕਿਆ ਚਉਵਾਇਆ ਇਹ ਮਨ ਇਕਤ ਘਰ ਆਣ॥**

**ਏਹੜ ਤੇਹੜ ਛਡ ਤੂ ਗੁਰ ਕਾ ਸਬਦ ਪਛਾਣ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੬੪੬)

੧੧. ਹਾਜੀ ਨੂੰ ਉਪਦੇਸ਼ :

**ਜੋ ਦਿਲੁ ਸੋਧੈ ਸੋਈ ਹਾਜੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੦੮੪)

ਇਸ ਤੋਂ ਇਲਾਵਾ ਸਾਰੇ ਗੁਰੂ ਸਾਹਿਬਾਨਾਂ ਨੇ ਆਪਣੇ ਅਮਲੀ ਜੀਵਨ ਦੌਰਾਨ ਵੀ ਆਪਣੇ ਕਿਸੇ ਵੀ ਸ਼ਰਧਾਲੂ ਨੂੰ ਇਹ ਨਹੀਂ ਕਿਹਾ ਕਿ ਉਸ ਦਾ ਉਧਾਰ ਉਨ੍ਹਾਂ ਦਾ ਸਿੱਖ ਬਣਨ ਨਾਲ ਹੀ ਹੋਵੇਗਾ। ਸਾਂਈ ਬੁੱਢਣ ਸ਼ਾਹ, ਸਾਂਈ ਮੀਆਂ ਮੀਰ, ਪੈਂਦੇ ਖਾਂ, ਪੀਰ ਬੁੱਧੂ ਸ਼ਾਹ, ਸੈਦ ਬੇਗ, ਸੈਦ ਖਾਂ, ਗਨੀ ਖਾਂ, ਨਬੀ ਖਾਂ ਵਰਗੇ ਅਨੇਕਾਂ ਮੁਸਲਮਾਨ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਹੋਏ ਤੇ ਗੁਰੂ ਸਾਹਿਬ ਜੀ ਉਨ੍ਹਾਂ ਦੀ ਅਧਿਆਤਮਕ ਪੱਖੋਂ ਅਗਵਾਈ ਵੀ ਕਰਦੇ ਰਹੇ, ਪਰ ਗੁਰੂ ਜੀ ਨੇ ਕਦੇ ਵੀ ਉਨ੍ਹਾਂ ਨੂੰ ਆਪਣਾ ਧਰਮ ਛੱਡ ਕੇ ਸਿੱਖ ਬਣਨ ਲਈ ਨਹੀਂ ਕਿਹਾ, ਬਲਕਿ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਧਰਮ ਵਿੱਚ ਪਰਪੱਕ ਰਹਿਣ ਦਾ ਹੀ ਉਪਦੇਸ਼ ਦਿੱਤਾ। ਕਰਤਾਰਪੁਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿੱਥੇ ਆਪਣੇ ਸਿੱਖਾਂ ਲਈ ਧਰਮਸ਼ਾਲਾ ਬਣਵਾਈ, ਉੱਥੇ ਮੁਸਲਮਾਨ ਸ਼ਰਧਾਲੂਆਂ ਲਈ ਇੱਕ ਮਸੀਤ ਵੀ ਬਣਵਾਈ। ਗੁਰੂ ਸਾਹਿਬ ਜੀ ਦੁਆਰਾ ਪਾਲਿਆ ਤੇ ਸ਼ਸ਼ਤਰ ਵਿਦਿਆ ਵਿੱਚ ਨਿਪੁੰਨ ਕੀਤਾ ਗਿਆ ਪੈਂਦੇ ਖਾਂ ਜਦੋਂ ਅਕ੍ਰਿਤਘਣਤਾ ਕਰਦਾ ਹੋਇਆ, ਗੁਰੂ ਜੀ ਦਾ ਦੁਸ਼ਮਣ ਬਣ ਕੇ ਲੜਨ ਲਈ ਸਾਹਮਣੇ ਆ ਖਲੋਤਾ ਤਾਂ ਗੁਰੂ ਸਾਹਿਬ ਜੀ ਨੇ ਉਸ ਨੂੰ ਪਹਿਲਾਂ ਤਿੰਨ ਵਾਰ (ਹਮਲੇ) ਕਰਨ ਦਾ ਮੌਕਾ ਦਿੱਤਾ ਤੇ ਫਿਰ ਆਪਣੇ ਇੱਕ ਹੀ ਵਾਰ ਨਾਲ ਉਸ ਨੂੰ ਜਖਮੀ ਕਰਕੇ ਘੋੜੇ ਤੋਂ ਥੱਲੇ ਸੁੱਟ ਦਿੱਤਾ। ਗੁਰੂ ਸਾਹਿਬ ਜੀ ਨੇ ਤੁਰੰਤ ਘੋੜੇ ਤੋਂ ਉੱਤਰ ਕੇ ਉਸ ਦੇ ਮੂੰਹ 'ਤੇ ਆਪਣੀ ਢਾਲ ਨਾਲ ਛਾ ਕੀਤੀ ਤੇ ਕਿਹਾ, "ਪੈਂਦੇ ਖਾਂ! ਪੜ੍ਹ ਆਪਣੇ ਧਰਮ ਦਾ ਕਲਮਾ।" ਗੁਰੂ ਨਾਨਕ ਦੇਵ ਜੀ ਦਾ ਜਾਂ ਸਿੱਖੀ ਦੇ ਅਸੂਲਾਂ ਅਨੁਸਾਰ ਨਾਮ ਜਪਣ ਲਈ ਨਹੀਂ ਕਿਹਾ, ਕਿਉਂਕਿ ਗੁਰੂ ਸਾਹਿਬ ਜੀ ਦੀ ਨਿਗਾਹ ਵਿੱਚ ਅੱਲਾ ਤੇ ਵਾਹਿਗੁਰੂ ਇੱਕ ਹੀ ਰੂਪ ਸਨ। ਸਿਸਕਦੇ ਹੋਏ ਪੈਂਦੇ ਖਾਂ ਨੇ ਕਿਹਾ, "ਹਜ਼ੂਰ ਦੀ ਕਿਰਪਾਨ ਅਥਵਾ ਆਪ ਜੀ ਦੀ ਮਿਹਰ ਹੀ ਮੇਰਾ ਕਲਮਾ ਹੈ।"

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੇ ਸ੍ਰੋਮਣੀ ਧਰਮ ਅਸਥਾਨ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਤੋਂ ਰਖਵਾਈ ਤੇ ਇਸ ਦੇ ਦਰਵਾਜੇ ਵੀ ਚਾਰ ਰੱਖੇ, ਜੋ ਇਸ ਗੱਲ ਦਾ ਪ੍ਰਤੀਕ ਹਨ ਕਿ ਇਸ ਬੰਦਗੀਖਾਨੇ ਦੇ ਦਰਵਾਜੇ ਚਹੁ ਵਰਨਾ ਲਈ ਖੁੱਲ੍ਹੇ ਹਨ ਤੇ ਇਹ ਸਭ ਦਾ ਸਾਂਝਾ ਹੈ। ਉਨ੍ਹਾਂ ਦੇ ਪਾਵਨ ਬਚਨ ਹਨ :

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੭੪੭ )

ਗੁਰੂ ਤੇਗ ਬਹਾਦਰ ਜੀ ਨੇ ਤਾਂ ਸਾਂਝੀਵਾਲਤਾ ਦੇ ਸ਼ਿਖਰ ਨੂੰ ਛੂੰਹਦਿਆਂ ਹੋਇਆਂ ਆਪਣੀ ਕੁਰਬਾਨੀ ਹੀ ਦੂਜੇ ਧਰਮ (ਹਿੰਦੂ ਧਰਮ) ਦੀ ਰੱਖਿਆ ਲਈ ਦਿੱਤੀ। ਇਸੇ ਲਈ ਉਨ੍ਹਾਂ ਦੀ ਇਸ ਕਰਨੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ '**ਕੀਨੋ ਬਡੋ ਕਲੂ ਮਹਿ ਸਾਕਾ**' ਕਿਹਾ ਹੈ, ਭਾਵ ਕਲਜੁਗ ਵਿੱਚ ਉਨ੍ਹਾਂ ਨੇ ਸਾਂਝੀਵਾਲਤਾ ਦੀ ਇਹ ਲਾਸਾਨੀ ਮਿਸਾਲ ਕਾਇਮ ਕੀਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਫਰਮਾਉਂਦੇ ਹਨ ਕਿ ਸੰਸਾਰ ਦੇ ਸਾਰੇ ਮਜ਼ਬਾਂ ਦੇ ਇਨਸਾਨ ਇਲਾਹੀ ਹੁਕਮ ਵਿੱਚ ਇੱਕ ਹੀ ਸਰੂਪ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ ਕਿ ਭਾਵੇਂ ਸੰਸਾਰ ਵਿੱਚ ਅਨੇਕਾਂ ਧਰਮ ਹਨ ਤੇ ਉਨ੍ਹਾਂ ਧਰਮਾਂ ਦੇ ਪ੍ਰਭਾਵ ਅਧੀਨ ਮਨੁੱਖਤਾ ਅਨੇਕਾਂ ਵਿਖਰੇਵਿਆਂ ਵਿੱਚ ਵੰਡੀ ਹੋਈ ਨਜ਼ਰ ਆਉਂਦੀ ਹੈ, ਪਰ ਅਸਲ ਵਿੱਚ ਇਹ ਸਭ ਧਰਮਾਂ ਦੇ ਲੋਕ ਇੱਕ ਹੀ ਸਰੂਪ ਹਨ, ਕਿਉਂਕਿ ਇਨ੍ਹਾਂ ਸਾਰਿਆਂ ਨੂੰ ਪੈਦਾ ਕਰਨ ਵਾਲਾ ਪਰਾਮਾਤਮਾ ਇੱਕ ਹੀ ਹੈ ਅਤੇ ਇਨ੍ਹਾਂ ਸਭ ਧਰਮਾਂ ਦੀ ਅੰਤਿਮ ਮੰਜਿਲ ਵੀ ਇੱਕ ਪਰਮਾਤਮਾ ਵਿੱਚ ਲੀਨ ਹੋਣਾ ਹੀ ਹੈ।

ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਕੋਈ ਸਿਰ ਦੇ ਵਾਲ ਮੁਨਾ ਕੇ ਬੈਰਾਗੀ ਬਣ ਗਿਆ ਹੈ, ਕੋਈ ਘਰ-ਬਾਰ ਛੱਡ ਕੇ ਸੰਨਿਆਸੀ ਹੋ ਗਿਆ ਹੈ, ਕੋਈ ਜੋਗ ਮਤ ਧਾਰਨ ਕਰਕੇ ਜੋਗੀ ਬਣ ਗਿਆ ਹੈ, ਕੋਈ ਵਿਸ਼ੇ-ਵਿਕਾਰ ਤੇ ਰਸ-ਕਸ ਤਿਆਗ ਕੇ ਬ੍ਰਹਮਚਾਰੀ ਬਣ ਗਿਆ ਤੇ ਕੋਈ ਭੋਗ-ਬਿਲਾਸ ਦਾ ਤਿਆਗ ਕਰਕੇ ਜਤੀ ਬਣ ਗਿਆ ਹੈ। ਕੋਈ ਹਿੰਦੂ ਹੈ, ਕੋਈ ਮੁਸਲਮਾਨ ਹੈ, ਕੋਈ ਸ਼ੀਆ (ਰਾਫਜੀ) ਹੈ ਤੇ ਕੋਈ ਸੁੰਨੀ (ਇਮਾਮਸਾਫੀ) ਹੈ। ਪਰ ਅਸਲ ਵਿੱਚ ਇਨ੍ਹਾਂ ਸਾਰਿਆਂ ਦੀ ਜਾਤ ਇਕ ਮਨੁੱਖਤਾ ਹੋਣ ਕਰਕੇ ਇਹ ਸਾਰੇ ਇੱਕ ਬਰਾਬਰ ਹਨ। ਕਿਉਂਕਿ ਇਨ੍ਹਾਂ ਸਭਨਾ ਨੂੰ ਪੈਦਾ ਕਰਨ ਵਾਲਾ ਤੇ ਪਾਲਣ ਵਾਲਾ ਉਹ ਕ੍ਰਿਪਾਲੂ-ਦਿਆਲੂ ਪਰਮਾਤਮਾ ਇੱਕ ਹੀ ਹੈ। ਇਸ ਲਈ ਇਨ੍ਹਾਂ ਵਿੱਚ ਕਿਸੇ ਤਰ੍ਹਾਂ ਦਾ ਅੰਤਰ ਸਮਝਣ ਦੇ ਭਰਮ ਵਿੱਚ ਨਹੀਂ ਪੈਣਾ ਚਾਹੀਦਾ। ਇਸ ਲਈ ਸਾਨੂੰ ਸਭ ਨੂੰ ਇੱਕ ਪ੍ਰਭੂ ਦੀ ਹੀ ਸੇਵਾ ਕਰਨੀ ਚਾਹੀਦੀ ਹੈ, ਕਿਉਂਕਿ ਉਹ ਹੀ ਸਭ ਦਾ ਮਾਲਕ ਹੈ। ਸਾਰੇ ਮਨੁੱਖ ਉਸੇ ਦਾ ਹੀ ਸਰੂਪ ਹਨ ਤੇ ਸਭ ਵਿੱਚ ਉਸ ਇੱਕ ਪ੍ਰਭੂ ਦੀ ਹੀ ਜੋਤ ਹੈ। ਪ੍ਰਭੂ ਵਿੱਚ ਲੀਨ ਹੋਣ ਵਾਸਤੇ ਉਪਰੋਕਤ ਦੱਸੇ ਹੋਏ ਧਰਮਾਂ ਦੇ ਲੋਕ ਪ੍ਰਭੂ ਮਿਲਾਪ ਲਈ ਆਪਣੇ-ਆਪਣੇ ਰਸਤਿਆਂ ਤੇ ਜੇ ਸੱਚੇ ਮਨ ਨਾਲ ਚੱਲਣ ਤਾਂ ਅਖੀਰ ਵਿੱਚ ਪ੍ਰਭੂ ਵਿੱਚ ਲੀਨ ਹੋ ਜਾਂਦੇ ਹਨ ਅਥਵਾ ਸਾਰੇ ਇੱਕ ਹੀ ਇਲਾਹੀ ਸਰੂਪ ਬਣ ਜਾਂਦੇ ਹਨ। ਗੁਰੂ ਸਾਹਿਬ ਜੀ ਦੇ ਇਹ ਪਾਵਨ ਬਚਨ ਇਸ ਪ੍ਰਕਾਰ ਹਨ :

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ**

ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ॥
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥੧੫॥੮੫॥

(ਅਕਾਲ ਉਸਤਤਿ ਸ੍ਰੀ ਦਸਮ ਗ੍ਰੰਥ ਸਾਹਿਬ)

ਇਨ੍ਹਾਂ ਉਪਰੋਕਤ ਬਚਨਾਂ ਦੀ ਪ੍ਰੋੜਤਾ ਕਰਦੇ ਹੋਏ ਗੁਰੂ ਸਾਹਿਬ ਜੀ ਅੱਗੇ ਹੋਰ ਬਚਨ ਕਰਦੇ ਹਨ ਕਿ ਮੰਦਰ ਅਤੇ ਮਸਜਿਦ ਵਿੱਚ ਉਹ ਇੱਕ ਇਲਾਹੀ ਸਰੂਪ ਹੀ ਵਿਆਪਕ ਹੈ, ਜਿਸ ਦੇ ਨਾਮ ਅਸੀਂ ਉਸ ਦੇ ਇਲਾਹੀ ਕਰਮਾਂ ਅਨੁਸਾਰ ਅਲੱਗ-ਅਲੱਗ ਰੱਖੇ ਹਨ, ਪੂਜਾ ਅਤੇ ਨਿਮਾਜ ਵੀ ਉਸੇ ਦੀ ਹੀ ਹੈ, ਉਸ ਦੇ ਪੈਦਾ ਕੀਤੇ ਹੋਏ ਸਾਰੇ ਮਨੁੱਖ ਵੀ ਇੱਕ ਸਮਾਨ ਹਨ, ਪਰ ਸਭ ਅਲੱਗ-ਅਲੱਗ ਰੰਗਾਂ, ਨਸਲਾਂ ਤੇ ਮਜ਼ੵਬਾਂ ਦੇ ਹੋਣ ਕਰਕੇ ਅਨੇਕਤਾ ਦਾ ਭੁਲੇਖਾ ਪੈਂਦਾ ਹੈ। ਦੇਵਤੇ, ਦੈਂਤ, ਯਕਸ਼, ਗੰਧ੍ਰਬ, ਮੁਸਲਮਾਨ ਤੇ ਹਿੰਦੂ ਜੋ ਭਿੰਨ-ਭਿੰਨ ਦਿਖਾਈ ਦਿੰਦੇ ਹਨ, ਇਹ ਅਸਲ ਵਿੱਚ ਅਲੱਗ-ਅਲੱਗ ਦੇਸ਼ਾਂ ਦੇ ਪਹਿਰਾਵਿਆਂ ਦੇ ਪ੍ਰਭਾਵ ਦੇ ਕਾਰਨ ਹੈ। ਸਭ ਮਨੁੱਖਾਂ ਦੀਆਂ ਅੱਖਾਂ ਇੱਕੋ ਜਿਹੀਆਂ ਹਨ, ਕੰਨ ਇੱਕੋ ਜਿਹੇ ਹਨ, ਸ਼ਰੀਰ ਇੱਕੋ ਜਿਹੇ ਹਨ ਤੇ ਬੋਲਣ ਸ਼ਕਤੀ ਵੀ ਇੱਕੋ ਜਿਹੀ ਹੀ ਹੈ, ਕਿਉਂਕਿ ਇਨ੍ਹਾਂ ਸਭ ਮਨੁੱਖਾਂ ਨੂੰ ਪ੍ਰਭੂ ਨੇ ਮਿੱਟੀ, ਹਵਾ, ਅੱਗ, ਪਾਣੀ ਤੇ ਅਕਾਸ਼ ਪੰਜਾਂ ਤੱਤਾ ਦੇ ਮਿਲਾਪ ਤੋਂ ਪੈਦਾ ਕੀਤਾ ਹੈ। ਅੱਲਾ (ਇਸਲਾਮੀ ਪਰਮ ਸੱਤਾ) ਤੇ ਅਭੇਖ (ਹਿੰਦੂ ਪਰਮ ਸੱਤਾ) ਉਹ ਇੱਕ ਪਰਮਾਤਮਾ ਹੀ ਹੈ, ਪੁਰਾਨ ਤੇ ਕੁਰਾਨ ਵੀ ਉਹ ਆਪ ਹੀ ਹੈ, ਕਿਉਂਕਿ ਸਭਨਾਂ ਵਿੱਚ ਉਸ ਇਲਾਹੀ ਤਾਕਤ ਦੀ ਹੀ ਉਸਤਤ ਕੀਤੀ ਗਈ ਹੈ ਤੇ ਇਨ੍ਹਾਂ ਸਭਨਾ ਨੂੰ ਬਣਾਉਣ ਵਾਲੀ ਵੀ ਇੱਕ ਹੀ ਇਲਾਹੀ ਸ਼ਕਤੀ ਹੈ। ਗੁਰੂ ਸਾਹਿਬ ਜੀ ਦੇ ਇਹ ਪਾਵਨ ਬਚਨ ਇਸ ਪ੍ਰਕਾਰ ਹਨ :

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥

(ਅਕਾਲ ਉਸਤਤਿ ਸ੍ਰੀ ਦਸਮ ਗ੍ਰੰਥ ਸਾਹਿਬ)

ਜੇ ਅਸੀਂ ਗੁਰੂ ਸਾਹਿਬ ਜੀ ਦੇ ਇਨ੍ਹਾਂ ਉਪਰੋਕ ਬਚਨਾਂ ਨੂੰ ਆਪਣੇ ਅੰਦਰ ਵਸਾ ਲਈਏ ਤਾਂ ਸਾਡੇ ਵਿੱਚ ਮਜ਼ੵਬਾਂ ਦੇ ਨਾਂ 'ਤੇ ਜੋ ਲੜਾਈਆਂ-ਝਗੜੇ ਹੁੰਦੇ ਹਨ, ਉਹ ਸਾਰੇ ਖਤਮ ਹੋ ਜਾਣ। ਸੋ ਸਾਰੇ ਸੰਸਾਰ ਵਿੱਚ ਅਮਨ ਤੇ ਸ਼ਾਂਤੀ ਪੈਦਾ ਕਰਨ ਲਈ ਗੁਰੂ ਸਾਹਿਬ ਜੀ ਦੇ ਇਨ੍ਹਾਂ ਸਰਬ-ਸਾਂਝੀਵਾਲਤਾ ਦੇ ਬਚਨਾਂ ਨੂੰ ਸਮਝਣ, ਵਿਚਾਰਨ ਤੇ ਪ੍ਰਚਾਰਨ ਦੀ ਬੜੀ ਲੋੜ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਮਨੁੱਖ ਦੀ ਜਿੰਦਗੀ ਦਾ ਮਨੋਰਥ ਪ੍ਰਭੂ ਵਿੱਚ ਲੀਨ ਹੋਣਾ ਹੈ :**

ਗੁਰਬਾਣੀ ਇਨਸਾਨ ਦੀ ਜਿੰਦਗੀ ਦਾ ਮਨੋਰਥ ਕੇਵਲ ਪ੍ਰਭੂ ਵਿੱਚ ਲੀਨ ਹੋਣਾ ਹੀ ਦੱਸਦੀ ਹੈ, ਗੁਰਬਾਣੀ ਦੇ ਪਾਵਨ ਬਚਨ ਹਨ :

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੨ )

ਪ੍ਰਭੂ ਵਿੱਚ ਲੀਨ ਕਿਵੇਂ ਹੋਣਾ ਹੈ? ਇਸ ਮਨੋਰਥ ਦੀ ਪੂਰਤੀ ਲਈ ਗੁਰਬਾਣੀ ਸਮੁੱਚੀ ਮਾਨਵਤਾ ਨੂੰ ਨਿਸ਼ਕਾਮ ਹੋ ਕੇ ਪ੍ਰਭੂ ਦੀ ਭਗਤੀ ਕਰਨ, ਚੰਗੇ ਕਰਮ ਕਰਨ ਅਤੇ ਪ੍ਰਭੂ ਦੇ ਹੁਕਮ ਵਿੱਚ ਚੱਲਣ ਦਾ ਉਪਦੇਸ਼ ਦਿੰਦੀ ਹੈ। ਇਸ ਬਾਰੇ ਗੁਰਬਾਣੀ ਇਸ ਤਰ੍ਹਾਂ ਫਰਮਾਉਂਦੀ ਹੈ :

**ਕਰਮ ਕਰਤ ਹੋਵੈ ਨਿਹਕਰਮ॥ ਤਿਸ ਬੈਸਨੋ ਕਾ ਨਿਰਮਲ ਧਰਮ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੭੪)

**ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੭੪)

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧)

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਪਰਮਾਤਮਾ ਦੇ ਨਾਮ ਨਾਲ ਜੁੜਨਾ ਹੀ ਅਸਲ ਸੁੱਖ ਅਥਵਾ ਮੁਕਤੀ ਹੈ ਅਤੇ ਇਸ ਤੋਂ ਟੁੱਟਣਾ ਹੀ ਦੁੱਖ ਅਥਵਾ ਨਰਕ ਹੈ :**

ਸਾਰੇ ਦ੍ਰਿਸ਼ਟਮਾਨ ਅਤੇ ਸ਼ਰੀਰਾਂ ਵਿੱਚ ਪ੍ਰਮਾਤਮਾ ਦਾ ਵਾਸਾ ਹੈ। ਸੇਵਾ-ਸਿਮਰਨ ਦੀ ਬਰਕਤ ਨਾਲ ਜੀਵ ਦੀ ਹਉਮੈ ਨਾਸ਼ ਹੁੰਦੀ ਹੈ, ਜੋ ਪ੍ਰਭੂ ਮਿਲਾਪ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਇਵੇਂ ਹਉਮੈ ਉੱਕਾ ਹੀ ਮਰ ਜਾਣ 'ਤੇ ਜੀਵ ਪ੍ਰਭੂ ਵਿੱਚ ਅਭੇਦ ਹੋ ਜਾਂਦਾ ਹੈ ਤੇ ਉਸ ਦਾ ਜਨਮ-ਮਰਨ ਮੁੱਕ ਜਾਂਦਾ ਹੈ। ਇਸ ਤਰ੍ਹਾਂ ਸੁਰਤਿ ਨੇ ਸ਼ਬਦ ਗੁਰੂ ਨਾਲ ਜੁੜ ਕੇ ਹਉਮੈ ਨੂੰ ਮਾਰ ਕੇ ਉਸ ਪ੍ਰਭੂ ਵਿੱਚ ਲੀਨ ਹੋਣਾ ਹੈ, ਜੋ ਕਿ ਹਰ ਇੱਕ ਇਨਸਾਨ ਦੇ ਅੰਦਰ ਹੀ ਆਤਮ ਰੂਪ ਵਿੱਚ ਜ਼ਾਹਰਾ-ਜ਼ਹੂਰ ਤੇ ਹਾਜ਼ਰਾ ਹਜ਼ੂਰ ਹੈ। ਇੱਥੇ ਪੁੱਜ ਕੇ ਹੀ ਇਨਸਾਨ ਅਸਲੀ ਅਬਿਨਾਸ਼ੀ ਸੁੱਖ ਨੂੰ ਪ੍ਰਾਪਤ ਕਰਦਾ ਹੈ। ਇੱਥੇ ਪਹੁੰਚੇ ਹੋਏ ਆਤਮਦਰਸ਼ੀ ਨੂੰ ਕੋਈ ਆਕਾਰ ਜਾਂ ਸ਼ਕਲ ਅਥਵਾ ਦ੍ਰਿਸ਼ਟਮਾਨ ਦਿਖਾਈ ਨਹੀਂ ਦੇਂਦਾ, ਉਸ ਨੂੰ ਕੇਵਲ ਨਿਰੰਕਾਰ (ਆਕਾਰ ਰਹਿਤ) ਪ੍ਰਭੂ ਹੀ ਹੋਂਦ ਦਾ ਹੀ ਅਹਿਸਾਸ ਹੁੰਦਾ ਹੈ। ਉੱਥੇ ਉਸ ਨੂੰ ਜੋ ਇਲਾਹੀ ਖੁਸ਼ੀ ਮਿਲਦੀ ਹੈ, ਉਹ ਉਸ ਦਾ ਬਿਆਨ ਨਹੀਂ ਕਰ ਸਕਦਾ। ਗੁਰਬਾਣੀ ਫਰਮਾਉਂਦੀ ਹੈ :

**ਨਿਰੰਕਾਰ ਕੇ ਦੇਸ ਜਾਹਿ ਤਾ ਸੁਖ ਲਹਹਿ ਮਹਲ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੫੯੫)

ਗੁਰਬਾਣੀ ਅਨੁਸਾਰ ਇਸ ਅਵਸਥਾ ਵਿੱਚ ਨਾ ਕੋਈ ਦੁਖ ਤਕਲੀਫ ਹੈ, ਨਾ ਕੋਈ ਧਰਮ ਹੈ, ਨਾ ਕੋਈ ਕਿਸੇ ਤਰ੍ਹਾਂ ਦਾ ਵਿਤਕਰਾ ਹੈ ਤੇ ਨਾ ਹੀ ਕੋਈ ਕਿਸੇ ਦਾ ਡਰ-ਭੈ ਹੈ। ਉੱਥੇ ਇਨਸਾਨ ਪਰਮ ਆਨੰਦ ਪ੍ਰਭੂ ਵਿੱਚ ਲੀਨ ਹੋ ਜਾਂਦਾ ਹੈ। ਇਸ ਅਵਸਥਾ ਨੂੰ ਭਗਤ ਰਵਿਦਾਸ ਜੀ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ :

**ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹ ਠਾਉ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੩੪੫)

ਇਸ ਅਵਸਥਾ ਵਿੱਚ ਪਹੁੰਚ ਕੇ ਸੁਰਤਿ ਪ੍ਰਭੂ ਵਿੱਚ ਲੀਨ ਹੋ ਜਾਂਦੀ ਹੈ ਤੇ ਪਰਮਾਤਮਾ ਨੂੰ ਸਰਬ-ਵਿਆਪੀ ਮਹਿਸੂਸ ਕਰਦੀ ਹੈ ਅਥਵਾ ਅਹਿਸਾਸ ਹੋ ਜਾਂਦਾ ਹੈ ਕਿ ਸਭ ਕੁਝ ਅਕਾਲ ਪੁਰਖ ਹੀ ਹੈ। ਇਸ ਅਵਸਥਾ ਵਿੱਚ ਪਹੁੰਚੇ ਹੋਏ ਜੀਵ ਨੂੰ ਨਾ ਕੋਈ ਦੁਨਿਆਵੀ ਸੁੱਖ ਦਾ ਮੋਹ ਹੁੰਦਾ ਹੈ ਤੇ ਨਾ ਹੀ ਦੁਨਿਆਵੀ ਦੁੱਖਾਂ ਤੋਂ ਕੋਈ ਡਰ-ਭੈ ਵਿਆਪਦਾ ਹੈ। ਉਹ ਦੁਨਿਆਵੀ ਸੁੱਖਾਂ-ਦੁੱਖਾਂ ਨੂੰ ਇਲਾਹੀ ਬਖ਼ਸ਼ਿਸ਼ ਸਮਝਦਾ ਹੈ, ਇਸ ਬਾਰੇ ਗੁਰਬਾਣੀ ਦਾ ਫਰਮਾਨ ਇਸ ਪ੍ਰਕਾਰ ਹੈ :

**ਕੇਤਿਆ ਦੂਖ ਭੂਖ ਸਦ ਮਾਰ ॥**

**ਏਹਿ ਭਿ ਦਾਤਿ ਤੇਰੀ ਦਾਤਾਰ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੫)

**ਸੁਖ ਦੂਖ ਜਨ ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀ ਲੇਪਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੯੬)

**ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੯●)

ਜਦੋਂ ਜਗਿਆਸੂ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ ਤਾਂ ਫਿਰ ਉਸ ਨੂੰ ਕੋਈ ਮੋਹ ਜਾਂ ਭਰਮ ਕਿਵੇਂ ਹੋ ਸਕਦਾ ਹੈ, ਗੁਰਬਾਣੀ ਫਰਮਾਉਂਦੀ ਹੈ :

**ਜਬ ਆਪਨ ਆਪ ਪਾਰਬ੍ਰਹਮ॥ ਤਬ ਮੋਹ ਕਹਾ ਕਿਸ ਹੋਵਤ ਭ੍ਰਮ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੯●)

ਗੁਰਬਾਣੀ ਇਸ ਅਵਸਥਾ ਦਾ ਜ਼ਿਕਰ ਇਸ ਤਰ੍ਹਾਂ ਵੀ ਕਰਦੀ ਹੈ :

**ਸੁੰਨ ਮੰਡਲ ਇਕ ਜੋਗੀ ਬੈਸੇ॥ ਨਾਰ ਨ ਪੁਰਖ ਕਹੁ ਕੋਊ ਕੈਸੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੬੮੫)

ਭਾਵ ਸੁੰਨ ਮੰਡਲ ਵਿੱਚ ਨਿਰਾਕਾਰ ਪ੍ਰਭੂ ਦਾ ਵਾਸਾ ਹੈ, ਜਿਸ ਦਾ ਸਰੂਪ ਨਾ ਪੁਰਸ਼ ਦਾ ਹੈ ਤੇ ਨਾ ਹੀ ਨਾਰ ਦਾ ਹੈ, ਉਹ ਇਲਾਹੀ ਅਨੰਦ ਤੇ ਸੁੱਖ ਦਾ ਹੀ ਸਰੂਪ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਮਹਾਤਮਾ ਬੁੱਧ ਜੀ ਨੇ ਕਿਹਾ ਸੀ ਕਿ ਪਰਮਾਤਮਾ ਨਾਮ ਦੀ ਕੋਈ ਹਸਤੀ ਨਹੀਂ ਹੈ, ਇੱਥੇ ਸਿਰਫ ਸਤ ਚਿਤ ਆਨੰਦ ਹੀ ਆਨੰਦ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਜੀਵ ਨੇ ਇਸੇ ਜਨਮ ਵਿਚ ਜੀਉਂਦਿਆਂ ਜੀਅ ਹੀ ਮੁਕਤੀ ਪ੍ਰਾਪਤ ਕਰਕੇ ਪ੍ਰਭੂ ਵਿਚ ਲੀਨ ਹੋਣਾ ਹੈ :**

ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਇਨਸਾਨ ਨੇ ਜੀਉਂਦਿਆਂ ਜੀਅ ਹੀ ਮੁਕਤੀ ਪ੍ਰਾਪਤ ਕਰਨੀ ਹੈ। ਮਰਨ ਤੋਂ ਬਾਅਦ ਵਾਲੀ ਮੁਕਤੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਪ੍ਰਵਾਨ ਨਹੀਂ ਕਰਦੇ। ਆਮ ਧਾਰਨਾ ਹੈ ਕਿ ਮੁਕਤੀ ਮਰਨ ਤੋਂ ਬਾਅਦ ਜੀਵਨ ਵਿੱਚ ਕੀਤੇ ਗਏ ਚੰਗੇ ਕਰਮਾ ਦੇ ਆਧਾਰ 'ਤੇ ਸਵਰਗ ਵਿੱਚ ਜਾ ਕੇ ਮਿਲਦੀ ਹੈ। ਪਰ ਗੁਰੂ ਗ੍ਰੰਥ ਸਾਹਿਬ ਜੀ ਮਰਨ ਤੋਂ ਬਾਅਦ ਵਾਲੀ ਮੁਕਤੀ ਬਾਰੇ ਇਉਂ ਫਰਮਾਨ ਕਰਦੇ ਹਨ :

**ਮੂਏ ਹੂਏ ਜੋ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੨੯੨)

ਗੁਰੂ ਗ੍ਰੰਥ ਸਾਹਿਬ ਜੀ ਇਸੇ ਜਨਮ ਵਿਚ ਜੀਉਂਦਿਆਂ-ਜੀਅ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਦੇਂਦੇ ਹਨ :

**ਜੀਵਨ ਮੁਕਤ ਸੋ ਆਖੀਐ ਮਰ ਜੀਵੈ ਮਰੀਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੪੪੯)

ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਜੋ ਆਪਣੇ ਵਿੱਚੋਂ ਹਉਮੈ ਉੱਕੀ ਹੀ ਮਾਰ ਲੈਂਦਾ ਹੈ, ਉਹ ਏਸੇ ਜੀਵਨ ਵਿੱਚ ਜੀਉਂਦਿਆਂ-ਜੀਅ ਹੀ ਮੁੱਕਤ ਹੋ ਜਾਂਦਾ ਹੈ, ਗੁਰਬਾਣੀ ਦਾ ਫੁਰਮਾਣ ਹੈ :

**ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧●●੯)

**ਦੁਬਿਧਾ ਛੋਡਿ ਭਏ ਨਿਰੰਕਾਰੀ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੬੮੫)

ਦੁਬਿਧਾ ਹਉਮੈ ਦਾ ਹੀ ਰੂਪ ਹੈ। ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਹੇ ਇਨਸਾਨ! ਜੇ ਤੂੰ ਦੁਬਿਧਾ ਮਾਰੇ ਲਵੇਂ ਤਾਂ ਤੂੰ ਅਕਾਲ ਪੁਰਖ ਦਾ ਸਰੂਪ ਬਣ ਜਾਏਂਗਾ:

O Man, shed ego, you are God. Very simple mathematical equation of the Gurbani is : MAN – EGO = GOD

ਜੋ ਇਨਸਾਨ ਆਪਣੀ ਹਉਮੈ ਉੱਕਾ ਹੀ ਮਾਰ ਦਿੰਦਾ ਹੈ, ਉਹ ਬ੍ਰਹਮ ਗਿਆਨੀ ਬਣ ਜਾਂਦਾ ਹੈ ਅਥਵਾ ਉਸ ਨੂੰ ਪਰਮਾਤਮਾ ਦਾ ਸਾਰਾ ਗਿਆਨ ਹੋ ਜਾਂਦਾ ਹੈ ਅਤੇ ਉਹ ਪਰਮਾਤਮਾ ਦਾ ਸਰੂਪ ਬਣ ਜਾਂਦਾ ਹੈ :

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੭੩)

ਗੁਰਬਾਣੀ ਇਹ ਤਰੀਕਾ ਵੀ ਦੱਸਦੀ ਹੈ ਕਿ ਜਗਿਆਸੂ ਨੇ ਕਿਵੇਂ ਹਉਮੈ ਮਾਰ ਕੇ ਇਸੇ ਜਨਮ ਵਿੱਚ ਜੀਉਂਦਿਆਂ-ਜੀਅ ਹੀ ਮੁਕਤੀ ਪਾਉਣੀ ਹੈ। ਗੁਰਬਾਣੀ ਦਾ ਫਰਮਾਣ ਹੈ :

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥**
**ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**
**ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥**
**ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੭੫)

ਗੁਰੂ ਤੇਗ ਬਹਾਦਰ ਜੀ ਵੀ ਇਸ ਦੀ ਪ੍ਰੋੜਤਾ ਕਰਦੇ ਹੋਏ ਜਗਿਆਸੂ ਨੂੰ ਜੀਉਂਦਿਆਂ-ਜੀਅ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਦੱਸਦੇ ਹਨ, ਉਨ੍ਹਾਂ ਦੇ ਬਚਨ ਹਨ :

**ਸੋਰਠਿ ਮਹਲਾ ੯ ॥**
**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੬੩੩)

ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਕਈ ਇਨਸਾਨ ਲੋਕਾਂ ਨੂੰ ਭਰਮਾ ਕੇ ਆਪਣੇ ਪਿੱਛੇ ਲਾਉਣ ਲਈ ਕਹਿੰਦੇ ਹਨ ਕਿ ਮੈਂ ਸੰਤ ਹਾਂ, ਬ੍ਰਹਮ ਗਿਆਨੀ ਹਾਂ, ਰੱਬ ਨੂੰ ਮਿਲਿਆ ਹੋਇਆ ਹਾਂ, ਪਰ ਅਜਿਹਾ ਕੋਈ ਵਿਰਲਾ ਹੀ ਜਗਿਆਸੂ ਹੁੰਦਾ ਹੈ, ਜੋ ਪ੍ਰਭੂ ਮਿਲਾਪ ਦੇ ਤੱਤ ਨੂੰ ਜਾਣਦਾ ਹੋਵੇ। ਗੁਰੂ ਸਾਹਿਬ ਜੀ ਅਨੁਸਾਰ ਅਸਲ ਵਿਚ ਉਸ ਨੂੰ ਹੀ ਆਤਮਦਰਸ਼ੀ ਅਥਵਾ ਬ੍ਰਹਮਗਿਆਨੀ ਕਿਹਾ ਜਾ ਸਕਦਾ ਹੈ, ਜੋ ਗੁਰਬਾਣੀ ਦੇ ਇਸ ਸ਼ਬਦ ਅਨੁਸਾਰ ਆਪਣਾ ਜੀਵਨ ਢਾਲ ਸਕਿਆ ਹੋਵੇ :

**ਕਾਨੜਾ ਮਹਲਾ ੫**
**ਕਹਨ ਕਹਾਵਨ ਕਉ ਕਈ ਕੇਤੈ ॥**
**ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥੧॥ ਰਹਾਉ ॥**
**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥**
**ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥**

**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੩●੨)

**ਗੁਰਬਾਣੀ ਅਨੁਸਾਰ ਪਰਮਾਤਮਾ ਹੀ ਸਭ ਨੂੰ ਪੈਦਾ ਕਰਦਾ, ਪਾਲਦਾ ਤੇ ਮਾਰਦਾ ਹੈ, ਕੋਈ ਹੋਰ ਦੂਸਰਾ ਨਹੀਂ :**

ਹਿੰਦੂ ਮਤ ਅਨੁਸਾਰ ਬ੍ਰਹਮਾ ਜੀ ਦੁਨੀਆਂ ਨੂੰ ਪੈਦਾ ਕਰਦੇ ਹਨ, ਵਿਸ਼ਨੂੰ ਜੀ ਪਾਲਦੇ ਹਨ ਅਤੇ ਸ਼ਿਵ ਜੀ ਉਸ ਨੂੰ ਨਾਸ਼ ਕਰਦੇ ਹਨ। ਪਰ ਗੁਰੂ ਨਾਨਕ ਦੇਵ ਜੀ ਨੇ ੧ੴ ਉਚਾਰ ਕੇ ਦਰਸਾਇਆ ਕਿ ਇਸ ਸੰਸਾਰ ਦਾ ਰਚਣਹਾਰ ਕੇਵਲ ਇੱਕ ਪ੍ਰਭੂ ਹੀ ਹੈ ਤੇ ਉਹੀ ਸਭ ਦਾ ਪਾਲਣਹਾਰ ਵੀ ਹੈ ਤੇ ਉਹ ਹੀ ਅੰਤ ਵਿੱਚ ਸਭ ਦਾ ਨਾਸ਼ ਵੀ ਕਰਦਾ ਹੈ, ਕੋਈ ਹੋਰ ਦੂਸਰੀ ਤਾਕਤ ਅਜਿਹਾ ਕਰਨ ਵਾਲੀ ਨਹੀਂ ਹੈ। ਇਸ ਕਰਕੇ ੧ੴ ਅਥਵਾ ਇੱਕ ਪਰਮਾਤਮਾ ਵਿੱਚ ਹੀ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤਿੰਨੇ ਸ਼ਾਮਿਲ ਹਨ।

## ਗੁਰੂ ਗ੍ਰੰਥ ਸਾਹਿਬ ਅਨੁਸਾਰ ਸਾਡੇ ਬ੍ਰਹਿਮੰਡ ਵਿੱਚ ਕ੍ਰੋੜਾਂ ਹੀ ਧਰਤੀਆਂ ਹਨ, ਜਿਨ੍ਹਾਂ ਵਿੱਚ ਕ੍ਰੋੜਾਂ ਹੀ ਨਾਸਤਿਕ ਅਤੇ ਆਸਤਿਕ ਮਨੁੱਖ ਵੱਸਦੇ ਹਨ।

**੧. ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੪੨੭)

**੨. ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ ਆਤਮ ਪਰਗਾਸ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੭੬)

ਸਾਧਾਰਨ ਮਨੁੱਖ ਦੇ ਮਨ ਵਿਚ ਇਹ ਸੰਸਾ ਪੈਦਾ ਹੋਣਾ ਸੁਭਾਵਿਕ ਗੱਲ ਹੈ ਕਿ ਇੱਕ ਨੰਬਰ ਤੁੱਕ ਵਿਚ ਤਾਂ ਗੁਰੂ ਸਾਹਿਬ ਜੀ ਫੁਰਮਾਅ ਰਹੇ ਹਨ ਕਿ ਕ੍ਰੋੜਾਂ ਵਿਚੋਂ ਕੋਈ ਇੱਕ-ਅੱਧਾ ਹੀ ਪ੍ਰਭੂ ਦਾ ਨਾਮ ਜਪਣ ਵਾਲਾ ਆਤਮਦਰਸ਼ੀ ਪੁਰਸ਼ ਹੈ, ਪਰ ਦੋ ਨੰਬਰ ਤੁੱਕ ਵਿਚ ਫੁਰਮਾਉਂਦੇ ਹਨ ਕਿ ਕਈ ਕ੍ਰੋੜਾਂ ਹੀ ਪ੍ਰਭੂ ਦੇ ਦਾਸ ਹਨ, ਜੋ ਹਰ ਵਖਤ ਉਸ ਦਾ ਨਾਮ ਜਪਦੇ ਰਹਿੰਦੇ ਹਨ ਤੇ ਆਤਮਦਰਸ਼ੀ ਬਣ ਕੇ ਉਸ ਵਿਚ ਲੀਨ ਹੋ ਚੁੱਕੇ ਹਨ।

ਅਸਲ ਵਿਚ ਪਹਿਲੀ ਤੁੱਕ ਵਿੱਚ ਗੁਰੂ ਸਾਹਿਬ ਜੀ ਕੇਵਲ ਸਾਡੀ ਧਰਤੀ ਦੀ ਗੱਲ ਕਰ ਰਹੇ ਹਨ ਕਿ ਸਾਡੀ ਧਰਤੀ ਦੇ ਕਈ ਕ੍ਰੋੜਾਂ ਮਨੁੱਖਾਂ ਵਿੱਚੋਂ ਕੋਈ ਇੱਕ-ਅੱਧਾ ਹੀ ਬ੍ਰਹਮਗਿਆਨੀ ਹੈ ਅਤੇ ਦੂਜੀ ਪੰਗਤੀ ਵਿੱਚ ਜੋ ਕ੍ਰੋੜਾਂ ਧਰਤੀਆਂ ਹਨ, ਉਨ੍ਹਾਂ ਕ੍ਰੋੜਾਂ ਧਰਤੀਆਂ ਵਿੱਚ ਰਹਿੰਦੇ ਕ੍ਰੋੜਾਂ ਆਤਮਦਰਸ਼ੀ ਮਹਾਂਪੁਰਸ਼ਾਂ ਬਾਰੇ ਦੱਸ ਰਹੇ ਹਨ। ਬ੍ਰਹਮਗਿਆਨੀਆਂ ਅਨੁਸਾਰ ਕਈ ਅਜਿਹੀਆਂ ਵੀ ਧਰਤੀਆਂ ਹਨ, ਜਿਨ੍ਹਾਂ ਵਿੱਚ ਪ੍ਰਭੂ ਵਿਚ ਲੀਨ ਹੋਏ ਸੰਤ-ਮਹਾਂਪੁਰਸ਼ ਬਹੁਤ ਜ਼ਿਆਦਾ ਰਹਿੰਦੇ ਹਨ ਅਤੇ ਹੋਰ ਵੀ ਉੱਚੀ ਆਤਮਿਕ ਅਵਸਥਾ ਵਾਲੇ ਜਗਿਆਸੂ ਰਹਿੰਦੇ ਹਨ, ਜੋ ਪ੍ਰਭੂ ਵਿੱਚ ਲੀਨ ਹੋਣ ਲਈ ਯਤਨਸ਼ੀਲ ਹਨ। ਉਸ ਨੂੰ ਸਤਜੁਗ ਕਿਹਾ ਜਾਂਦਾ ਹੈ, ਜਿਵੇਂ ਕਿ ਸਾਡੀ ਧਰਤੀ 'ਤੇ ਵੀ ਕਦੇ ਸਤਜੁਗ ਦਾ ਸਮਾਂ ਹੁੰਦਾ ਸੀ। ਇਸ ਬਾਬਤ ਗੁਰੂ ਸਾਹਿਬ ਜੀ ਦਾ ਫੁਰਮਾਨ ਇਸ ਪ੍ਰਕਾਰ ਹੈ :

**ਕਈ ਕੋਟਿ ਭਏ ਬੈਰਾਗੀ ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥**

**ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥**

**ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥**

**ਕਈ ਕੋਟਿ ਮਾਗਹਿ ਸਤਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ ॥**

**ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥**

**ਕਈ ਕੋਟਿ ਨਾਮ ਗੁਨ ਗਾਵਹਿ ॥ ਆਤਮ ਰਸਿ ਸੁਖਿ ਸਹਜਿ ਸਮਾਵਹਿ ॥**

**ਕਈ ਕੋਟਿ ਤਤ ਕੇ ਬੇਤੇ ॥ ਸਦਾ ਨਿਹਾਰਹਿ ਏਕੋ ਨੇਤ੍ਰੇ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੨੭੬)

**ਗੁਰੂ ਨਾਨਕ ਦੇਵ ਜੀ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਵੱਡੀ ਮਾਤਾ ਕਿਉਂ ਕਿਹਾ ਹੈ?**

ਪ੍ਰਭੂ ਤੋਂ ਉਤਪੰਨ ਹੋਈ ਪਉਣ (ਹਵਾ) ਤੋਂ ਹੀ ਸ੍ਰਿਸਟੀ ਪੈਦਾ ਹੋਈ '**ਸਾਚੇ ਤੇ ਪਵਨਾ ਭਇਆ**' ਤੇ ਇਸ ਪਉਣ ਰਾਹੀਂ ਹੀ ਪ੍ਰਭੂ ਨੇ ਸਾਰੇ ਜੀਵਾਂ ਨੂੰ ਜਿੰਦਾ ਰੱਖਿਆ ਅਤੇ ਪਉਣ ਤੋਂ ਪੈਦਾ ਹੋਏ ਸ਼ਬਦ ਰਾਹੀਂ ਹੀ ਉਪਦੇਸ਼ ਦਿੱਤਾ। ਇਸ ਕਰਕੇ ਪਵਣ ਰੂਪ ਸ਼ਬਦ ਅਤੇ ਜਿੱਥੋਂ ਪਵਣ ਆਈ ਉਹ ਸਾਡਾ ਗੁਰੂ ਹੈ।

ਪ੍ਰਭੂ ਤੋਂ ਪੈਦਾ ਹੋਈ ਪਉਣ ਤੋਂ ਪਾਣੀ ਪੈਦਾ ਹੋਇਆ ਤੇ ਇਸ ਪਾਣੀ ਕਰਕੇ ਹੀ ਸਭ ਦੀ ਜ਼ਿੰਦਗੀ ਕਾਇਮ ਹੈ। ਇਸ ਕਰਕੇ ਉਸ ਨੂੰ ਪਿਤਾ ਕਿਹਾ, ਜੋ ਕਿ ਪ੍ਰਭੂ ਦਾ ਹੀ ਸਰੂਪ ਹੈ।

ਧਰਤੀ ਵੱਡੀ ਮਾਤਾ ਇਸ ਲਈ ਹੈ ਕਿ ਇੱਕ ਤਾਂ ਇਹ ਇੱਕ ਮਾਂ ਵਾਂਗ ਆਪਣੀ ਛਾਤੀ ਵਿੱਚ ਕਈ ਤਰ੍ਹਾਂ ਦੇ ਪਦਾਰਥ ਪੈਦਾ ਕਰਕੇ ਮਨੁੱਖ ਨੂੰ ਖਾਣ ਲਈ ਦੇਂਦੀ ਹੈ ਤੇ ਦੂਸਰਾ ਇਨਸਾਨ ਨੇ ਇਸ ਧਰਤੀ ਦੀ ਗੋਦ ਵਿੱਚ ਚੰਗੇ ਕਰਮ ਕਰਕੇ ਅਥਵਾ ਨਾਮ ਜਪ ਕੇ ਪ੍ਰਭੂ ਵਿੱਚ ਲੀਨ ਹੋਣਾ ਹੈ। ਇਸ ਲਈ ਗੁਰੂ ਸਾਹਿਬ ਜੀ ਨੇ ਧਰਤੀ ਨੂੰ ਵੱਡੀ ਮਾਤਾ ਕਿਹਾ ਹੈ।

# ਸਿੱਖ ਰਹਿਤ ਮਰਯਾਦਾ

## ਪੰਜ ਪਿਆਰਿਆਂ ਦੀ ਪਰਖ

ਗੁਰਦੁਆਰੇ ਦੇ ਅਧਿਆਤਮਿਕ ਅਰਥ ਹਨ: ਗੁਰੂ ਦਾ ਦੁਆਰ (ਦਰਵਾਜ਼ਾ), ਜਿਸ ਦੇ ਅੰਦਰ ਜਾ ਕੇ ਸਾਕਾਰ ਰੂਪ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਅਤੇ ਗੁਰਸਿੱਖਾਂ ਦੀ ਸੰਗਤ ਕਰਕੇ, ਨਿਰਾਕਾਰ **ਸ਼ਬਦ-ਗੁਰੂ** ਦਾ ਉਪਦੇਸ਼ ਲੈਣਾ। ਸੁਰਤ **ਸ਼ਬਦ-ਗੁਰੂ** ਦਾ ਸਿਮਰਨ ਕਰਕੇ ਸਰੀਰ ਰੂਪੀ ਹਰਿਮੰਦਰ ਵਿੱਚ ਹੀ ਦਸਵੇਂ ਦੁਆਰ ਪਹੁੰਚਦੀ ਹੈ। ਇਹ ਨਿਰੰਕਾਰ ਦਾ ਅਦ੍ਰਿਸ਼ਟ ਗੁਰਦੁਆਰਾ ਹੈ, ਜਿੱਥੇ ਉਹ ਵੱਸਦਾ ਹੈ। ਸੁਰਤ ਨੇ ਆਪਣੀ ਹਉਮੈ ਉੱਕਾ ਹੀ ਮਾਰ ਕੇ, ਇੱਥੇ ਹੀ ਪੁੱਜ ਕੇ ਨਿਰੰਕਾਰ ਵਿੱਚ ਲੀਨ ਹੋ, ਸਤਿ-ਚਿੱਤ ਅਨੰਦ ਨੂੰ ਪ੍ਰਾਪਤ ਕਰਨਾ ਹੈ।

**ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੯੧੯)

ਦ੍ਰਿਸ਼ਟਮਾਨ ਪੱਖੋਂ ਵਿਚਾਰੀਏ ਤਾਂ ਗੁਰਦੁਆਰਾ ਉਹ ਹੈ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉੱਚਾ ਨਿਸ਼ਾਨ ਸਾਹਿਬ ਝੂਲਦਾ ਹੈ, ਜੋ ਸਾਰੀ ਮਾਨਵਤਾ ਨੂੰ ਨਾਮ ਬਾਣੀ ਸਿਮਰਨ ਲਈ ਆਕਰਸ਼ਿਤ ਕਰਦਾ ਹੈ ਭਾਵ ਪਰੇਰਦਾ ਹੈ। ਇੱਥੇ ਸਿੱਖਾਂ ਦੇ ਨਾਲ-ਨਾਲ ਕੋਈ ਵੀ ਵਿਅਕਤੀ ਭਾਵੇਂ ਉਹ ਅਮੀਰ-ਗ਼ਰੀਬ, ਊਚ-ਨੀਚ, ਇਸਤਰੀ-ਪੁਰਸ਼, ਨਾਸਤਿਕ-ਆਸਤਿਕ ਅਤੇ ਕਿਸੇ ਵੀ ਧਰਮ-ਮਜ਼੍ਹਬ ਦਾ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਸੁਣ ਸਕਦਾ ਹੈ।

ਗੁਰਦੁਆਰੇ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ 'ਧਰਮਸਾਲ਼' ਕਿਹਾ ਜਾਂਦਾ ਸੀ। ਉਪਰੰਤ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਸਰੋਵਰ ਵਿੱਚ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਇਸ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੇ 'ਧਰਮਸਾਲ਼' ਨੂੰ 'ਗੁਰਦੁਆਰੇ' ਦਾ ਨਾਮ ਦਿੱਤਾ।

ਗੁਰਦੁਆਰੇ ਵਿੱਚ ਹਰ ਵਿਅਕਤੀ ਨੂੰ ਨਾਮ-ਬਾਣੀ ਸਿਮਰਨ, ਸਤਸੰਗਤ, ਕੀਰਤਨ ਦੇ ਨਾਲ-ਨਾਲ ਲੰਗਰ ਅਤੇ ਰਾਤ ਵਿਸ਼ਰਾਮ ਕਰਨ ਲਈ ਜਗ੍ਹਾ ਤੇ ਬਿਸਤਰਾ ਆਦਿਕ ਮਿਲਦਾ ਹੈ। ਹਰ ਗੁਰਦੁਆਰੇ ਵਿੱਚ ਇਹ ਨਿਯਮ ਪਾਲਣ ਕਰਨੇ ਜ਼ਰੂਰੀ ਹਨ। ਪਰੰਪਰਾ ਤੋਂ ਹਰ ਗੁਰਦੁਆਰੇ ਵਿੱਚ ਸੰਗਤ ਉੱਪਰਾਲਾ ਕਰਦੀ ਆਈ ਹੈ ਕਿ ਬੱਚਿਆਂ ਨੂੰ ਗੁਰਮੁਖੀ ਸਿਖਾ ਕੇ, ਗੁਰਬਾਣੀ ਨਾਲ ਜੋੜਿਆ ਜਾਵੇ। ਕਈ ਗੁਰਦੁਆਰਿਆਂ ਵਿੱਚ ਸਹੂਲਤ ਮੁਤਾਬਕ ਮਾਨਵਤਾ ਦੀ ਸੇਵਾ ਹਿਤ, ਸਕੂਲ ਅਤੇ ਡਿਸਪੈਂਸਰੀਆਂ ਵੀ ਖੋਲ੍ਹੀਆਂ ਜਾਂਦੀਆਂ ਹਨ।

## ਨਿਸ਼ਾਨ ਸਾਹਿਬ

ਹਰ ਦੇਸ਼ ਅਤੇ ਕੌਮ ਦੀ ਹਕੂਮਤ ਦਾ ਆਪਣੀ ਸੰਸਕ੍ਰਿਤੀ ਅਤੇ ਸਭਿਅਤਾ ਅਨੁਸਾਰ ਆਪਣਾ-ਆਪਣਾ ਝੰਡਾ ਹੁੰਦਾ ਹੈ, ਜਿਸ ਨੂੰ ਉਹ ਆਪਣੀ ਆਨ-ਸ਼ਾਨ ਦਾ ਪ੍ਰਤੀਕ ਸਮਝਦੇ ਹਨ।

ਨਿਸ਼ਾਨ ਸਾਹਿਬ ਨੂੰ ਦੇਖ ਕੇ ਹਰ ਇੱਕ ਇਨਸਾਨ ਦੇ ਹਿਰਦੇ ਵਿੱਚ ਆਉਂਦਾ ਹੈ ਕਿ ਇਹ ਗੁਰਦੁਆਰਾ ਹੈ ਅਤੇ ਪ੍ਰਭੂ ਦੀ ਅਰਾਧਨਾ ਦਾ ਅਸਥਾਨ ਹੈ।

ਸਿੱਖ ਧਰਮ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿੱਚ ਬਹੁਤ ਉੱਚੇ ਨਿਸ਼ਾਨ ਸਾਹਿਬ ਝੁਲਾਏ। ਉਸ ਸਮੇਂ ਤੋਂ ਨਿਸ਼ਾਨ ਸਾਹਿਬ ਝੁਲਾਉਣ ਦੀ ਇਹ ਪਰੰਪਰਾ ਸਾਰੇ ਗੁਰਦੁਆਰਿਆਂ ਵਿੱਚ ਚੱਲਦੀ ਆ ਰਹੀ ਹੈ। ਜਿਸ ਦਾ ਭਾਵ ਇਹ ਹੈ ਕਿ ਅਕਾਲ ਪੁਰਖ ਮਹਾਨ ਹੈ! ਆਉ ਅਸੀਂ ਸਾਰੇ ਬਿਨਾਂ ਕਿਸੇ ਵਿਤਕਰੇ ਦੇ ਗੁਰਦੁਆਰਿਆਂ ਵਿੱਚ ਉਸ ਦੀ ਉਸਤਤ ਅਤੇ ਅਰਾਧਨਾ ਕਰਕੇ ਆਪਣਾ ਜਨਮ ਸਫ਼ਲਾ ਕਰੀਏ।

ਨਿਸ਼ਾਨ ਸਾਹਿਬ ਦੇ ਝੰਡੇ ਵਿੱਚ ਦੋ ਤਲਵਾਰਾਂ ਮੀਰੀ-ਪੀਰੀ ਦੇ ਸਿਧਾਂਤ ਨੂੰ ਦਰਸਾਉਂਦੀਆਂ ਹਨ। ਇਸ ਵਿਚਾਲੇ ਦੋ ਧਾਰੀ ਖੰਡਾ ਹੁੰਦਾ ਹੈ ਜੋ ਮੀਰੀ-ਪੀਰੀ ਦੇ ਇਕੱਠੇ ਹੋਣ ਦਾ ਬੋਧਕ ਹੈ। ਇਹ ਤਿੰਨੇ ਇੱਕ ਚੱਕਰ ਵਿੱਚ ਬੱਧੇ ਹੋਏ ਅਕਾਲ ਪੁਰਖ ਦੀ ਬੇਅੰਤਤਾਈ ਨੂੰ ਦਰਸਾਉਂਦੇ ਹਨ ਕਿ ਉਸ ਇਲਾਹੀ ਸ਼ਕਤੀ (ਪਰਮਾਤਮਾ) ਦਾ ਕੋਈ ਆਦਿ-ਅੰਤ ਨਹੀਂ।

ਨਿਸ਼ਾਨ ਸਾਹਿਬ 'ਤੇ ਕੇਸਰੀ ਜਾਂ ਨੀਲੇ ਰੰਗ ਦੇ ਬਸਤਰ ਚੜ੍ਹਾਏ ਜਾਂਦੇ ਹਨ ਅਤੇ ਝੂਲਦੇ ਫਰਹੇ (ਤਿੱਕੋਣਾ ਬਸਤਰ) ਉੱਤੇ ਖੰਡਾ ਸੁਭਾਇਮਾਨ ਹੁੰਦਾ ਹੈ।

## ਸਰੋਵਰ

ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਇੱਕ ਬਾਉਲ਼ੀ ਬਣਵਾਈ। ਇੱਥੇ ਬਗ਼ੈਰ ਕਿਸੇ ਵਿਤਕਰੇ ਦੇ ਸਾਰੇ ਇਸ਼ਨਾਨ ਕਰਦੇ ਅਤੇ ਜਲ ਪੀਂਦੇ ਸਨ ਅਤੇ ਹੁਣ ਵੀ ਪੀਂਦੇ ਹਨ। ਇਸ ਤਰ੍ਹਾਂ ਸਿੱਖ ਜਗਤ ਵਿੱਚ ਪਹਿਲਾ ਸਰੋਵਰ ਹੋਂਦ ਵਿੱਚ ਆਇਆ। ਉਪਰੰਤ ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰੂ ਅਮਰ ਦਾਸ ਜੀ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਵਿਖੇ ਇੱਕ ਬਹੁਤ ਵਿਸ਼ਾਲ ਸਰੋਵਰ ਪ੍ਰਾਰੰਭ ਕੀਤਾ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਉਸ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਹੋਰ ਸਰੋਵਰਾਂ ਦੇ ਇਲਾਵਾ ਤਰਨਤਾਰਨ ਸਾਹਿਬ ਵਿਖੇ ਇੱਕ ਸਭ ਤੋਂ ਵੱਡਾ ਸਰੋਵਰ ਬਣਵਾਇਆ।

ਸਰੋਵਰ ਦੀ ਮਹੱਤਤਾ ਇਹ ਹੈ ਕਿ ਜਦੋਂ ਗੁਰਦੁਆਰੇ ਵਿੱਚ ਨਾਮ-ਬਾਣੀ ਸਿਮਰਨ ਅਤੇ ਕੀਰਤਨ ਹੁੰਦਾ ਹੈ ਤਾਂ ਬਾਣੀ ਪਾਣੀ ਵਿੱਚ ਪਰਵੇਸ਼ ਕਰਕੇ ਉਸ ਨੂੰ ਪਵਿੱਤਰ ਜਲ ਬਣਾ ਦਿੰਦੀ ਹੈ। ਜਿਵੇਂ ਕਿ ਅੰਮ੍ਰਿਤ ਵੀ ਕੇਵਲ ਪਤਾਸਿਆਂ ਵਾਲਾ ਪਾਣੀ ਨਹੀਂ ਬਲਕਿ ਜਦੋਂ ਪੰਜ ਪਿਆਰੇ ਬਾਣੀ ਪੜ੍ਹਦੇ ਹਨ ਤਾਂ ਬਾਣੀ ਉਸ ਜਲ ਵਿੱਚ ਪਰਵੇਸ਼ ਕਰਕੇ ਉਸ ਨੂੰ ਅੰਮ੍ਰਿਤ ਬਣਾਉਂਦੀ ਹੈ। ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਊਚ-ਨੀਚ, ਅਮੀਰ-ਗ਼ਰੀਬ, ਜ਼ਾਤ-ਪਾਤ ਅਤੇ ਮਜ਼੍ਹਬ ਦਾ ਭੇਦ ਮਿਟਦਾ ਹੈ, ਜਿਸ ਕਰਕੇ ਸਰੋਵਰ ਸਾਂਝੀਵਾਲਤਾ ਦਾ ਪ੍ਰਤੀਕ ਵੀ ਹੈ। ਦੂਸਰਾ ਸੰਗਤ ਦੇ ਸਮੂਹ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਹੁੰਦਾ ਹੈ ਅਤੇ ਸਮੇਂ ਦੀ ਘਾਟ ਨੂੰ ਮੁੱਖ ਰੱਖਦਿਆਂ ਇਹ ਸਹੂਲੀਅਤ ਸਰੋਵਰ ਹੀ ਪ੍ਰਦਾਨ ਕਰ ਸਕਦੇ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ (ਮੁੱਖਵਾਕ)

ਹਰ ਇੱਕ ਸਿੱਖ ਗੁਰਮੁਖੀ ਪੜ੍ਹੇ ਅਤੇ ਆਪਣੇ ਘਰ, ਜੇ ਉਸ ਦੇ ਕੋਲ ਯਥਾ-ਯੁਕਤ ਜਗ੍ਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੇ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਹੁਕਮ ਲਵੇ। ਸੰਧਿਆ ਵੇਲੇ ਵੀ ਰਹਿਰਾਸ ਉਪਰੰਤ ਅਰਦਾਸ ਕਰਕੇ ਹੁਕਮ ਲੈ ਕੇ ਫਿਰ ਸੁਖਾਸਨ ਕਰੇ। ਸ਼੍ਰੋਮਣੀ ਗੁਰਦੁਆਰਾ ਪ੍ਰਬਧੰਕ ਕਮੇਟੀ ਦੀ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਖੱਬੇ ਅੰਗ ਦੇ ਉੱਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਅੰਗ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਚਾਹੀਏ ਅਤੇ ਸ਼ਬਦ ਸਾਰਾ ਪੜ੍ਹਿਆ ਜਾਵੇ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿੱਚ ਜਿੱਥੇ 'ਨਾਨਕ' ਨਾਮ ਆ ਜਾਵੇ, ਉਸ ਤੁੱਕ 'ਤੇ ਭੋਗ ਪਾਇਆ ਜਾਵੇ। ਸੰਤ ਅਤਰ ਸਿੰਘ ਜੀ ਅਤੇ ਉਨ੍ਹਾਂ ਦੇ ਅਨਿੰਨ ਸੇਵਕ ਸੰਤ ਤੇਜਾ ਸਿੰਘ ਜੀ ਜਦੋਂ ਹੁਕਮ ਲੈਂਦੇ ਸਨ, ਜੇਕਰ ਉੱਥੇ ਮੂਲ ਮੰਤਰ ਹੁੰਦਾ ਤਾਂ ਹੁਕਮ ਮੂਲ ਮੰਤਰ ਤੋਂ ਸ਼ੁਰੂ ਕਰਦੇ ਸਨ, ਭਾਵੇਂ ਉਹ ਖੱਬੇ ਪਾਸੇ ਹੋਵੇ ਜਾਂ ਸੱਜੇ ਪਾਸੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ
## ਸਹਿਜ ਪਾਠ / ਅਖੰਡ ਪਾਠ

ਸਾਰਾ ਪਰਿਵਾਰ ਸਮਾਂ ਕੱਢ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ ਜਾਂ ਸੁਣੇ। ਸਹਿਜ ਪਾਠ ਰੱਖੇ ਅਤੇ ਸੰਪੂਰਨ ਹੋਣ 'ਤੇ ਉਸਦਾ ਭੋਗ ਪਾਵੇ। ਅਰੰਭ ਕਰਨ ਵੇਲੇ ਅਤੇ ਭੋਗ ਵੇਲੇ ਕੜਾਹ ਪ੍ਰਸ਼ਾਦਿ ਦੀ ਦੇਗ ਸਜਾ ਕੇ, ਅਨੰਦ ਸਾਹਿਬ (ਪਹਿਲੀਆਂ ਪੰਜ ਅਤੇ ਇੱਕ ਅੰਤਲੀ ਪਉੜੀ) ਪੜ੍ਹ ਕੇ, ਅਰਦਾਸ ਕਰਕੇ ਹੁਕਮ ਲਵੇ ਉਪਰੰਤ ਪ੍ਰਸ਼ਾਦਿ ਵਰਤਾਏ।

ਬਿਨਾਂ ਰੁਕਿਆਂ ਲਗਾਤਾਰ ਕੀਤੇ ਗਏ ਪਾਠ ਨੂੰ ਅਖੰਡ ਪਾਠ ਕਹਿੰਦੇ ਹਨ, ਜਿਸ ਦਾ ਭੋਗ ਲਗ ਭਗ ੪੮ ਘੰਟਿਆਂ ਵਿੱਚ ਪੈ ਜਾਂਦਾ ਹੈ। ਜੇਕਰ ਇਸ ਤੋਂ ਵੀ ਵਧ ਸਮਾਂ ਲੱਗ ਜਾਵੇ ਤਾਂ ਉਹ ਵੀ ਗੁਰੂ ਸਾਹਿਬ ਨੂੰ ਪਰਵਾਨ ਹੈ ਅਥਵਾ ਭਰਮ ਨਹੀਂ ਕਰਨਾ। ਕੜਾਹ ਪ੍ਰਸ਼ਾਦਿ ਦੀ ਦੇਗ ਸਜਾ ਕੇ ਅਨੰਦ ਸਾਹਿਬ ਦਾ ਪਾਠ ਕਰਕੇ ਉਪਰੰਤ ਅਰਦਾਸ ਕਰਨ ਤੋਂ ਬਾਅਦ ਹੁਕਮ ਲੈ ਕੇ ਅਖੰਡ ਪਾਠ ਅਰੰਭ ਕੀਤਾ ਜਾਂਦਾ ਹੈ। ਪਾਠ ਸੰਪੂਰਨ ਹੋਣ ਉਪਰੰਤ ਛੇ ਪਉੜੀਆਂ ਦਾ ਪਾਠ ਕਰਕੇ ਅਰਦਾਸ ਕੀਤੀ ਜਾਂਦੀ ਹੈ ਅਤੇ ਹੁਕਮ ਲੈ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ। ਸ਼ੁੱਧ ਪਾਠ ਕਰਨ ਲਈ ਯਥਾ-ਯੁਕਤ ਜਿੰਨੇ ਪਾਠੀ ਸਾਹਿਬਾਨ (ਸਿੰਘ/ਸਿੰਘਣੀਆਂ) ਹੋਣ ਉਸ ਮੁਤਾਬਕ ਰੌਲ ਲਾਉਣ ਦਾ ਸਮਾਂ ਵੰਡ ਦਿੱਤਾ ਜਾਂਦਾ ਹੈ। ਠੀਕ ਤਾਂ ਏਹੀ ਹੈ ਕਿ ਪਰਿਵਾਰ ਦੇ ਜੀਅ ਮਿਲ ਕੇ ਪਾਠ ਕਰਨ ਜਾਂ ਸੁਣਨ। ਇਹ ਜ਼ਿਆਦਾ ਲਾਭਦਾਇਕ ਹੈ ਪਰ ਆਮ ਤੌਰ 'ਤੇ ਸ਼ੁੱਧ ਬਾਣੀ ਦਾ ਪਾਠ ਕਰਨ ਵਾਲੇ ਜੇ ਚਾਰ-ਪੰਜ ਪਾਠੀ ਸਾਹਿਬਾਨ ਵੀ ਹੋਣ ਤਾਂ ਉਹ ਸਹਿਜ ਨਾਲ ਅਖੰਡ ਪਾਠ ਕਰ ਲੈਂਦੇ ਹਨ।

ਅਖੰਡ ਪਾਠ ਸਾਹਿਬ ਜੀ ਦੀ ਪ੍ਰਥਾ ਨਵਾਬ ਕਪੂਰ ਸਿੰਘ ਜੀ ਦੇ ਸਮੇਂ ਤੋਂ ਸ਼ੁਰੂ ਹੋਈ, ਕਿਉਂ ਜੋ ਉਸ ਸਮੇਂ ਸਿੱਖਾਂ 'ਤੇ ਅਤਿ ਮੁਸ਼ਕਿਲ ਦਾ ਸਮਾਂ ਹੋਣ ਕਰਕੇ ਸਿੱਖ ਆਪਣੇ ਘਰ-ਘਾਟ ਛੱਡ ਕੇ ਜੰਗਲਾਂ-ਪਹਾੜਾਂ ਵਿੱਚ ਰਹਿੰਦੇ ਸਨ। ਪਰ ਗੁਰਬਾਣੀ ਨਾਲ ਪਿਆਰ ਹੋਣ ਕਰਕੇ ਗੁਰਬਾਣੀ ਦੇ ਪਾਠ ਤੋਂ ਬਿਨਾਂ ਰਹਿ ਨਹੀਂ ਸਨ ਸਕਦੇ। ਇਸ ਲਈ ਜਿੱਥੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹੋਣ ਦੀ ਸੂਹ ਮਿਲਦੀ, ਉਹ ਲੈ ਆਉਂਦੇ ਅਤੇ ਸਾਰੇ ਮਿਲ-ਬੈਠ ਕੇ ਪਾਠ ਕਰਦੇ ਤੇ ਸੁਣਦੇ। ਪਰ ਵੈਰੀ ਹਰਲ-ਹਰਲ ਕਰਦੇ ਹੋਏ ਉਨ੍ਹਾਂ ਦਾ ਪਿੱਛਾ ਕਰਦੇ ਫਿਰਦੇ ਸਨ, ਪਤਾ ਨਹੀਂ ਸੀ ਕਿ ਕਿੱਥੇ ਦੁਸ਼ਮਣ ਨਾਲ ਟਾਕਰਾ ਹੋ ਜਾਵੇ ਤੇ ਇਸ ਲੜਾਈ ਵਿੱਚ ਮਤਾਂ ਕਿਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਜਾਵੇ, ਇਸ ਨਿਰਮਲ ਭਉ ਕਾਰਨ ਉਹ ਲਗਾਤਾਰ ਪਾਠ ਕਰਦੇ ਹੋਏ ਲਗਭਗ ੪੮ ਕੁ ਘੰਟਿਆਂ ਵਿੱਚ ਭੋਗ ਪਾ ਕੇ ਸਰੂਪ ਵਾਪਸ ਸੁਰੱਖਿਅਤ ਜਗ੍ਹਾ ਤੇ ਛੱਡ ਆਉਂਦੇ। ਉਦੋਂ ਤੋਂ ਹੀ ਆਖੰਡ ਪਾਠ ਦੀ ਮਰਿਯਾਦਾ ਸ਼ੁਰੂ ਹੋ ਗਈ।

ਉਨ੍ਹਾਂ ਨੇ ਹੀ ਬੁੱਢਾ ਦਲ ਅਤੇ ਤਰੁਨਾ ਦਲ ਸਥਾਪਤ ਕੀਤੇ। ਬੁੱਢਾ ਦਲ ਵੱਲੋਂ ਗੁਰਬਾਣੀ ਪਰਚਾਰ ਹਿਤ ਅਖੰਡ ਪਾਠ ਸਾਹਿਬ ਜੀ ਦੀ ਪਰੰਪਰਾ ਸ਼ੁਰੂ ਕੀਤੀ ਗਈ। ਜਦੋਂ ਕਿ ਤਰੁਨਾ ਦਲ ਨੇ ਦੂਜੇ ਪਾਸੇ ਜੰਗੀ ਅਭਿਆਸ ਦੀ ਸਿਖਲਾਈ ਸ਼ੁਰੂ ਕੀਤੀ।

## ਪੰਥ

ਪੰਥ ਦਾ ਅਰਥ ਹੈ ਗੁਰਮਤਿ ਮਾਰਗ। ਬਹੁ ਗਿਣਤੀ ਦਾ ਨਾਮ ਪੰਥ ਨਹੀਂ। ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੱਸੇ ਹੋਏ ਮਾਰਗ 'ਤੇ ਚੱਲਦੇ ਹਨ, ਉਹ ਪੰਥ ਹੈ।

**ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੪●੬)

## ਗੁਰੂ ਪੰਥ ਖ਼ਾਲਸਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੧੬੯੯ ਈ: ਦੀ ਵਿਸਾਖੀ ਵਾਲੇ ਦਿਨ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਪੰਥ ਖ਼ਾਲਸਾ ਸਾਜਿਆ ਅਤੇ ਗੁਰੂ ਗੋਬਿੰਦ ਰਾਇ ਨੇ ਉਸ ਗੁਰੂ ਪੰਥ ਖ਼ਾਲਸਾ (ਪੰਜਾਂ ਪਿਆਰਿਆਂ) ਕੋਲੋਂ ਘੁਟਨੇ ਟੇਕ ਕੇ, ਹੱਥ ਜੋੜ ਕੇ ਅੰਮ੍ਰਿਤ ਦੀ ਦਾਤ ਦੀ ਜਾਚਨਾ ਕੀਤੀ। ਉਨ੍ਹਾਂ ਪੰਜਾਂ ਪਿਆਰਿਆਂ ਨੇ ਗੁਰੂ ਪੰਥ ਖ਼ਾਲਸਾ ਦੇ ਰੂਪ ਵਿੱਚ ਗੁਰੂ ਗੋਬਿੰਦ ਰਾਇ ਨੂੰ ਅੰਮ੍ਰਿਤ ਛਕਾਇਆ ਅਤੇ ਗੁਰੂ ਗੋਬਿੰਦ ਸਿੰਘ ਬਣਾ ਦਿੱਤਾ। ਉਸ ਦਿਨ ਤੋਂ ਗੁਰੂ ਪੰਥ ਖ਼ਾਲਸਾ ਹੋਂਦ 'ਚ ਆਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ੂਰ ਸਾਹਿਬ 'ਗ੍ਰੰਥ ਸਾਹਿਬ' ਨੂੰ ਗੁਰਿਆਈ ਬਖਸ਼ ਕੇ ਇਹ ਫ਼ਰਮਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਗੁਰਸਿੱਖ ਜੋ ਰਹਿਣੀ-ਬਹਿਣੀ ਦੇ ਪੂਰੇ ਹੋਣ ਅਥਵਾ ਜਿਨ੍ਹਾਂ ਨੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲਿਆ ਹੋਵੇ, ਉਹ ਗੁਰੂ-ਪੰਥ ਕਹਾਉਣਗੇ ਅਤੇ ਜੋ ਉਹ ਫੈਸਲਾ ਕਰਨਗੇ ਉਸ ਨੂੰ ਗੁਰਮਤਾ ਮੰਨਿਆ ਜਾਵੇਗਾ। ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ ਇੱਕ ਸਿੱਖ ਹੈ, ਦੋ ਹੋਣ ਤਾਂ ਸਾਧ-ਸੰਗਤ ਅਤੇ ਜੇਕਰ ਪੰਜ ਹੋਣ ਤਾਂ ਉੱਥੇ ਪਰਮਾਤਮਾ ਆਪ ਵਰਤਦਾ ਹੈ।

**ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥**

(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੯)

## ਮਤਾ / ਗੁਰਮਤਾ

ਜੋ ਰਾਜਸੀ ਅਤੇ ਦੁਨਿਆਵੀ ਕੰਮਾਂ ਲਈ ਸਿੱਖ ਸਭਾ ਵਿੱਚ ਫੈਸਲਾ ਕੀਤਾ ਜਾਂਦਾ ਹੈ, ਉਸ ਨੂੰ ਮਤਾ ਕਹਿੰਦੇ ਹਨ। ਗੁਰੂ-ਪੰਥ, ਸਿੱਖੀ ਸਿਧਾਂਤਾਂ ਨੂੰ ਪ੍ਰਸਾਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਅਥਵਾ ਹਜ਼ੂਰੀ 'ਚ ਜੋ ਫੈਸਲਾ ਲੈਂਦਾ ਹੈ, ਉਸ ਨੂੰ ਗੁਰਮਤਾ ਕਿਹਾ ਜਾਂਦਾ ਹੈ।

## ਹੁਕਮਨਾਮਾ

ਪਵਿੱਤਰ ਹੁਕਮ ਜਾਂ ਹਿਦਾਇਤਾਂ ਜੋ ਗੁਰੂ ਸਾਹਿਬਾਨ ਸੰਗਤ ਦੇ ਭਲੇ ਵਾਸਤੇ ਕਰਦੇ ਸਨ, ਹੁਕਮਨਾਮੇ ਕਹੇ ਜਾਂਦੇ ਹਨ। ਹੁਣ ਉਸੇ ਤਰ੍ਹਾਂ ਹੁਕਮਨਾਮੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਅਗਵਾਈ ਵਿੱਚ ਗੁਰਮਤਿ ਅਨੁਸਾਰ ਜਾਰੀ ਹੁੰਦੇ ਹਨ।

## ਜੈਕਾਰਾ- ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ

ਜੈਕਾਰੇ ਤੋਂ ਭਾਵ ਹੈ 'Truth is everlasting'। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵਕਤ ਇਹ ਜੈਕਾਰਾ ਸਿੰਘਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਵਰਤਿਆ ਜਾਂਦਾ ਸੀ, ਜਿਸ ਤੋਂ ਉਤਸ਼ਾਹਿਤ ਹੋ ਕੇ ਸਿੱਖ ਨਾਮ ਬਾਣੀ ਜਪ ਕੇ, ਵਿਸ਼ੇ-ਵਿਕਾਰਾਂ 'ਤੇ ਕਾਬੂ ਪਾ ਕੇ, ਹਉਮੈ ਨੂੰ ਮਾਰਨ ਦੀ ਕੋਸ਼ਿਸ਼ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਸੁਰਤ ਸਰੀਰ ਤੋਂ ਉੱਤੇ ਉੱਠ ਕੇ **ਸਤਿ ਸ੍ਰੀ ਅਕਾਲ**, ਜੋ ਸਦਾ ਸੱਚ (ਸਤਿ), ਸਰਬ-ਸ੍ਰੇਸ਼ਟ (ਸ੍ਰੀ), ਅਬਿਨਾਸੀ (ਅਕਾਲ), ਨਿਰਭਉ ਅਤੇ ਨਿਰਵੈਰ, ਸਰਬ-ਸ਼ਕਤੀਮਾਨ ਪ੍ਰਭੂ (ੴ) ਨਾਲ ਜੁੜ ਜਾਂਦੀ। ਸਿੱਖ ਫਿਰ ਅਕਾਲ ਪੁਰਖ ਦਾ ਹੁਕਮ ਮੰਨ ਕੇ ਕ੍ਰੋਧ ਅਤੇ ਹੰਕਾਰ 'ਤੇ ਕਾਬੂ ਪਾ ਕੇ ਜ਼ੁਲਮ ਨਾ ਕਰਦੇ ਬਲਕਿ ਧਰਮ-ਯੁੱਧ ਕਰਕੇ ਪਰਉਪਕਾਰੀ ਜੀਵ ਬਣਦੇ।

ਜੋ ਸਿੱਖ '**ਸਤਿ ਸ੍ਰੀ ਅਕਾਲ**' ਨੂੰ ਪ੍ਰੇਮ ਅਤੇ ਉਤਸ਼ਾਹ ਨਾਲ ਬੋਲੇਗਾ, ਉਹ ਨਿਹਾਲ ਹੋਵੇਗਾ ਅਤੇ ਪ੍ਰਭੂ ਦੀ ਬਖਸ਼ਸ਼ ਪ੍ਰਾਪਤ ਕਰੇਗਾ। ਅਰਦਾਸ ਦੇ ਅੰਤ ਵਿੱਚ ਵੀ ਜੈਕਾਰਾ ਗਜਾਇਆ ਜਾਂਦਾ ਹੈ।

## ਜਨਮ ਅਤੇ ਨਾਮ ਸੰਸਕਾਰ

ਸਿੱਖ ਦੇ ਘਰ ਬਾਲਕ ਦੇ ਜਨਮ ਹੋਣ ਮਗਰੋਂ ਜਦੋਂ ਮਾਤਾ ਉੱਠਣ ਅਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਗਿਣਤੀ ਕੋਈ ਮੁਕੱਰਰ ਨਹੀਂ) ਪਰਿਵਾਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਹੁਕਮ ਲਿਆ ਜਾਵੇ। ਹੁਕਮਨਾਮੇ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ। ਜੈਕਾਰੇ ਰਾਹੀਂ ਸੰਗਤ ਦੀ ਪਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ।

ਲੜਕੇ ਦੇ ਨਾਮ ਪਿੱਛੇ 'ਸਿੰਘ' ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਲਾਇਆ ਜਾਵੇ। ਉਪਰੰਤ ਅਨੰਦ ਸਾਹਿਬ (ਪਹਿਲੀਆਂ ਪੰਜ ਅਤੇ ਇੱਕ ਅੰਤਲੀ ਪਉੜੀ) ਦਾ ਪਾਠ ਕਰੇ। ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

## ਅਨੰਦ ਕਾਰਜ ਸੰਸਕਾਰ

੧. ਸਿੱਖ ਬੱਚੇ ਦਾ ਵਿਆਹ ਸਿੱਖ ਨਾਲ ਹੀ ਹੋਵੇ।

੨. ਸਿੱਖ ਬੱਚੇ-ਬੱਚੀ ਦਾ ਵਿਆਹ, ਬਿਨਾਂ ਜਾਤ-ਪਾਤ ਅਤੇ ਗੋਤ ਦੇ ਵਿਚਾਰ ਦੇ ਹੋਣਾ ਚਾਹੀਦਾ ਹੈ।

੩. ਸਿੱਖ ਦਾ ਵਿਆਹ ਅਨੰਦ ਕਾਰਜ ਰੀਤੀ ਨਾਲ ਕਰਨਾ ਚਾਹੀਦਾ ਹੈ।

੪. ਲੜਕੇ-ਲੜਕੀ ਦਾ ਵਿਆਹ ਬਚਪਨ ਵਿੱਚ ਨਹੀਂ ਕਰਨਾ ਚਾਹੀਦਾ।

੫. ਅਨੰਦ ਕਾਰਜ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਨਿਸ਼ਚਿਤ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰ-ਹਜ਼ੂਰ ਅਰਦਾਸ ਕਰਕੇ ਇੱਕ ਕਿਰਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੀ ਝੋਲੀ ਪਾ ਦੇਣ।

੬. ਅਨੰਦ ਕਾਰਜ ਦਾ ਦਿਨ ਨਿਸ਼ਚਿਤ ਕਰਨ ਲੱਗਿਆਂ ਕੋਈ ਥਿਤ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮਤ ਹੈ। ਕੋਈ ਵੀ ਦਿਨ ਦੋਨਾਂ ਧਿਰਾਂ ਨੂੰ ਆਪਸ ਵਿੱਚ ਸਲਾਹ ਕਰਕੇ ਨੀਯਤ ਕਰ ਲੈਣਾ ਚਾਹੀਦਾ ਹੈ।

੭. ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿੱਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਨਾਚ, ਸ਼ਰਾਬ ਆਦਿ ਮਨਮੱਤ ਹੈ।

੮. ਜਿਥੋਂ ਤਕ ਹੋ ਸਕੇ ਬਰਾਤ ਘੱਟ ਤੋਂ ਘੱਟ ਜਾਵੇ। ਦੋਹੀਂ ਪਾਸੀਂ ਸ਼ਬਦ ਗਾਏ ਜਾਣ ਅਤੇ 'ਫ਼ਤਹਿ' ਗਜਾਈ ਜਾਏ।

੯. ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ ਕਾਰਜ' ਪੜ੍ਹਾਉਣ ਵਾਲਾ ਸਿੱਖ ਲੜਕੇ-ਲੜਕੀ ਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰਕੇ ਅਨੰਦ ਕਾਰਜ ਦੇ ਅਰੰਭ ਦੀ ਅਰਦਾਸ ਕਰੇ। ਚੰਗਾ ਤਾਂ ਇਹੋ ਹੈ ਕਿ ਅਨੰਦ ਕਾਰਜ ਦੀ ਰਸਮ ਆਸਾ ਦੀ ਵਾਰ ਦੇ ਭੋਗ ਤੋਂ ਉਪਰੰਤ ਕਰ ਦੇਣੀ ਚਾਹੀਦੀ ਹੈ।

੧੦. ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿੱਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿੱਚ ਪ੍ਰਭੂ ਦੀ ਜੋਤ ਅਨੁਭਵ ਕਰਕੇ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦੱਸੇ ਤੇ ਇਸ ਤਰ੍ਹਾਂ ਗ੍ਰਿਹਿਸਤ ਧਰਮ ਨਿਭਾਉਂਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇੱਕ ਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਸਫ਼ਲਤਾ ਪੂਰਵਕ ਨਿਭਾਉਣ ਦਾ ਸਾਧਨ ਬਣਾਉਣਾ ਹੈ। ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮਤਿ ਅਨੁਸਾਰ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਗੁਰਮਤਿ ਅਨੁਸਾਰ ਆਪੋ-ਆਪਣੇ ਵੱਖੋ-ਵੱਖਰੇ ਗ੍ਰਿਹਿਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਲੜਕੇ ਨੂੰ ਦੱਸਿਆ ਜਾਏ ਕਿ ਇਸਤਰੀ-ਬ੍ਰਤ ਧਰਮ ਵਿੱਚ ਪੱਕੇ ਰਹਿਣਾ। ਇਸ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ ਹੈ।

ਲੜਕੀ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਨਿਰਮਲ ਭਾਉ ਵਿੱਚ ਰਹਿੰਦਿਆਂ ਹੋਇਆਂ ਆਪਣੇ ਪਤੀ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁੱਖ-ਸੁੱਖ, ਦੇਸ਼-ਪ੍ਰਦੇਸ਼ ਵਿੱਚ ਆਪਣੇ ਪਤੀਬ੍ਰਤ ਧਰਮ ਵਿੱਚ ਪੱਕੇ ਰਹਿਣਾ ਅਤੇ ਸੇਵਾ ਕਰਨੀ। ਇਹਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ। ਉਪਦੇਸ਼ ਦੀਆਂ ਗੱਲਾਂ ਪਰਵਾਨ ਕਰਦੇ ਹੋਏ ਲੜਕਾ ਤੇ ਲੜਕੀ ਦੋਵੇਂ ਸ੍ਰੀ ਗਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ।

ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਏ। ਤਾਬਿਆ ਬੈਠਾ ਸੱਜਣ, **ਸੂਹੀ ਮਹਲਾ ੪॥** ਵਿੱਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਏ। ਲੜਕੀ-ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ-ਕੰਨਿਆ ਹਰ ਇੱਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਇਸ ਤਰ੍ਹਾਂ ਚਾਰ ਲਾਵਾਂ ਲੈਣ ਉਪਰੰਤ ਉਹ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਾਰਜ ਕਰਵਾਉਣ ਵਾਲਾ ਅਨੰਦ ਸਾਹਿਬ (ਪਹਿਲੀਆਂ ਪੰਜ ਅਤੇ ਇੱਕ ਅੰਤਲੀ ਪਉੜੀ) ਦਾ ਪਾਠ ਕਰੇ। ਫਿਰ ਅਨੰਦ ਕਾਰਜ ਦੀ ਸਮਾਪਤੀ ਦੀ ਅਰਦਾਸ ਕੀਤੀ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ। ਗੁਰਮਤਿ ਅਨੁਸਾਰ ਇਹ ਰਸਮ ਆਸਾ ਦੀ ਵਾਰ ਤੋਂ ਉਪਰੰਤ ਹੋਣੀ ਚਾਹੀਦੀ ਹੈ ਜਿਸ ਨਾਲ ਵਾਹਿਗੁਰੂ ਅਕਾਲ ਪੁਰਖ ਦੀ ਬਖਸ਼ਸ਼ ਹੁੰਦੀ ਹੈ।

੧੧. ਲੜਕੇ ਜਾਂ ਲੜਕੀ ਦਾ ਰਿਸ਼ਤਾ ਪੈਸਾ ਲੈ ਕੇ ਨਾ ਕੀਤਾ ਜਾਵੇ।

੧੨. ਜੇ ਲੜਕੀ ਦੇ ਮਾਪੇ ਕਦੇ ਸਬੱਬ ਨਾਲ ਉਸ ਦੇ ਸਹੁਰੇ ਘਰ ਜਾਣ ਤੇ ਉੱਥੇ ਪ੍ਰਸ਼ਾਦਿ ਆਦਿਕ ਖਾਣ ਤੋਂ ਸੰਕੋਚ ਨਹੀਂ ਕਰਨਾ।

੧੩. ਜੇ ਪਤੀ ਕਾਲ-ਵਸ ਹੋ ਜਾਵੇ ਤਾਂ ਉਹ ਇਸਤਰੀ ਚਾਹੇ ਤਾਂ ਦੁਬਾਰਾ ਸੰਜੋਗ ਕਰ ਲਵੇ। ਇਸੇ ਤਰ੍ਹਾਂ ਜੇ ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਹ ਵੀ ਚਾਹੇ ਤਾਂ ਦੁਬਾਰਾ ਵਿਆਹ ਕਰ ਸਕਦਾ ਹੈ।

੧੪. ਪੁਨਰ-ਵਿਆਹ ਦੀ ਵੀ ਉਹ ਰੀਤ ਹੈ, ਜੋ ਅਨੰਦ ਕਾਰਜ ਲਈ ਉੱਪਰ ਦੱਸੀ ਗਈ ਹੈ।

੧੫. ਸਿੱਖ ਨੂੰ ਇੱਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।

੧੬. ਜੇ ਲੜਕੇ ਲੜਕੀ ਨੇ ਅੰਮ੍ਰਿਤ ਨਹੀਂ ਛਕਿਆ ਤਾਂ ਉਹਨਾਂ ਨੂੰ ਅੰਮ੍ਰਿਤ ਛਕਣ ਵਾਸਤੇ ਉਪਦੇਸ਼ ਕੀਤਾ ਜਾਵੇ।

## ਮਿਰਤਕ ਸੰਸਕਾਰ

੧. ਪ੍ਰਾਣੀ ਦੇ ਦੇਹ ਤਿਆਗਣ 'ਤੇ ਰੋਣਾ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ। ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿੱਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਸਿਮਰਨ ਕਰਨਾ ਚਾਹੀਦਾ ਹੈ।

੨. ਦੀਵਾ-ਵੱਟੀ, ਗਊ ਮਨਸਾਉਣਾ ਜਾਂ ਹੋਰ ਕੋਈ ਮਨਮੱਤ ਸੰਸਕਾਰ ਨਹੀਂ ਕਰਨਾ। ਅੱਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ-ਮਰਨਾ ਆਦਿ ਕਰਨਾ ਮਨਮੱਤ ਹੈ।

੩. ਛੋਟੀ ਤੋਂ ਛੋਟੀ ਉਮਰ ਦੇ ਪ੍ਰਾਣੀ ਦਾ ਵੀ ਸਸਕਾਰ ਕਰਨਾ ਚਾਹੀਦਾ ਹੈ।

੪. ਸਸਕਾਰ ਕਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

੫. ਮਿਰਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਬਸਤਰ ਪਾਏ ਜਾਣ ਅਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖ਼ਤੇ ਉੱਤੇ ਪਾ ਕੇ ਚਲਾਣੇ ਦੀ ਅਰਦਾਸ ਕੀਤੀ ਜਾਵੇ। ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਂਦਿਆਂ ਹੋਇਆਂ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ ਤਾਂ ਕਿ ਜੋ ਪ੍ਰਾਣੀ ਮਿਰਤਕ ਸਰੀਰ ਨਾਲ ਜਾ ਰਹੇ ਹੋਣ, ਉਨ੍ਹਾਂ ਦਾ ਮਨ ਇਸ ਸੋਗਮਈ ਸਮੇਂ ਵਿੱਚ ਦੁਨਿਆਵੀ ਮੋਹ ਨਾਲੋਂ ਟੁੱਟ ਕੇ ਵਾਹਿਗੁਰੂ ਨਾਲ ਲੱਗੇ। ਉਹ ਸਮਝਣ ਕਿ ਅਸੀਂ ਵੀ ਇੱਕ ਦਿਨ ਇਸ ਸੰਸਾਰ ਤੋਂ ਜਾਣਾ ਹੈ। ਇਸ ਲਈ ਨਾਮ ਬਾਣੀ ਸਿਮਰਨ ਕਰਕੇ ਆਪਣਾ ਜੀਵਨ ਸਫ਼ਲ ਕਰੀਏ। ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅੰਗੀਠੇ ਉੱਤੇ ਰੱਖ ਕੇ ਅਰਦਾਸ ਕੀਤੀ ਜਾਵੇ, ਉਪਰੰਤ ਅਗਨੀ ਲਾ ਦਿੱਤੀ ਜਾਵੇ। ਸੰਗਤ ਕੁਝ ਵਿੱਥ 'ਤੇ ਬਹਿ ਕੇ ਵੈਰਾਗਮਈ ਸ਼ਬਦਾਂ ਦਾ ਕੀਰਤਨ ਕਰੇ, ਤਾਂ ਜੋ ਉਨ੍ਹਾਂ ਦਾ ਮਨ ਸੋਗਮਈ ਬਿਰਤੀ ਤੋਂ ਹਟ ਕੇ ਪ੍ਰਭੂ ਰਜ਼ਾ ਵਿੱਚ ਜੁੜੇ। ਜਦੋਂ ਅੰਗੀਠਾ ਪੂਰੀ ਤਰ੍ਹਾਂ ਬਲ ਉੱਠੇ ਤਾਂ ਸੋਹਿਲਾ ਸਾਹਿਬ ਦਾ ਪਾਠ ਉਪਰੰਤ ਅਰਦਾਸ ਕਰਕੇ ਫਿਰ ਸੰਗਤ ਮੁੜ ਜਾਵੇ।

ਘਰ ਜਾਂ ਲਾਗੇ ਦੇ ਕਿਸੇ ਗੁਰਦੁਆਰੇ ਵਿੱਚ ਪ੍ਰਾਣੀ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ। ਪਾਠ ਦੀ ਸਮਾਪਤੀ ਦੇ ਭੋਗ ਦਾ ਦਿਨ ਸੰਬੰਧੀਆਂ ਦੀ ਸਹੂਲੀਅਤ ਨੂੰ ਮੁੱਖ ਰੱਖ ਕੇ ਨਿਯਤ ਕੀਤਾ ਜਾਏ। ਪਾਠ ਕਰਨ ਵਿੱਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਵੀ ਹੋਵੇ। ਪਾਠ ਦੇ ਭੋਗ ਉਪਰੰਤ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

ਮਿਰਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਣ 'ਤੇ ਦੇਹ ਦੀ ਸਾਰੀ ਭਸਮ ਅਸਥੀਆਂ ਸਮੇਤ ਇਕੱਠੀ ਕਰਕੇ ਨਜ਼ਦੀਕ ਹੀ ਵਹਿੰਦੇ ਦਰਿਆ ਜਾਂ ਨਦੀ ਵਿੱਚ ਜਲ ਪ੍ਰਵਾਹ ਕਰ ਦਿੱਤੀ ਜਾਵੇ।